ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 No. 449 June 5, 2024 E-mail : info@pardestimes.com Ph 510-938-7771

## ਪੰਜਾਬ ਵਿਚ 7 ਸੀਟਾਂ ਕਾਂਗਰਸ, 3 ਆਪ, 1 ਅਕਾਲੀ ਦਲ ਅਤੇ 2 ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ



ਜਲੰਧਰ- ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ 328 ਉਮੀਦਵਾਰਾਂ ਨੇ ਕਿਸਮਤ ਅਜਮਾਈ। 1 ਜੂਨ ਨੂੰ ਹੋਈਆਂ ਚੋਣਾਂ ਤੋਂ ਤੁਰੰਤ ਬਾਅਦ ਐਗਜ਼ਿਟ ਪੋਲ ਦੇ ਨਤੀਜਿਆਂ ਨੇ ਸਾਫ਼ ਦਿਖਾਇਆ ਹੈ ਕਿ 'ਆਪ', ਕਾਂਗਰਸ ਅਤੇ ਭਾਜਪਾ ਵਿਚਾਲੇ ਮੁਕਾਬਲਾ ਸਖ਼ਤ ਹੈ। ਹਾਲਾਂਕਿ ਐਗਜ਼ਿਟ ਪੋਲ ਨੇ ਮਿਲੇ-ਜੁਲੇ ਨਤੀਜੇ ਦਿਖਾਏ। ਪੰਜਾਬ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਵੋਟ ਪ੍ਰਤੀਸਤ ਤਾਂ ਲਗਭਗ ਨੇੜੇ-ਨੇੜੇ ਰਿਹਾ ਪਰ ਸੀਟਾਂ ਦਾ ਫਰਕ ਕਾਫੀ ਪੈ ਗਿਆ।

ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਬਿੱਟੂ ਚਾਹੇ ਲੁਧਿਆਣਾ ਜ਼ਿਲ੍ਹੇ ਦੇ ਸ਼ਹਿਰੀ ਹਲਕਿਆਂ ’ਚੋਂ ਜਿੱਤੇ ਪਰ ਲੁਧਿਆਣਾ ਦਿਹਾਤੀ ਦੇ ਤਿੰਨੇ ਵਿਧਾਨ ਸਭਾ ਹਲਕਿਆਂ ਵਿਚ ਉਹ ਪੱਛੜੇ। ਇਸ ਦਾ ਮੁੱਖ ਕਾਰਨ ਜਿੱਥੇ ਦਿਹਾਤੀ ਇਲਾਕੇ ਵਿਚ ਉਨ੍ਹਾਂ ਦਾ ਵਿਰੋਧ ਰਿਹਾ, ਉਥੇ ਉਨ੍ਹਾਂ ਵੱਲੋਂ ਦਿਹਾਤੀ ਇਲਾਕੇ ਵਿਚ ਲੁਧਿਆਣਾ ਸ਼ਹਿਰੀ ਵਾਂਗ ਸਮਾਂ ਨਾ ਦਿੱਤਾ ਜਾਣਾ ਵੀ ਪ੍ਰਮੁੱਖ ਮੰਨਿਆ ਜਾ ਰਿਹਾ ਹੈ।

ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਮੈਂਬਰ ਪਾਰਲੀਮੈਂਟ ਬਣਾਉਣ ‘ਚ ਇਕ ਵਾਰ ਫਿਰ ਸ਼ਾਹਕੋਟ ਹਲਕੇ ਨੇ ਵੱਡੀ ਭੂਮਿਕਾ ਨਿਭਾਈ ਹੈ। ਇਸ ਤੋਂ ਪਹਿਲਾਂ 2019 ’ਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਅਗਵਾਈ ਹੇਠ ਚੌਧਰੀ ਸੰਤੋਖ ਸਿੰਘ ਨੂੰ 19 ਹਜ਼ਾਰ ਤੋਂ ਵੱਧ ਦੀ ਲੀਡ ਦਿਵਾ ਕੇ ਕਾਂਗਰਸੀ ਵਰਕਰਾਂ ਨੇ ਸੰਸਦ ਦੀਆਂ ਪੌੜੀਆਂ ਚੜ੍ਹਾਇਆ ਸੀ।

ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਫਸਵੇਂ ਮੁਕਾਬਲੇ ਮਗਰੋਂ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਚੋਣ ਜਿੱਤ ਗਏ ਹਨ। ਉਹ ਆਪਣੇ ਕਰੀਬੀ ਉਮੀਦਵਾਰ ਆਮ ਆਦਮੀ ਪਾਰਟੀ ਦੇ ਜਗਦੀਪ ਸਿੰਘ ਕਾਕਾ ਬਰਾੜ ਨੂੰ ਮਹਿਜ਼ 3242 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਤੀਜੀ ਵਾਰ ਮੈਂਬਰ ਪਾਰਲੀਮੈਂਟ ਬਣ ਗਏ ਹਨ। ਚਹੁਮੁਖੀ ਮੁਕਾਬਲੇ ਵਿਚ ਇਸ ਕਦਰ ਫਸਵੀਂ ਟੱਕਰ ਸੀ ਕਿ ਹਰ ਪਾਰਟੀ ਦਾ ਉਮੀਦਵਾਰ ਕਈ ਵਾਰ ਪਹਿਲੀ-ਦੂਜੀ ਪੁਜ਼ੀਸ਼ਨ 'ਤੇ ਰਿਹਾ।

# ਬਹੁਮਤ ਦੇ ਅੰਕੜੇ ਤੋਂ ਪਿਛੜੀ ਭਾਜਪਾ, ਪਰ ਐਨ. ਡੀ. ਏ. ਗੱਠਜੋੜ ਜਿੱਤਿਆ

### ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਨੂੰ 292 ਅਤੇ ਕਾਂਗਰਸ ਦੀ ਅਗਵਾਈ ਵਾਲੇ ਇੰਡੀ ਅਲਾਇੰਸ ਨੂੰ 234 ਸੀਟਾਂ ਮਿਲੀਆਂ





ਨਵੀਂ ਦਿੱਲੀ- ਭਾਰਤ ਵਿਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਇਸ ਵਾਰ ਭਾਰਤੀ ਜਨਤਾ ਪਾਰਟੀ ਆਪਣ ਦਮ ਉਤੇ ਬਹੁਮਤ ਹਾਸਲ ਨਹੀਂ ਕਰ ਸਕੀ ਅਤੇ ਉਹ 234 ਦੇ ਕਰੀਬ ਰਹਿ ਗਈ ਪਰ ਉਸ ਦੀ ਅਗਵਾਈ ਵਾਲਾ ਗੱਠਜੋੜ ਐਨ. ਡੀ. ਏ. ਉਸ ਦੀ ਬੇੜੀ ਪਾਰ ਲਗਾਉਣ ਵਿਚ ਕਾਮਯਾਬ ਰਿਹਾ ਅਤੇ ਕੁੱਲ 292 ਸੀਟਾਂ ਜਿੱਤ ਕੇ ਬਹੁਮਤ ਦਾ ਅੰਕੜਾ ਪਾਰ ਕਰ ਗਿਆ। ਦੂਜੇ ਪਾਸੇ ਕਾਂਗਰਸ ਨੇ ਇਸ ਵਾਰ ਕਾਫੀ ਚੰਗਾ ਪ੍ਰਦਰਸ਼ਨ ਦਿਖਾਇਆ ਅਤੇ ਆਪਣੇ ਦਮ ਤੇ 100 ਦੇ ਕਰੀਬ ਸੀਟਾਂ ਹਾਸਲ ਕਰ ਗਈ, ਜਦਕਿ ਉਸ ਦੀ ਅਗਵਾਈ ਵਾਲੇ ਗੱਠਜੋੜ ਨੇ ਜ਼ਿਆਦਾ ਤਾਕਤ ਦਿਖਾਈ ਅਤੇ ਇੰਡੀ ਗੱਠਜੋੜ 235 ਦੇ ਅੰਕੜੇ ਤੇ ਪਹੁੰਚ ਗਿਆ।

ਭਾਜਪਾ ਨੂੰ ਇਸ ਵਾਰ ਉਤਰ ਪ੍ਰਦੇਸ਼ ਵਿਚ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਦਕਿ ਕਰਨਾਟਕ ਵਿਚ ਭਾਜਪਾ ਦੁਬਾਰਾ ਆਪਣੀ ਗੁਆਚੀ ਸਿਆਸੀ ਜ਼ਮੀਨ ਹਾਸਲ ਕਰਦੀ ਦਿੱਸੀ। ਬੰਗਾਲ ਵਿਚ ਭਾਜਪਾ ਦੀਆਂ ਸੀਟਾਂ ਘਟ ਗਈਆਂ ਅਤੇ ਮਮਤਾ ਬੈਨਰਜੀ ਦੀਆਂ ਵੱਧ ਗਈਆਂ। ਰਾਜਸਥਾਨ ਵਿਚ ਵੀ ਭਾਜਪਾ ਨੂੰ ਇਸ ਵਾਰ ਕਈ ਸੀਟਾਂ ਗੁਆਉਣੀਆਂ ਪਈਆਂ ਅਤੇ ਪੰਜਾਬ ਵਿਚ ਭਾਜਪਾ ਦਾ ਖਾਤਾ ਹੀ ਨਹੀਂ ਖੁੱਲ੍ਹ ਸਕਿਆ।

ਕਾਂਗਰਸ ਦੀ ਅਗਵਾਈ ਵਾਲਾ ‘ਇੰਡੀਆ’ ਗੱਠਜੋੜ 231 ਸੀਟਾਂ ’ਤੇ ਚੜ੍ਹਤ ਬਣਾ ਕੇ ਮਜ਼ਬੂਤ ਤਾਕਤ ਵਜੋਂ ਉਭਰਿਆ ਹੈ। ਗੱਠਜੋੜ ਨੇ ਐਗਜ਼ਿਟ ਪੋਲ ਦੇ ਅਨੁਮਾਨਾਂ ਨੂੰ ਗ਼ਲਤ ਸਾਬਤ ਕਰਦਿਆਂ ਯੂਪੀ, ਮਹਾਰਾਸ਼ਟਰ, ਰਾਜਸਥਾਨ, ਹਰਿਆਣਾ ਤੇ ਕਰਨਾਟਕ ’ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਦੌਰਾਨ ਉੜੀਸਾ ਵਿਚ ਭਾਜਪਾ ਨੇ 147 ਮੈਂਬਰੀ ਅਸੈਂਬਲੀ ਵਿਚ 78 ਸੀਟਾਂ ਜਿੱਤ ਕੇ ਨਵੀਨ ਪਟਨਾਇਕ ਦਾ ਲਗਾਤਾਰ ਛੇਵੀਂ ਵਾਰ ਸਰਕਾਰ ਬਣਾਉਣ ਦਾ ਸੁਫ਼ਨਾ ਤੋੜ ਦਿੱਤਾ। ਬੀਜੇਡੀ ਨੂੰ 51 , ਕਾਂਗਰਸ ਨੂੰ 14 ਤੇ ਹੋਰਾਂ ਨੂੰ 4 ਸੀਟਾਂ ਮਿਲੀਆਂ। ਉਧਰ ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ’ਚ ਤੇਲਗੂ ਦੇਸਮ ਪਾਰਟੀ (ਟੀਡੀਪੀ), ਉਸ ਦੇ ਭਾਈਵਾਲ ਜਨਸੈਨਾ ਅਤੇ ਭਾਜਪਾ ਨੇ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ। ਸੂਬੇ ਦੀਆਂ 175 ਸੀਟਾਂ ’ਚੋਂ ਐਨਡੀਏ ਗੱਠਜੋੜ ਨੇ 156 ਸੀਟਾਂ ਜਿੱਤੀਆਂ ਹਨ। ਭਾਜਪਾ ਕੇਰਲਾ ਵਿਚ ਵੀ ਖਾਤਾ ਖੋਲ੍ਹਣ ਵਿਚ ਸਫ਼ਲ ਰਹੀ ਹੈ। ਕਾਂਗਰਸ ਨੇ ਨਸਲੀ ਹਿੰਸਾ ਦੇ ਝੰਬੇ ਮਨੀਪੁਰ ਦੀਆਂ ਦੋਵੇਂ ਲੋਕ ਸਭਾ ਸੀਟਾਂ ਜਿੱਤ ਲਈਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ 7, ਸੱਤਾਧਾਰੀ ‘ਆਪ’ 3, ਸ਼੍ਰੋਮਣੀ ਅਕਾਲੀ ਦਲ ਇਕ ਤੇ ਦੋ ਸੀਟਾਂ ’ਤੇ ਆਜ਼ਾਦ ਉਮੀਦਵਾਰ ਜੇਤੂ ਰਹੇ। ਭਾਜਪਾ ਨੇ ਸਾਰੀਆਂ ਸੀਟਾਂ ’ਤੇ ਉਮੀਦਵਾਰ ਖੜ੍ਹੇ ਕੀਤੇ ਸਨ ਪਰ ਪਾਰਟੀ ਇਕ ਵੀ ਸੀਟ ਜਿੱਤਣ ਵਿਚ ਨਾਕਾਮ ਰਹੀ। ਉਧਰ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੀ ਇਕ ਸੀਟ ਕਾਂਗਰਸ ਤੇ ਆਪ ਦੇ ਸਾਂਝੇ ਉਮੀਦਵਾਰ ਮਨੀਸ਼ ਤਿਵਾੜੀ ਦੀ ਝੋਲੀ ਪਈ। ਤਿਵਾੜੀ ਨੇ ਭਾਜਪਾ ਦੇ ਸੰਜੇ ਟੰਡਨ ਨੂੰ 2504 ਵੋਟਾਂ ਦੇ ਫ਼ਰਕ ਨਾਲ ਹਰਾਇਆ। ਭਾਜਪਾ ਨੂੰ ਕੇਂਦਰ ਵਿਚ ਸਰਕਾਰ ਬਣਾਉਣ ਲਈ ਐਨਡੀਏ ਗੱਠਜੋੜ ਵਿਚ ਆਪਣੇ ਭਾਈਵਾਲਾਂ- ਟੀਡੀਪੀ ਦੇ ਚੰਦਰਬਾਬੂ ਨਾਇਡੂ, ਜੇਡੀਯੂ ਦੇ ਨਿਤੀਸ਼ ਕੁਮਾਰ ਤੇ ਹੋਰਨਾਂ ’ਤੇ ਟੇਕ ਰੱਖਣੀ ਹੋਵੇਗੀ, ਜੋ ਇਸ ਵੇਲੇ ਕਿੰਗਮੇਕਰ ਦੀ ਭੂਮਿਕਾ ਵਿਚ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਫੋਨ ਕਰਕੇ ਨਾਇਡੂ ਤੇ ਕੁਮਾਰ ਸਣੇ ਹੋਰਨਾਂ ਭਾਈਵਾਲਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਐਨਡੀਏ ਤੇ ਇੰਡੀਆ ਗੱਠਜੋੜਾਂ ਨੇ ਕੱਲ ਨੂੰ ਦਿੱਲੀ ਵਿਚ ਆਪੋ-ਆਪਣੇ ਭਾਈਵਾਲਾਂ ਦੀ ਬੈਠਕ ਸੱਦ ਲਈ ਹੈ। ਅਧਿਕਾਰਤ ਅੰਕੜਿਆਂ ਮੁਤਾਬਕ ਭਾਜਪਾ 238 ਸੀਟਾਂ ’ਤੇ ਜਿੱਤ ਦਰਜ ਕਰ ਚੁੱਕੀ ਸੀ ਤੇ ਜਦੋਂਕਿ ਤਿੰਨ ਸੀਟਾਂ ’ਤੇ ਉਸ ਦੇ ਉਮੀਦਵਾਰ ਅੱਗੇ ਸਨ। ਭਾਜਪਾ ਕੁੱਲ ਮਿਲਾ ਕੇ 240 ਸੀਟਾਂ ’ਤੇ ਜਿੱਤ ਗਈ ਭਾਜਪਾ 543 ਮੈਂਬਰੀ ਲੋਕ ਸਭਾ ਵਿਚ ਬਹੁਮੱਤ ਲਈ ਲੋੜੀਂਦੇ 272 ਦੇ ਜਾਦੂਈ ਅੰਕੜੇ ਤੋਂ ਪਿੱਛੇ ਹੈ। ਉਧਰ, ਦੂਜੇ ਪਾਸੇ

(ਬਾਕੀ ਸਫਾ 9 ‘ਤੇ ਦੇਖੋ)

Padam Builders Inc.

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



Bhupinder Singh Padam

email: padambuilders@gmail.com
Licensed # 1019803

CELL 510-565-6667

3143 ARDEN ROAD, HAYWARD CA- 94545



Turning 65 Years Old?

If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann
Licensed Insurance Agent
CA License No. 0C70672

(510) 487-1000 TTY:711

MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,
408-835-0202 (Cell)

Budwal and Associates
329 Piercy Road, San Jose, CA 95138

8350202@gmail.com

# ਗਰਮੀ ਨੇ ਪੰਜਾਬ ਨੂੰ ਕੀਤਾ ਬੇਹਾਲ

ਪੰਜਾਬ ਸਣੇ ਉੱਤਰੀ ਤੇ ਮੱਧ ਭਾਰਤ ਵਿਚ ਪੈ ਰਹੀ ਭਿਆਨਕ ਗਰਮੀ ਤੇ ਲੂ ਲੋਕਾਂ ਲਈ ਜਾਨਲੇਵਾ ਸਾਬਿਤ ਹੋ ਰਹੀ ਹੈ। ਪਾਰਾ 50 ਡਿਗਰੀ ਸੈਲਸੀਅਸ ਦੇ ਆਸਪਾਸ ਚੱਲ ਰਿਹਾ ਹੈ। ਮਈ ਮਹੀਨੇ ਦੇ ਆਖ਼ਰੀ ਹਫ਼ਤੇ ਵਿਚ ਪੈ ਰਹੀ ਇਸ ਗਰਮੀ ਤੋਂ ਹਾਲੇ ਇਕ-ਦੋ ਦਿਨ ਹੋਰ ਰਾਹਤ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਦੌਰਾਨ ਲੂ ਲੱਗਣ ਨਾਲ ਤਾਂ ਜਾਨਾਂ ਜਾ ਹੀ ਰਹੀਆਂ ਹਨ, ਨਾਲ ਦੀ ਨਾਲ ਵੱਡੀ ਗਿਣਤੀ 'ਚ ਲੋਕ ਬਿਮਾਰ ਵੀ ਹੋ ਰਹੇ ਹਨ।

ਇਸ ਤੋਂ ਬਚਾਅ ਲਈ ਕੀਤੇ ਜਾ ਰਹੇ ਕਈ ਤਰ੍ਹਾਂ ਦੇ ਉਪਰਾਲੇ ਵੀ ਘਾਤਕ ਸਿੱਧ ਹੋ ਰਹੇ ਹਨ। ਅੱਤ ਦੀ ਗਰਮੀ ਵਿਚ ਕੰਮ ਕਰਨਾ ਮੁਹਾਲ ਹੋਇਆ ਪਿਆ ਹੈ ਅਤੇ ਮਨੁੱਖੀ ਉਤਪਾਦਕਤਾ ਘਟ ਚੁੱਕੀ ਹੈ। ਹਾਲਾਂਕਿ ਦਿੱਲੀ ਸਣੇ ਕਈ ਥਾਵਾਂ 'ਤੇ ਮਜ਼ਦੂਰਾਂ ਨੂੰ ਰਾਹਤ ਦੇਣ ਲਈ ਉਨ੍ਹਾਂ ਦੇ ਕੰਮ ਦੇ ਘੰਟੇ ਘਟਾ ਦਿੱਤੇ ਗਏ ਹਨ। ਗਰਮੀ ਤੋਂ ਬਚਣ ਲਈ ਲੋਕ ਆਪੋ-ਆਪਣੇ ਤਰੀਕੇ ਨਾਲ ਕਦਮ ਚੁੱਕ ਰਹੇ ਹਨ ਜਿਨ੍ਹਾਂ ਵਿਚ ਤਾਲਾਬਾਂ, ਨਹਿਰਾਂ, ਦਰਿਆਵਾਂ ਵਿਚ ਨਹਾਉਣਾ ਵੀ ਸ਼ਾਮਲ ਹੈ। ਪਰ ਇਹ ਤਰੀਕਾ ਇੰਨਾ ਅਣ-ਸੁਰੱਖਿਅਤ ਹੈ ਕਿ ਲੋਕਾਂ ਦੀ ਜਾਨ ਦਾ ਖੌਅ ਬਣ ਚੁੱਕਾ ਹੈ।



ਹਰ ਰੋਜ਼ ਇਨ੍ਹਾਂ ਥਾਵਾਂ 'ਤੇ ਨਹਾਉਣ ਗਏ ਲੋਕਾਂ ਵਿੱਚੋਂ ਕਈ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਮੰਗਲਵਾਰ ਨੂੰ ਜਲੰਧਰ ਵਿਚ ਇਕ ਬੱਚੇ ਦੀ ਸਵਿਮਿੰਗ ਪੂਲ ਵਿਚ ਡੁੱਬਣ ਕਾਰਨ ਮੌਤ ਹੋ ਗਈ। ਬੁੱਧਵਾਰ ਨੂੰ ਫਿਰ ਬਠਿੰਡਾ ਵਿਚ ਇਕ 12 ਸਾਲਾ ਬੱਚਾ ਸਰਹਿੰਦ ਨਹਿਰ ਵਿਚ ਨਹਾਉਣ ਗਿਆ ਰੁੜ੍ਹ ਗਿਆ। ਇਸੇ ਤਰ੍ਹਾਂ ਇਕ ਹੋਰ ਬੱਚੇ ਦੀ ਸਵਿਮਿੰਗ ਪੂਲ ਵਿਚ ਡੁੱਬਣ ਕਾਰਨ ਮੌਤ ਹੋ ਗਈ। ਅਜਿਹਾ ਨਹੀਂ ਹੈ ਕਿ ਏਦਾਂ ਪਹਿਲੀ ਵਾਰ ਹੋਇਆ ਹੋਵੇ, ਇਸ ਤੋਂ ਪਹਿਲਾਂ ਵੀ ਪੰਜਾਬ ਦੇ ਕਈ ਹਿੱਸਿਆਂ ਵਿੱਚੋਂ ਅਜਿਹੀਆਂ ਖ਼ਬਰਾਂ ਆ ਚੁੱਕੀਆਂ ਹਨ।

ਕੁਝ ਦਿਨ ਪਹਿਲਾਂ ਨੰਗਲ ਵਿਚ ਦੋ ਅੱਲ੍ਹੜ ਨੌਜਵਾਨ ਸਤਲੁਜ ਦਰਿਆ ਵਿਚ ਨਹਾਉਣ ਗਏ ਡੁੱਬ ਗਏ ਸਨ। ਇਸੇ ਤਰ੍ਹਾਂ ਦੀ ਇਕ ਘਟਨਾ ਗੁਰਦਾਸਪੁਰ ਦੇ ਭੋਆ ਦੀ ਹੈ ਜਿੱਥੇ ਦੋ ਅੱਲ੍ਹੜਾਂ ਦੀ ਮੌਤ ਹੋ ਗਈ ਸੀ। ਇਹ ਮੰਦਭਾਗੀਆਂ ਘਟਨਾਵਾਂ ਇਸ ਲਈ ਵੀ ਵਾਪਰ ਰਹੀਆਂ ਹਨ ਕਿਉਂਕਿ ਗਰਮੀ ਤੋਂ ਬਚਾਅ ਦੇ ਕੋਈ ਵਿਆਪਕ ਪ੍ਰਬੰਧ ਨਹੀਂ ਹਨ। ਇਸ ਲਈ ਲੋਕਾਂ ਕੋਲ ਜੋ ਹਾਸਲ ਸਾਧਨ ਹਨ, ਉਨ੍ਹਾਂ ਦਾ ਹੀ ਇਸਤੇਮਾਲ ਕਰਨ ਦੀ ਕੋਸ਼ਿਸ਼ ਦੇ ਚੱਕਰ ਵਿਚ ਜਾਨਾਂ ਜਾ ਰਹੀਆਂ ਹਨ। ਇਸ ਵਿਚ ਅਹਿਮ ਗੱਲ ਇਹ ਹੈ ਕਿ ਅਜਿਹੀਆਂ ਦੁਰਘਟਨਾਵਾਂ ਦੇ ਸ਼ਿਕਾਰ ਜ਼ਿਆਦਾਤਰ ਜਾਂ ਤਾਂ ਅੱਲ੍ਹੜ ਹੋ ਰਹੇ ਹਨ ਜਾਂ ਫਿਰ ਬੱਚੇ। ਪੰਜਾਬ ਦੇ ਵੱਡੇ ਦਰਿਆਈ ਜਾਂ ਨਹਿਰੀ ਢਾਂਚੇ ਨੂੰ ਲੈ ਕੇ ਸੁਰੱਖਿਆ ਦੇ ਪ੍ਰਬੰਧ ਕਰਨੇ ਮੁਸ਼ਕਲ ਕੰਮ ਹੈ।

ਅਜਿਹੇ ਵਿਚ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਮਾਪੇ ਚੌਕਸ ਹੋਣ ਤੇ ਆਪਣੇ ਬੱਚਿਆਂ 'ਤੇ ਪੂਰੀ ਨਿਗਰਾਨੀ ਰੱਖਣ। ਉਨ੍ਹਾਂ ਨੂੰ ਅਜਿਹੀਆਂ ਥਾਵਾਂ 'ਤੇ ਜਾਣ ਤੋਂ ਰੋਕਣ ਜਿੱਥੇ ਕੋਈ ਸੰਭਾਵੀ ਖ਼ਤਰਾ ਹੋ ਸਕਦਾ ਹੈ। ਫਿਰ ਸਮਾਜਿਕ ਪੱਧਰ 'ਤੇ ਵੀ ਅਜਿਹੇ ਢੁੱਕਵੇਂ ਯਤਨ ਹੋਣੇ ਚਾਹੀਦੇ ਹਨ ਜਿਨ੍ਹਾਂ ਸਦਕਾ ਅਜਿਹੀਆਂ ਦੁਰਘਟਨਾਵਾਂ ਤੋਂ ਬਚਾਅ ਹੋ ਸਕੇ। ਉਨ੍ਹਾਂ ਥਾਵਾਂ ਦੀ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ ਜਿੱਥੇ ਜ਼ਿਆਦਾ ਲੋਕ ਸ਼ਿਕਾਰ ਬਣਦੇ ਹਨ।

ਅਜਿਹੀਆਂ ਥਾਵਾਂ 'ਤੇ ਨਾ ਸਿਰਫ਼ ਚਿਤਾਵਨੀ ਬੋਰਡ ਲੱਗਣੇ ਚਾਹੀਦੇ ਹਨ ਬਲਕਿ ਨਿਗਰਾਨੀ ਤੰਤਰ ਨੂੰ ਵੀ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਜਨਤਕ ਪੂਲਾਂ 'ਤੇ ਦੁਰਘਟਨਾਵਾਂ ਨੂੰ ਰੋਕਣ ਲਈ ਸਰਕਾਰੀ ਮਸ਼ੀਨਰੀ ਨੂੰ ਚੌਕਸ ਹੋਣਾ ਪਵੇਗਾ ਕਿਉਂਕਿ ਉੱਥੇ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਅਤੇ ਨਿਗਰਾਨੀ ਤੰਤਰ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਉੱਥੇ ਦੁਰਘਟਨਾਵਾਂ ਰੁਕ ਸਕਦੀਆਂ ਹਨ। ਅਜਿਹੇ ਕਦਮ ਚੁੱਕ ਕੇ ਹੀ ਪੰਜਾਬ ਵਿਚ ਇਨ੍ਹੀਂ ਦਿਨੀਂ ਹੋ ਰਹੇ ਜਾਨੀ ਅਤੇ ਮਾਲੀ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ।

# ਪੰਜਾਬ ਨੂੰ ਚਾਹੀਦਾ ਹੈ ਚੰਗੀ ਨੀਅਤ ਅਤੇ ਨੀਤੀ ਵਾਲਾ ਨੇਤਾ

ਇਕਬਾਲ ਸਿੰਘ ਲਾਲਪੁਰਾ

ਕਿਸੇ ਵੀ ਸਮਾਜ ਵਿਚ ਪਿੰਡ ਪੱਧਰ ਤੋਂ ਪਾਰਲੀਮੈਂਟ ਤੱਕ ਦੀਆਂ ਚੋਣਾਂ ਜਿੱਤਣ ਤੇ ਸਮਾਜ ਵਿਚ ਬਦਲਾਅ ਲਿਆਉਣ ਲਈ ਨੀਤੀ ਬਣਾਉਣ ਦੀ ਲੋੜ ਹੁੰਦੀ ਹੈ। ਸਭ ਤੋਂ ਪਹਿਲਾ ਤਾਂ ਕੰਮ ਖ਼ੁਦ ਫ਼ੈਸਲੇ ਕਰਨ ਦਾ ਹੁੰਦਾ ਹੈ। ਮਕਸਦ ਚੋਣ ਜਿੱਤਣ ਦਾ ਹੈ। ਫੇਰ ਲੋਕਾਂ ਦੀ ਦੁਖਦੀ ਰਗ ਪਛਾਨਣ ਤੋਂ ਲੈ ਕੇ ਆਪਣੇ ਪਿਛਲੇ ਕੀਤੇ ਕੰਮ ਤੇ ਵਾਅਦਿਆਂ ਦੀ ਸੂਚੀ ਬਣਦੀ ਹੈ। ਫਿਰ ਚੋਣ ਜਿੱਤਣ ਲਈ ਤਾਂ ਸਿਆਸੀ ਪਾਰਟੀਆਂ ਤੇ ਹੋਰ ਉਮੀਦਵਾਰ ਆਪਣਾ ਦ੍ਰਿਸ਼ਟੀਕੋਣ, ਮਨੋਰਥ ਪੱਤਰ ਤੇ ਲੰਮੇ ਚੌੜੇ ਵਾਅਦੇ ਲੋਕਾਂ ਸਾਹਮਣੇ ਰੱਖਦੇ ਹਨ। ਵੋਟਰ ਇਨ੍ਹਾਂ ਦੀ ਸਮੀਖਿਆ ਕਰ ਕੇ ਫ਼ੈਸਲਾ ਕਰਦਾ ਹੈ। ਫਿਰ ਉਮੀਦਵਾਰ ਤੇ ਪਾਰਟੀ ਦੀ ਚੋਣ ਕਰ ਕੇ ਉਸ ਦੀ ਜਿੱਤ-ਹਾਰ 'ਤੇ ਮੋਹਰ ਲਾ ਦਿੰਦਾ ਹੈ। ਕੀਤੇ ਵਾਅਦੇ ਪੂਰੇ ਹੋਣ ਜਾਂ ਨਾ ਹੋਣ ਦਾ ਪਤਾ ਅਗਲੀਆਂ ਵੋਟਾਂ ਸਮੇਂ ਲਗਦਾ ਹੈ। ਨੀਅਤ ਚੋਣ ਜਿੱਤਣ ਦੀ ਹੁੰਦੀ ਹੈ, ਨੀਤੀ ਮਨੋਰਥ ਪੱਤਰ ਤੇ ਪੁਰਾਣੇ ਕੰਮਾਂ ਦੀ ਸੂਚੀ ਕਿਹੋ ਜਿਹੀ ਹੈ, ਲੋਕਾਂ ਨਾਲ ਵਾਅਦੇ ਕਰਨ ਵਾਲਾ ਆਗੂ ਬੇਦਾਗ ਤੇ ਜ਼ੁਬਾਨ ਦਾ ਪੱਕਾ ਹੈ, ਉਮੀਦਵਾਰ ਨੂੰ ਪਰਖਣ ਦਾ ਮੌਕਾ ਮਿਲਿਆ ਹੈ ਜਾਂ ਨਹੀਂ, ਇਹ ਸਭ ਵੋਟਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ ਹਨ।



ਪੰਜਾਬ ਭਾਰਤ ਦਾ ਸਰਹੱਦੀ ਸੂਬਾ ਹੈ। ਪੰਜਾਬ 'ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲੀ ਗੱਲ ਕਾਰਨ ਹਜ਼ਾਰਾਂ ਸਾਲਾਂ ਤੋਂ ਵਿਦੇਸ਼ੀ ਹਮਲਾਵਰਾਂ ਨਾਲ ਲੜਦਿਆਂ ਉੱਜੜਿਆ ਵੀ ਹੈ ਤੇ ਲਹੂ ਲੁਹਾਨ ਵੀ ਹੋਇਆ ਹੈ। ਪਰ ਇਸ ਨੂੰ ਦੋ ਸੌ ਸਾਲ ਤੋਂ ਵੱਧ ਸਮੇਂ ਤੱਕ ਸਿੱਖ ਗੁਰੂ ਸਾਹਿਬਾਨਾਂ ਨੇ ਅਣਖ ਨਾਲ ਜੀਊਣ ਦੀ ਗੁੜਤੀ ਦਿੱਤੀ। ਇਸੇ ਕਾਰਨ ਇਸ ਨੇ 1799 ਤੋਂ 1839 ਈਸਵੀ ਤੱਕ ਗੁਰੂ ਸਾਹਿਬਾਨਾਂ ਦੇ ਸੰਕਲਪ ਹਲੇਮੀ ਰਾਜ ਨੂੰ ਪ੍ਰਗਟ ਕੀਤਾ, ਜਿੱਥੇ ਸਿੱਖ ਹੀ ਨਹੀਂ ਹਿੰਦੂ ਤੇ ਮੁਸਲਮਾਨ ਵੀ ਖ਼ੁਸ਼ੀ-ਖ਼ੁਸ਼ੀ ਵਸਦੇ ਸਨ। "ਰਾਜੇ ਚੁਲੀ ਨਿਆਵ ਕੀ" ਦੇ ਹੁਕਮ ਦੀ ਪਾਲਣਾ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਬਹਾਦਰ ਅੱਜ ਤੱਕ ਦੇ ਇਤਿਹਾਸ ਵਿਚ ਦੁਨੀਆ ਦਾ ਸਭ ਤੋਂ ਇਨਸਾਫ਼ ਪਸੰਦ ਰਾਜਾ ਬਣਿਆ। ਰੁਜ਼ਗਾਰ ਲਈ ਦੁਨੀਆ ਭਰ ਤੋਂ ਲੋਕ ਇਸ ਰਾਜ ਵਿਚ ਨੌਕਰੀ ਕਰਨ ਆਉਂਦੇ ਸਨ। ਖ਼ੁਸਹਾਲੀ ਦਾ ਮਿਆਰ ਅੱਜ ਵੀ ਉਸ ਦਾ ਕੋਹੇਨੂਰ ਹੀਰਾ ਅੰਗਰੇਜ਼ਾਂ ਦੇ ਤਾਜ ਦਾ ਨੂਰ ਹੈ ।

ਮਹਾਰਾਜਾ ਰਣਜੀਤ ਸਿੰਘ ਦਿੱਲੀ 'ਤੇ ਕਬਜ਼ਾ ਨਾ ਕਰੇ ਇਸ ਲਈ ਅੰਗਰੇਜ਼ਾਂ ਦੇ ਕੁਹਾੜੇ ਦਾ ਹੱਥਾ ਵੀ ਕੁਝ ਸਿੱਖ ਹੀ ਬਣੇ ਸਨ। ਫੇਰ ਤਾਂ ਅੰਗਰੇਜ਼ਾਂ ਨੇ ਮਹਾਰਾਜਾ ਦੇ ਪਰਿਵਾਰ ਦਾ ਸਫ਼ਾਇਆ ਕਰ ਦਿੱਤਾ ਤੇ ਨਿਸ਼ਾਨ ਵੀ ਨਹੀਂ ਰਹਿਣ ਦਿੱਤਾ। ਅੰਗਰੇਜ਼ਾਂ ਨੇ ਆਪਣੇ ਹੀ ਸਿੱਖ ਲੀਡਰ ਪੈਦਾ ਕਰ ਲਏ। ਸਿੰਘ ਸਭਾ ਲਹਿਰ ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੇ ਬਰਾਬਰ ਅੰਗਰੇਜ਼ਾਂ ਕੋਲ ਸਿੱਖ ਰਾਜੇ ਰਜਵਾੜਿਆਂ ਤੇ ਵਿਕਾਊ ਜ਼ਮੀਰਾਂ ਵਾਲੇ ਅਹਿਲਕਾਰਾਂ ਦੀ ਵੱਡੀ ਗਿਣਤੀ ਸੀ। ਕਰੀਬ ਦਸ ਫ਼ੀਸਦੀ ਸਿੱਖ ਫ਼ੌਜ ਤੇ ਸਰਕਾਰੀ ਨੌਕਰੀ ਵਿਚ ਲੋਕ ਅੰਗਰੇਜ਼ਾਂ ਲਈ ਲੜਨ-ਮਰਨ ਲਈ ਤਿਆਰ ਸਨ । 1920-25 ਵਿਚ ਅੱਗੇ ਆਏ ਸਿੱਖ ਆਗੂ ਆਰਥਿਕ ਤੇ ਕੂਟਨੀਤੀ ਵਿਚ ਪ੍ਰਪੱਕ ਨਾ ਹੋਣ ਕਾਰਨ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਨੂੰ ਛੱਡ ਕੇ ਕਾਂਗਰਸ ਦੀ ਕੁੱਛੜ ਵਿਚ ਜਾ ਬੈਠੇ। ਸਿੱਖ ਕਲਮਾਂ ਤਾਂ ਅੰਗਰੇਜ਼ਾਂ ਦੇ ਹਵਾਲੇ ਸਨ। ਆਗੂਆਂ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਪੋਤੀਆਂ ਨੂੰ ਪਿੱਛੇ ਕਰ ਕੇ ਹੋਰ ਅਮੀਰ ਲੋਕ ਅੱਗੇ ਕਰ ਦਿੱਤੇ। ਮਤਲਬ ਕਿ ਖੂਹ ਵਿੱਚੋਂ ਨਿਕਲ ਕੇ ਖਾਤੇ ਵਿਚ ਡਿੱਗ ਪਏ। ਅੰਗਰੇਜ਼ਾਂ ਨੇ ਹਿੰਦੂ-ਸਿੱਖ ਨੂੰ ਨਿਖੇੜ ਪੰਜਾਬ ਵਿਚ ਮਜ਼ਬੂਤ ਹੋਣ ਦਾ ਮਾਰਗ ਚੁਣਿਆ ਸੀ। ਸਿੱਖ ਆਗੂਆਂ ਨੇ ਇਨ੍ਹਾਂ ਰਵਾਇਤੀ ਹਮਾਇਤੀਆਂ ਨਾਲ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਮਜ਼ਬੂਤ ਕਰਨ ਦੀ ਥਾਂ ਕਮਜ਼ੋਰ ਕਰ ਦਿੱਤਾ।

ਸਵਾਮੀ ਓਂਕਾਰਾਨੰਦ ਨੂੰ ਗੁਰਦੁਆਰਾ ਸੁਧਾਰ ਦੀ ਹਮਾਇਤ ਕਰਨ ਲਈ ਦੋ ਸਾਲ ਦੀ ਕੈਦ ਹੋਈ ਸੀ, ਉਸ ਦੇ ਹੋਰ ਬਹੁਤ ਸਾਥੀ ਨਾਲ ਸਨ, ਕੀ ਕਿਸੇ ਨੂੰ ਯਾਦ ਹਨ ? ਜੇਕਰ ਨੀਅਤ ਧਰਮ ਦੇ ਪ੍ਰਚਾਰ ਦੀ ਹੁੰਦੀ ਤਾਂ ਦੁਨੀਆ ਭਰ ਵਿਚ ਪ੍ਰਚਾਰਕ ਨਿਯੁਕਤ ਹੁੰਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਆਨੰਦਮਈ ਫ਼ਲਸਫ਼ੇ ਤੇ ਸਿੱਖ ਇਤਿਹਾਸ ਦੀ ਖੋਜ ਲਈ ਯੂਨੀਵਰਸਟੀਆਂ ਬਣਦੀਆਂ। ਬਦਲਾਅ ਸਿਰਫ਼ ਇਹ ਆਇਆ ਕਿ ਗੁਰਦੁਆਰਾ ਪ੍ਰਬੰਧ ਮਸੰਦਾਂ, ਮਹੰਤਾਂ ਤੋਂ ਬਾਅਦ ਇਕ ਰਾਜਸੀ ਧੜੇ ਹੱਥ ਆ ਗਿਆ। ਪਹਿਲਾਂ ਅੰਗਰੇਜ਼ ਤੇ ਫਿਰ ਹੋਰ ਰਾਜਨੀਤਿਕ ਪਾਰਟੀਆਂ ਇਸ ਵਿਚ ਆਪਣੇ ਧੜੇ ਦੀ ਜਿੱਤ ਲਈ, ਸਿੱਧੇ ਤੇ ਅਸਿੱਧੇ ਢੰਗ ਨਾਲ ਦਖ਼ਲ ਦੇਣ ਲੱਗ ਪਈਆਂ।

ਧਰਮ ਤੇ ਰਾਜਨੀਤੀ ਦਾ ਸੁਮੇਲ ਵੀ ਵਿਚਾਰ ਮੰਗਦਾ ਹੈ, ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ, ਸੰਤ ਤੇ ਸਿਪਾਹੀ ਦਾ ਸੁਮੇਲ ਦੇਵਤਾ ਰੂਪ ਹੈ । 239 ਸਾਲ ਦੇ ਗੁਰੂ ਕਾਲ ਵਿਚ 21 ਲੜਾਈਆਂ ਜਿੱਤਣ ਉਪਰੰਤ ਵੀ ਗੁਰੂ ਸਾਹਿਬਾਨ ਨੇ ਸੰਸਾਰਿਕ ਰਾਜ ਹੋਂਦ ਵਿਚ ਨਹੀਂ ਲੈ ਕੇ ਆਉਂਦਾ, ਇਹ ਯੁੱਧ ਗ਼ਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਤੱਕ ਸੀਮਿਤ ਸਨ। ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਦੀਆਂ ਲੜਾਈਆਂ ਰਾਜ ਕਰਨ ਤੇ ਹਲੇਮੀ ਰਾਜ ਦਾ ਸੰਕਲਪ ਪ੍ਰਗਟ ਕਰਨ ਲਈ ਸਨ। ਨਿਰਮਲੇ, ਉਦਾਸੀ, ਖ਼ਾਲਸਾ ਚ੍ਰਿਤਰ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਖ਼ਾਲਸਾ ਬਨਣ ਲਈ ਪ੍ਰੇਰਿਤ ਕਰਦੇ ਸਨ ਭਾਵ ਪਾਰਸ ਤੋਂ ਪਾਰਸ ਬਨਣ ਦੀ ਗੁਰੂ ਮਰਿਆਦਾ ਲਾਗੂ ਸੀ।

1849 ਤੋਂ 1947 ਈਸਵੀ ਤੱਕ ਅੰਗਰੇਜ਼ਾਂ ਨੇ ਧਰਮ ਪ੍ਰਚਾਰ ਦੀ ਸਿੱਖਾਂ ਨੂੰ ਵਿਉਂਤਬੰਦੀ ਨਹੀਂ ਕਰਨ ਦਿੱਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਧਰਮ ਪ੍ਰਚਾਰ ਲਈ ਨਹੀਂ ਗੁਰਦਵਾਰਾ ਪ੍ਰਬੰਧ ਲਈ ਬਣਾਈ ਗਈ ਸੀ। ਨਿਰਮਲੇ ਤੇ ਉਦਾਸੀ ਮਹੰਤ ਬਣ ਭ੍ਰਿਸ਼ਟਾਚਾਰ ਵਿਚ ਲਿਪਤ ਨਜ਼ਰ ਆਉਂਦੇ ਸਨ। ਜੋ ਰਵਾਇਤ ਆਜ਼ਾਦੀ ਤੋਂ ਬਾਅਦ ਵੀ ਨਜ਼ਰ ਆਉਂਦੀ ਹੈ। ਗੱਲ ਨੀਅਤ , ਨੀਤੀ ਤੇ ਨੇਤਾ ਦੀ ਹੈ, ਜੇਕਰ ਪੰਜਾਬ ਨੂੰ ਖ਼ੁਸ਼ਹਾਲ ਬਣਾਉਣ ਦੀ ਨੀਅਤ ਹੈ, ਫਿਰ ਤਾਂ ਅਮਨ ਤੇ ਪੰਜਾਬੀਆਂ ਦਾ ਆਪਸੀ ਭਾਈਚਾਰਾ ਮਜ਼ਬੂਤ ਕਰਨ ਦੀ ਨੀਤੀ ਬਣਾਉਣੀ ਚਾਹੀਦੀ ਹੈ। ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੀ ਸਹਾਇਕ ਤੇ ਮਾਰਗਦਰਸ਼ਕ ਹੋ ਸਕਦੇ ਹਨ, ਦੂਜੇ ਸੂਬਿਆਂ ਵਿਚ ਰੁਜ਼ਗਾਰ ਲੱਭਿਆ ਜਾ ਸਕਦਾ ਹੈ।

ਗ਼ਲਤੀਆਂ ਜਾਣੇ ਅਣਜਾਣੇ ਵਿਚ ਸਭ ਤੋਂ ਹੋਈਆਂ ਹਨ। ਜੇਕਰ ਨੀਅਤ ਰਾਜ ਕਰਨ ਦੀ ਸੀ ਤਾਂ ਹੀ ਅੰਗਰੇਜ਼ਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਧੀਨ ਪੰਜਾਬੀਆਂ ਨੂੰ ਵੰਡ ਦਿੱਤਾ ਸੀ, ਕਿਧਰੇ ਅਸੀਂ ਅੱਜ ਵੀ ਉੱਥੇ ਤਾਂ ਨਹੀਂ ਅਟਕੇ ਹੋਏ ? ਸਾਂਝਾ ਸੱਭਿਆਚਾਰ ਤੇ ਭਾਈਚਾਰਾ ਮਜ਼ਬੂਤ ਕਰਨ ਲਈ ਹਰ ਪੰਜਾਬੀ ਨੂੰ ਅੱਗੇ ਆਉਣਾ ਪਵੇਗਾ। ਵਿਕਾਸ ਦੀ ਨੀਤੀ ਪੰਜਾਬੀ ਏਕਤਾ 'ਤੇ ਆਧਾਰਿਤ ਹੋਵੇ। ਇਸ ਲਈ "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ" ਤੇ "ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ" ਅਧੀਨ ਪ੍ਰੇਮ ਦਾ ਮਾਰਗ ਲੱਭ ਕੇ ਸਭ ਪੰਜਾਬੀਆਂ ਨੂੰ ਇਕੱਠੇ ਕਰਨ ਲਈ ਨੀਤੀ ਬਣਾਈ ਜਾਵੇ। ਯੋਜਨਾ ਤਾਂ ਗੱਲਬਾਤ ਰਾਹੀਂ "ਸੰਤਾ ਮਾਨਉ ਦੂਤਾ ਡਾਨਉ" ਦੀ ਗੁਰਮਤਿ ਦੀ ਨੀਤੀ ਰਾਹੀਂ ਪੰਜਾਬ ਵਿਚੋਂ ਨਸ਼ਾ, ਮਾਫ਼ੀਆ ਤੇ ਅਪਰਾਧੀਆਂ ਨੂੰ ਨੱਥ ਪਾ ਕੇ ਮੁੜ ਪੰਜਾਬ ਨੂੰ ਦੇਸ਼ ਦਾ ਇਕ ਨੰਬਰ ਸੂਬਾ ਬਣਾਉਣ ਦੀ ਹੋਣੀ ਚਾਹੀਦੀ ਹੈ। ਪੰਜਾਬ ਵਿਚ ਇਮਾਨਦਾਰ ਤੇ ਦੂਰ ਅੰਦੇਸ਼ ਆਗੂਆਂ ਦੀ ਕਮੀ ਨਹੀਂ ਹੈ।

# ਸੜਕ ਹਾਦਸੇ ਰੋਕਣ ਲਈ ਸਖ਼ਤੀ ਨਾਲ ਲਾਗੂ ਹੋਵੇ ਕਾਨੂੰਨ

ਜੰਮੂ-ਕਸ਼ਮੀਰ ਵਿਚ ਅਖਨੂਰ ਲਾਗੇ ਇਕ ਬੱਸ ਡੂੰਘੀ ਖੱਡ ਵਿਚ ਡਿੱਗਣ ਕਾਰਨ 20 ਤੋਂ ਵੱਧ ਸ਼ਰਧਾਲੂਆਂ ਦੀ ਮੌਤ ਇਹੀ ਦੱਸ ਰਹੀ ਹੈ ਕਿ ਆਪਣੇ ਦੇਸ਼ ਵਿਚ ਕਿਸ ਤਰ੍ਹਾਂ ਆਏ ਦਿਨ ਹੋਣ ਵਾਲੇ ਸੜਕ ਹਾਦਸਿਆਂ ਵਿਚ ਲੋਕ ਵੱਡੀ ਗਿਣਤੀ ਵਿਚ ਆਪਣੀਆਂ ਅਨਮੋਲ ਜਾਨਾਂ ਗੁਆ ਰਹੇ ਹਨ। ਇਸ ਬੱਸ ਹਾਦਸੇ ਦਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਡਰਾਈਵਰ ਜਾਂ ਤਾਂ ਤੇਜ਼ ਰਫ਼ਤਾਰ ਨਾਲ ਬੱਸ ਚਲਾ ਰਿਹਾ ਸੀ ਜਿਸ ਕਾਰਨ ਉਹ ਸਾਹਮਣੇ ਤੋਂ ਆਉਂਦੀ ਕਾਰ ਨੂੰ ਬਚਾਉਣ ਵਿਚ ਆਪਣੇ ਵਾਹਨ ਦਾ ਸੰਤੁਲਨ ਗੁਆ ਬੈਠਾ ਜਾਂ ਫਿਰ ਉਸ ਨੂੰ ਝਪਕੀ ਆ ਗਈ ਹੋਵੇਗੀ।

ਦੁਰਘਟਨਾ ਦਾ ਮੂਲ ਕਾਰਨ ਕੁਝ ਵੀ ਹੋਵੇ ਜੋ ਲੋਕ ਆਪਣੀ ਜਾਨ ਤੋਂ ਹੱਥ ਧੋ ਬੈਠੇ, ਉਨ੍ਹਾਂ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ। ਇਹ ਠੀਕ ਹੈ ਕਿ ਰਾਹਤ ਤੇ ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤੇ ਗਏ ਅਤੇ ਇਸ ਹਾਦਸੇ 'ਤੇ ਰਾਸ਼ਟਰਪਤੀ ਸਮੇਤ ਪ੍ਰਮੁੱਖ ਨੇਤਾਵਾਂ ਨੇ ਆਪਣੀਆਂ ਸੰਵੇਦਨਾਵਾਂ ਪ੍ਰਗਟ ਕੀਤੀਆਂ ਪਰ ਇਸ ਸਵਾਲ ਦਾ ਉੱਤਰ ਤਾਂ ਨਹੀਂ ਮਿਲਿਆ ਕਿ ਸੜਕ ਹਾਦਸਿਆਂ ਨੂੰ ਰੋਕਣ ਦੇ ਠੋਸ ਉਪਾਅ ਕਦੋਂ ਕੀਤੇ ਜਾਣਗੇ? ਵਾਰ-ਵਾਰ ਇਹ ਤੱਥ ਸਾਹਮਣੇ ਆ ਰਿਹਾ ਹੈ ਕਿ ਭਾਰਤ ਵਿਚ ਕਿਤੇ ਜ਼ਿਆਦਾ ਸੜਕ ਹਾਦਸੇ ਹੋ ਰਹੇ ਹਨ ਅਤੇ ਉਨ੍ਹਾਂ ਵਿਚ ਵੱਡੀ ਗਿਣਤੀ ਵਿਚ ਲੋਕ ਜਾਨ ਗੁਆਉਣ ਦੇ ਨਾਲ-ਨਾਲ ਜ਼ਖ਼ਮੀ ਵੀ ਹੋ ਰਹੇ ਹਨ ਪਰ ਅਜਿਹੇ ਕੋਈ ਉਪਾਅ ਨਹੀਂ ਕੀਤੇ ਜਾ ਰਹੇ ਜਿਨ੍ਹਾਂ ਸਹਾਰੇ ਸੜਕ ਹਾਦਸਿਆਂ 'ਤੇ ਅਸਰਦਾਰ ਤਰੀਕੇ ਨਾਲ ਲਗਾਮ ਲੱਗੇ। ਸੜਕ ਹਾਦਸੇ ਰੋਕਣ ਲਈ ਕਿਉਂਕਿ ਜ਼ਰੂਰੀ ਉਪਾਅ ਨਹੀਂ ਕੀਤੇ ਜਾ ਰਹੇ ਹਨ, ਇਸ ਲਈ ਮਰਨ ਵਾਲਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਤਾਜ਼ਾਤਰੀਨ ਅੰਕੜਿਆਂ ਮੁਤਾਬਕ 2022 ਵਿਚ ਸੜਕ ਹਾਦਸਿਆਂ ਵਿਚ ਇਕ ਲੱਖ 68 ਹਜ਼ਾਰ ਲੋਕਾਂ ਦੀ ਜਾਨ ਗਈ ਸੀ। ਸੜਕੀ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿਚ ਭਾਰਤ ਦੁਨੀਆ ਵਿਚ ਤੀਜੇ ਸਥਾਨ 'ਤੇ ਹੈ ਜਦਕਿ ਹੋਰ ਦੇਸ਼ਾਂ ਦੇ ਮੁਕਾਬਲੇ ਆਪਣੇ ਦੇਸ਼ ਵਿਚ ਕਿਤੇ ਘੱਟ ਵਾਹਨ ਹਨ। ਸੜਕ ਹਾਦਸਿਆਂ ਦੇ ਕਾਰਨ ਕਿਸੇ ਤੋਂ ਛੁਪੇ ਹੋਏ ਨਹੀਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾ, ਖਟਾਰਾ ਮੋਟਰ-ਗੱਡੀਆਂ, ਅਕੁਸ਼ਲ ਡਰਾਈਵਰ ਸੜਕ ਹਾਦਸਿਆਂ ਦੇ ਮੂਲ ਕਾਰਨ ਹਨ। ਇਹ ਅਜਿਹੇ ਕਾਰਨ ਨਹੀਂ ਜਿਨ੍ਹਾਂ ਦਾ ਨਿਵਾਰਨ ਨਾ ਕੀਤਾ ਜਾ ਸਕੇ ਪਰ ਬਦਕਿਸਮਤੀ ਨਾਲ ਇਸ ਪਾਸੇ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਨਤੀਜਾ ਇਹ ਹੈ ਕਿ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਕਰੀਬ-ਕਰੀਬ ਨਿੱਤ ਕੋਈ ਨਾ ਕੋਈ ਵੱਡਾ ਸੜਕ ਹਾਦਸਾ ਹੁੰਦਾ ਹੈ ਅਤੇ ਉਸ ਵਿਚ ਲੋਕ ਮਾਰੇ ਜਾਂਦੇ ਹਨ ਜਾਂ ਗੰਭੀਰ ਰੂਪ ਵਿਚ ਜ਼ਖ਼ਮੀ ਹੁੰਦੇ ਹਨ। ਸ਼ਾਸਨ-ਪ੍ਰਸ਼ਾਸਨ ਇਨ੍ਹਾਂ ਹਾਦਸਿਆਂ 'ਤੇ ਸੋਗ-ਸੰਵੇਦਨਾ ਜ਼ਾਹਰ ਕਰ ਕੇ ਫ਼ਰਜ਼ ਨਿਭਾ ਲੈਂਦਾ ਹੈ ਪਰ ਇਹ ਦੇਖਣ ਤੋਂ ਇਨਕਾਰ ਕਰਦਾ ਹੈ ਕਿ ਉਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਰੋਕਿਆ ਜਾਣਾ ਚਾਹੀਦਾ ਹੈ। ਸੜਕ ਹਾਦਸਿਆਂ ਵਿਚ ਮਰਨ ਵਾਲੇ ਜ਼ਿਆਦਾਤਰ ਲੋਕ ਆਪਣੇ ਘਰਾਂ ਦੇ ਕਮਾਊ ਜੀਅ ਹੁੰਦੇ ਹਨ। ਉਨ੍ਹਾਂ ਦੇ ਨਾ ਰਹਿਣ ਕਾਰਨ ਉਨ੍ਹਾਂ ਦੇ ਪਰਿਵਾਰ ਨੂੰ ਹੀ ਨੁਕਸਾਨ ਨਹੀਂ ਹੁੰਦਾ ਬਲਕਿ ਸਮਾਜ ਤੇ ਰਾਸ਼ਟਰ ਵੀ ਕਿਸੇ ਨਾ ਕਿਸੇ ਰੂਪ ਵਿਚ ਕਮਜ਼ੋਰ ਹੁੰਦਾ ਹੈ। ਵਿਸ਼ਵ ਬੈਂਕ ਦੇ ਇਕ ਮੁਲਾਂਕਣ ਮੁਤਾਬਕ ਦੇਸ਼ ਦਾ ਜੀਡੀਪੀ ਹਾਲੇ ਜਿੰਨਾ ਹੈ, ਉਸ ਵਿਚ ਹਰ ਸਾਲ ਤਿੰਨ ਪ੍ਰਤੀਸ਼ਤ ਦਾ ਹੋਰ ਵਾਧਾ ਹੁੰਦਾ ਜੇ ਭਾਰਤ ਵਿਚ ਸੜਕ ਹਾਦਸਿਆਂ ਵਿਚ ਇੰਨੇ ਜ਼ਿਆਦਾ ਲੋਕਾਂ ਦੀ ਜਾਨ ਨਾ ਜਾਂਦੀ। ਇਸ ਲਈ ਇਹ ਬੇਹੱਦ ਜ਼ਰੂਰੀ ਹੋ ਗਿਆ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਸੜਕ ਹਾਦਸੇ ਰੋਕਣ ਲਈ ਹਰ ਸੰਭਵ ਉਪਰਾਲੇ ਕਰਨ ਅਤੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

# ਪੰਜਾਬ ਵਿਚੋਂ ਜਿੱਤੇ ਅਤੇ ਹਾਰੇ ਉਮੀਦਵਾਰਾਂ ਨੂੰ ਕੁੱਲ ਕਿੰਨੀਆਂ ਵੋਟਾਂ ਪਈਆਂ

### ਸੰਗਰੂਰ

ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ 3,64,085 ਹਾਸਲ ਕਰ ਕੇ ਜੇਤੂ ਰਹੇ ਹਨ। ਮੀਤ ਹੇਅਰ ਨੇ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ ਹੈ। 2022 ਵਿੱਚ ਲੋਕ ਸਭਾ ਦੀ ਸੰਗਰੂਰ ਜ਼ਿਮਨੀ ਚੋਣ ਦੌਰਾਨ 2,53,154 ਵੋਟਾਂ ਨਾਲ ਜਿੱਤ ਹਾਸਲ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੂੰ ਇਸ ਵਾਰ 1,87,246 ਵੋਟਾਂ ਪਈਆਂ ਹਨ ਤੇ ਉਹ ਤੀਜੇ ਸਥਾਨ 'ਤੇ ਰਹੇ ਹਨ। ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੂੰ 1,28,253 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨੂੰ 62,488 ਵੋਟਾਂ ਪਈਆਂ ਹਨ।



### ਜਲੰਧਰ

ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 1,75,993 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ 3,90,053 ਵੋਟਾਂ ਮਿਲੀਆਂ ਹਨ। ਦੂਜੇ ਨੰਬਰ 'ਤੇ ਰਹੇ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਨੂੰ 2,14,060 ਵੋਟਾਂ ਮਿਲੀਆਂ ਹਨ। ਇੱਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ 2,08,889 ਵੋਟਾਂ ਹਾਸਲ ਕਰ ਕੇ ਤੀਜੇ ਸਥਾਨ 'ਤੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ 67,911 ਵੋਟਾਂ ਲੈ ਕੇ ਚੌਥੇ ਸਥਾਨ 'ਤੇ ਰਹੇ।

### ਫਤਹਿਗੜ੍ਹ ਸਾਹਿਬ

ਫਤਹਿਗੜ੍ਹ ਸਾਹਿਬ ਤੋਂ ਕਾਂਗਰਸੀ ਉਮਦਵਾਰ ਡਾ। ਅਮਰ ਸਿੰਘ ਨੇ ਕੁੱਲ 3,32,591 ਵੋਟਾਂ ਹਾਸਲ ਕਰਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ 34,202 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਜੀਪੀ ਨੇ 2,98,389 ਵੋਟਾਂ ਹਾਸਲ ਕੀਤੀਆਂ ਹਨ। ਇੱਥੇ ਭਾਜਪਾ ਉਮੀਦਵਾਰ ਗੇਜਾ ਰਾਮ ਵਾਲਮੀਕਿ ਨੂੰ 1,27,521 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ 1,26,730 ਵੋਟਾਂ ਮਿਲੀਆਂ ਹਨ।

### ਪਟਿਆਲਾ

ਪਟਿਆਲਾ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ 3,05,616 ਵੋਟਾਂ ਹਾਸਲ ਕਰ ਕੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਬਲਬੀਰ ਸਿੰਘ ਨੂੰ ਹਰਾਇਆ ਹੈ। ਬਲਬੀਰ ਸਿੰਘ ਨੂੰ 2,90,785 ਵੋਟਾਂ ਪਈਆਂ ਹਨ। ਭਾਜਪਾ ਉਮੀਦਵਾਰ ਪ੍ਰਨੀਤ ਕੌਰ 2,88,998 ਵੋਟਾਂ ਨਾਲ ਤੀਜੇ ਨੰਬਰ 'ਤੇ ਰਹੇ ਹਨ। ਜ਼ਿਕਰਯੋਗ ਹੈ ਕਿ ਲੋਕ ਸਭਾ ਹਲਕਾ ਪਟਿਆਲਾ ਵਿੱਚ ਇਸ ਵਾਰ 63।63 ਫ਼ੀਸਦ ਵੋਟਿੰਗ ਹੋਈ, ਜੋ ਕਿ 2019 ਦੇ ਮੁਕਾਬਲੇ 4।15 ਫ਼ੀਸਦ ਘੱਟ ਹੈ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਨੀਤ ਕੌਰ ਨੂੰ ਹਰਾ ਕੇ ਡਾ। ਗਾਂਧੀ 'ਆਪ' ਵੱਲੋਂ ਸੰਸਦ ਮੈਂਬਰ ਬਣੇ ਸਨ।

### ਅੰਮ੍ਰਿਤਸਰ

ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ 40,301 ਵੋਟਾਂ ਦੇ ਫਰਕ ਨਾਲ 'ਆਪ' ਉਮੀਦਵਾਰ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਹਰਾਇਆ ਹੈ। ਗੁਰ-ਜੀਤ ਔਜਲਾ ਨੂੰ ਕੁੱਲ 2,55,181 ਵੋਟਾਂ ਅਤੇ ਕੁਲਦੀਪ ਧਾਲੀਵਾਲ ਨੂੰ 2,14,880 ਹਾਸਲ ਹੋਈਆਂ ਹਨ। ਇਸ ਦੌਰਾਨ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ 2,07,205 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ 1,62,896 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ। ਜ਼ਿਕਰਯੋਗ ਹੈ ਕਿ ਗੁਰਜੀਤ ਸਿੰਘ ਔਜਲਾ ਨੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕੇਂਦਰੀ ਮੰਤਰੀ ਹਰਦੀਪ ਪੁਰੀ ਨੂੰ ਇਕ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਔਜਲਾ ਅੰਮ੍ਰਿਤਸਰ ਤੋਂ ਤੀਜੀ ਵਾਰ ਸੰਸਦ ਮੈਂਬਰ ਬਣੇ ਹਨ।

### ਫਿਰੋਜ਼ਪੁਰ

ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ 2,66,626 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ 'ਆਪ' ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੂੰ 3,242 ਵੋਟਾਂ ਦੇ ਫਰਕ ਨਾਲ ਹਰਾਇਆ। ਬਰਾੜ ਨੂੰ 2,63,384 ਵੋਟਾਂ ਮਿਲੀਆਂ ਹਨ। ਭਾਜਪਾ ਉਮੀਦਵਾਰ ਗੁਰਮੀਤ ਸਿੰਘ ਸੋਢੀ 2,55,097 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ 2,53,645 ਵੋਟਾਂ ਨਾਲ ਚੌਥੇ ਸਥਾਨ 'ਤੇ ਹਨ। ਸ਼ੇਰ ਸਿੰਘ ਘੁਬਾਇਆ ਨੇ ਸਾਲ 2009 ਤੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤ ਹਾਸਲ ਕੀਤੀ ਸੀ। ਮਾਰਚ 2019 ਵਿੱਚ ਘੁਬਾਇਆ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।



### ਬਠਿੰਡਾ

ਸ਼੍ਰੋਮਣੀ ਅਕਾਲੀ ਦਲ ਲਈ ਵੱਕਾਰੀ ਸੀਟ ਲੋਕ ਸਭਾ ਹਲਕਾ ਬਠਿੰਡਾ ਤੋਂ ਇੱਕ ਵਾਰ ਫਿਰ ਹਰਸਿਮਰਤ ਕੌਰ ਬਾਦਲ ਨੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ 3,76,558 ਵੋਟਾਂ ਹਾਸਲ ਕਰ ਕੇ 'ਆਪ' ਉਮੀਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫਰਕ ਨਾਲ ਹਰਾਇਆ। ਗੁਰਮੀਤ ਸਿੰਘ ਖੁੱਡੀਆਂ ਨੂੰ 3,26,902 ਵੋਟਾਂ ਮਿਲੀਆਂ ਹਨ। ਬਠਿੰਡਾ ਸੀਟ ਤੋਂ ਕਾਂਗਰਸ ਦੇ ਜੀਤ ਮਹਿੰਦਰ ਸਿੰਘ ਸਿੱਧੂ, ਭਾਜਪਾ ਉਮੀਦਵਾਰ ਪਰਮਪਾਲ ਕੌਰ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਲੱਖਾ ਸਿਧਾਣਾ ਚੋਣ ਮੈਦਾਨ ਵਿੱਚ ਸਨ, ਜੋ ਕਿ ਕ੍ਰਮਵਾਰ ਤੀਜੇ, ਚੌਥੇ ਤੇ ਪੰਜਵੇਂ ਸਥਾਨ 'ਤੇ ਰਹੇ।

### ਹੁਸ਼ਿਆਰਪੁਰ

ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ 'ਆਪ' ਉਮੀਦਵਾਰ ਡਾ। ਰਾਜ ਕੁਮਾਰ ਚੱਬੇਵਾਲ ਨੇ 3,03,859 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਚੱਬੇਵਾਲ ਨੇ 2,59,748 ਵੋਟਾਂ ਹਾਸਲ ਕਰਨ ਵਾਲੀ ਕਾਂਗਰਸੀ ਉਮੀਦਵਾਰ ਯਾਮਨੀ ਗੋਮਰ ਨੂੰ 44,111 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਹਲਕਾ ਹੁਸ਼ਿਆਰਪੁਰ ਵਿੱਚ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ 1,99,994 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ 91,789 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਡਾ। ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਪਾਰਟੀ ਵੱਲੋਂ ਚੋਣ ਲੜਦਿਆਂ 47,375 ਵੋਟਾਂ ਹਾਸਲ ਕਰ ਕੇ ਜਿੱਤ ਪ੍ਰਾਪਤ ਕੀਤੀ ਸੀ। ਉਨ੍ਹਾਂ ਮਾਰਚ 2024 ਵਿੱਚ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਸੀ।

### ਸ੍ਰੀ ਆਨੰਦਪੁਰ ਸਾਹਿਬ

ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ 'ਆਪ' ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ 3,13,217 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਦੂਜੇ ਨੰਬਰ 'ਤੇ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇਇੰਦਰ ਸਿੰਗਲਾ ਨੇ 3,02,371 ਵੋਟਾਂ ਹਾਸਲ ਕੀਤੀਆਂ। ਇੱਥੇ ਭਾਜਪਾ ਉਮੀਵਾਰ ਡਾ। ਸੁਭਾਸ਼ ਸ਼ਰਮਾ 1,86,578 ਵੋਟਾਂ ਨਾਲ ਤੀਜੇ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਚੌਥੇ ਸਥਾਨ 'ਤੇ ਰਹੇ।

### ਫਰੀਦਕੋਟ

ਲੋਕ ਸਭਾ ਹਲਕਾ ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੇ ਬਾਜ਼ੀ ਮਾਰੀ ਹੈ। ਉਨ੍ਹਾਂ 2,98,062 ਵੋਟਾਂ ਹਾਸਲ ਕਰਦਿਆਂ 'ਆਪ' ਉਮੀਦਵਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਕਰਮਜੀਤ ਸਿੰਘ ਅਨਮੋਲ ਨੂੰ 70,053 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇੱਥੇ ਕਾਂਗਰਸ ਪਾਰਟੀ ਦੀ ਉਮੀਦਵਾਰ ਅਮਰਜੀਤ ਕੌਰ ਸਾਹੋਕੇ 1,60,357 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਅਤੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਕ੍ਰਮਵਾਰ ਚੌਥੇ ਤੇ ਪੰਜਵੇਂ ਸਥਾਨ 'ਤੇ ਰਹੇ ਹਨ। ਚੋਣ ਪ੍ਰਚਾਰ ਦੌਰਾਨ ਭਾਜਪਾ ਦੇ ਪਿੰਡਾਂ ਵਿੱਚ ਹੋ ਰਹੇ ਵਿਰੋਧ ਕਾਰਨ ਹੰਸ ਰਾਜ ਹੰਸ ਕਾਫ਼ੀ ਚਰਚਾ ਵਿੱਚ ਰਹੇ ਸਨ।

### ਖਡੂਰ ਸਾਹਿਬ

ਪੰਜਾਬ ਦੀ ਬਹੁਚਰਚਿਤ ਲੋਕ ਸਭਾ ਸੀਟ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੇ 1,97,120 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਆਜ਼ਾਦ ਉਮੀਦਵਾਰ ਨੂੰ 4,04,430 ਵੋਟਾਂ ਪਈਆਂ ਜਦਕਿ ਦੂਜੇ ਨੰਬਰ 'ਤੇ ਰਹੇ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ 2,07,310 ਵੋਟਾਂ ਮਿਲੀਆਂ ਹਨ। ਜੇਤੂ ਉਮੀਦਵਾਰ ਅੰਮ੍ਰਿਤਪਾਲ ਇਸ ਵੇਲੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਖਡੂਰ ਸਾਹਿਬ ਤੋਂ 'ਆਪ' ਉਮੀਦਵਾਰ ਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ 1,94,836 ਵੋਟਾਂ ਨਾਲ ਤੀਸਰੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ 86,416 ਵੋਟਾਂ ਹਾਸਲ ਕਰ ਕੇ ਚੌਥੇ ਸਥਾਨ 'ਤੇ ਰਹੇ ਹਨ।



### ਲੁਧਿਆਣਾ

ਲੋਕ ਸਭਾ ਹਲਕਾ ਲੁਧਿਆਣਾ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣਾ ਦਬਦਬਾ ਕਾਇਮ ਕਰਦਿਆਂ 3,22,224 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ 20,942 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਰਵਨੀਤ ਸਿੰਘ ਬਿੱਟੂ ਨੂੰ 3,01,282 ਵੋਟਾਂ ਪਈਆਂ ਹਨ। ਬਿੱਟੂ ਸਾਲ 2019 ਵਿੱਚ ਕਾਂਗਰਸ ਪਾਰਟੀ ਵੱਲੋਂ ਲੁਧਿਆਣਾ ਸੀਟ ਤੋਂ ਜਿੱਤ ਕੇ ਸੰਸਦ ਮੈਂਬਰ ਬਣੇ ਸਨ। ਲੋਕ ਸਭਾ ਚੋਣਾਂ 2024 ਤੋਂ ਐਨ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਰਵਨੀਤ ਸਿੰਘ ਬਿੱਟੂ ਦਾ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨਾਲ ਸਖਤ ਮੁਕਾਬਲਾ ਸੀ। ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ 2,37,077 ਵੋਟਾਂ ਹਾਸਲ ਕਰ ਕੇ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ 90,220 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ ਹਨ।



### ਗੁਰਦਾਸਪੁਰ

ਲੋਕ ਸਭਾ ਹਲਕਾ ਗੁਰਦਾਸਪੁਰ ਦੀ ਸੀਟ ਵੀ ਕਾਂਗਰਸ ਦੀ ਝੋਲੀ ਪਈ ਹੈ। ਇੱਥੋਂ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਰੰਧਾਵਾ ਨੇ 3,64,043 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਬੱਬੂ ਨੂੰ 82,861 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਬੱਬੂ ਨੂੰ 2,81,182 ਵੋਟਾਂ ਪਈਆਂ ਹਨ।

'ਆਪ' ਉਮੀਦਵਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) 2,77,252 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ। ਦਲਜੀਤ ਸਿੰਘ ਚੀਮਾ 85,500 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ ਹਨ।



# ਸੰਪਾਦਕੀ

## ਲੋਕ ਫਤਵੇ ਦੇ ਅਰਥ

ਭਾਰਤ ਵਿਚ ਕੱਲ੍ਹ ਹੋਈ ਲੋਕ ਸਭਾ ਚੋਣਾਂ ਦੀ ਗਿਣਤੀ ਵਿਚ ਹਾਲਾਂਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲਾ ਗੱਠਜੋੜ ਪੂਰਨ ਬਹੁਮਤ ਪ੍ਰਾਪਤ ਕਰ ਗਿਆ ਹੈ ਪਰ ਇਹ ਚੋਣਾਂ ਕਾਂਗਰਸ ਪਾਰਟੀ ਦੇ ਲਈ ਵੀ ਪ੍ਰਾਣਦਾਇਕ ਰਹੀਆਂ ਹਨ। 50-60 ਸੀਟਾਂ ਤੇ ਸਿਮਟ ਕੇ ਰਹਿ ਗਈ ਇਹ ਪਾਰਟੀ ਆਪਣੀਆਂ ਸੀਟਾਂ ਦੁੱਗਣੀਆਂ ਕਰਨ ਵਿਚ ਕਾਮਯਾਬ ਰਹੀ ਹੈ। ਪਰ ਸਭ ਤੋਂ ਵੱਧ ਨੁਕਸਾਨ ਇਸ ਵਾਰ ਭਾਰਤੀ ਜਨਤਾ ਪਾਰਟੀ ਨੂੰ ਹੀ ਹੋਇਆ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਪਾਰਟੀ ਨੇ ਉਤਰ ਪ੍ਰਦੇਸ਼ ਵਿਚ ਆਸ ਤੋਂ ਕਾਫੀ ਘੱਟ ਪ੍ਰਦਰਸ਼ਨ ਕੀਤਾ ਹੈ। ਰਾਜਸਥਾਨ ਵਿਚ ਵੀ ਪਿਛਲੀ ਲੋਕ ਸਭਾ ਦੇ ਮੁਕਾਬਲੇ ਇਸ ਪਾਰਟੀ ਦੀਆਂ ਸੀਟਾਂ ਘਟੀਆਂ ਹਨ ਅਤੇ ਬਿਹਾਰ ਵਿਚ ਵੀ ਸੀਟਾਂ ਘਟੀਆਂ ਹਨ, ਜਿਸ ਕਾਰਨ ਭਾਰਤੀ ਜਨਤਾ ਪਾਰਟੀ ਇਕੱਲਿਆਂ ਆਪਣੇ ਬਲਬੂਤੇ ਬਹੁਮਤ ਪ੍ਰਾਪਤ ਕਰਨ ਤੋਂ ਖੁੰਝ ਗਈ ਹੈ। ਹਾਲਾਂਕਿ ਭਾਰਤੀ ਜਨਤਾ ਪਾਰਟੀ ਨੇ ਇਹ ਚੋਣਾਂ ਐਨ. ਡੀ. ਏ. ਦੇ ਬੈਨਰ ਹੇਠ ਲੜੀਆਂ ਸਨ ਅਤੇ ਇਹ ਸਰਕਾਰ ਵੀ ਐਨ. ਡੀ. ਏ. ਦੀ ਕਹੀ ਜਾਵੇਗੀ ਪਰ ਭਾਜਪਾ ਆਪਣੇ ਕੁਝ ਅਹਿਮ ਮੁੱਦਿਆਂ ਨੂੰ ਇਸ ਵਾਰ ਠੰਡੇ ਬਸਤੇ ਵਿਚ ਪਾਉਣ ਲਈ ਮਜਬੂਰ ਹੋਵੇਗੀ। ਫਿਰ ਵੀ ਇਸ ਪਾਰਟੀ ਦੀ ਤੀਜੀ ਵਾਰ ਲਗਾਤਾਰ ਸਰਕਾਰ ਬਣਨ ਜਾ ਰਹੀ ਹੈ, ਇਹ ਇਸ ਪਾਰਟੀ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਪੰਜਾਬ ਵਿਚ ਸਭ ਤੋਂ ਵੱਡਾ ਝਟਕਾ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਲੱਗਿਆ ਹੈ, ਜੋ 13 ਦੀਆਂ 13 ਸੀਟਾਂ ਜਿੱਤਣ ਦਾ ਦਾਅਵਾ ਕਰਦੀ 3 ਉਤੇ ਸਿਮਟ ਕੇ ਰਹਿ ਗਈ ਹੈ। ਕਾਂਗਰਸ ਕੋਲ ਪਿਛਲੀ ਵਾਰ 8 ਸੀਟਾਂ ਸਨ, ਇਸ ਵਾਰ 7 ਰਹਿ ਗਈਆਂ ਹਨ। ਦੋ ਆਜਾਦ ਉਮੀਦਵਾਰ ਜਿੱਤ ਗਏ। ਭਾਰਤੀ ਜਨਤਾ ਪਾਰਟੀ ਨੂੰ ਕੋਈ ਸੀਟ ਨਹੀਂ ਮਿਲੀ ਅਤੇ ਅਕਾਲੀ ਦਲ ਵੀ ਆਪਣੀ ਬਠਿੰਡਾ ਦੀ ਰਵਾਇਤੀ ਸੀਟ ਬਚਾਉਣ ਵਿਚ ਹੀ ਕਾਮਯਾਬ ਹੋ ਸਕਿਆ ਹੈ ਪਰ ਜੇਕਰ ਵੋਟ ਪ੍ਰਤੀਸ਼ਤ ਦੀ ਗੱਲ ਕਰੀਏ ਤਾਂ ਅਕਾਲੀ ਦਲ ਆਪਣਾ 14 ਫੀਸਦੀ ਪਹਿਲਾਂ ਵਾਲਾ ਵੋਟ ਪ੍ਰਤੀਸ਼ਤ ਹੀ ਕਾਇਮ ਰੱਖ ਸਕਿਆ ਹੈ ਅਤੇ ਕਾਂਗਰਸ ਦਾ ਵੋਟ ਬੈਂਕ ਵੀ ਕੁਝ ਖਿਸਕਿਆ ਹੈ ਪਰ ਸਭ ਤੋਂ ਵੱਧ ਨੁਕਸਾਨ ਆਮ ਆਦਮੀ ਪਾਰਟੀ ਨੂੰ ਹੀ ਵਿਧਾਨ ਸਭਾ ਚੋਣਾਂ ਦੇ ਪ੍ਰਦਰਸ਼ਨ ਮੁਕਾਬਲ ਹੁੰਦਾ ਨਜ਼ਰ ਆ ਰਿਹਾ ਹੈ। ਸਭ ਤੋਂ ਵਧ ਫਾਇਦੇ ਵਿਚ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਇਸ ਕਰਕੇ ਨਜ਼ਰ ਆ ਰਹੀ ਹੈ ਕਿਉਂਕਿ ਇਹ ਪਾਰਟੀ ਆਪਣਾ ਵੋਟ ਬੈਂਕ 7 ਫੀਸਦੀ ਤੋਂ 19 ਫੀਸਦੀ ਤੇ ਲੈ ਗਈ ਹੈ। ਜੇਕਰ ਅਕਾਲੀ ਦਲ ਅਤੇ ਭਾਜਪਾ ਫਿਰ ਤੋਂ ਗੱਠਜੋੜ ਕਰ ਲੈਂਦੇ ਹਨ ਤਾਂ ਇਹ ਗੱਠਜੋੜ ਕਾਂਗਰਸ ਅਤੇ ਆਮ ਆਦਮੀ ਪਾਰਟੀ ’ਤੇ ਭਾਰੀ ਪੈ ਸਕਦਾ ਹੈ ਪਰ ਇਹ ਤਾਂ ਭਵਿੱਖ ਦੀਆਂ ਗੱਲਾਂ ਹਨ। ਫਿਲਹਾਲ ਤਾਂ ਇੰਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਭਾਰਤੀ ਜਨਤਾ ਪਾਰਟੀ ਆਪਣੀ ਆਸ ਮੁਤਾਬਕ 400 ਦਾ ਅੰਕੜਾ ਪਾਰ ਨਹੀਂ ਕਰ ਸਕੀ ਅਤੇ ਕਾਂਗਰਸ ਕੋਈ ਵੱਡਾ ਵਿਕਲਪ ਪੇਸ਼ ਨਹੀਂ ਕਰ ਸਕੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don’t endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਰਈਸੀ ਦੀ ਮੌਤ ਪਿੱਛੋਂ ਈਰਾਨ ਦੁਚਿੱਤੀ 'ਚ



ਦਰਬਾਰਾ ਸਿੰਘ ਕਾਹਲੋਂ

ਈਰਾਨ ਦੇ ਕੱਟੜਪੰਥੀ ਕਰੂਰ ਰਾਸ਼ਟਰਪਤੀ ਇਬਰਾਹੀਮ ਰਈਸੀ, ਵਿਦੇਸ਼ ਮੰਤਰੀ ਹੁਸੈਨ ਅਮੀਰ ਅਬਦੁਲਾਹਿਯਨ ਸਮੇਤ 6 ਆਲ੍ਹਾ ਅਧਿਕਾਰੀ ਹੈਲੀਕਾਪਟਰ 212 ਜੋ 15 ਸਵਾਰੀਆਂ ਲਿਜਾ ਸਕਣ ਯੋਗ ਸੀ, ਦੇ ਦੁਰਘਟਨਾ ਗ੍ਰਸਤ ਹੋਣ ਕਰਕੇ 19 ਮਈ ਨੂੰ ਮਾਰੇ ਗਏ। ਇਹ ਦੁਰਘਟਨਾ ਉਦੋਂ ਵਾਪਰੀ ਜਦੋਂ ਉਹ ਪੂਰਬੀ ਅਜ਼ਰਬਾਈ-ਜਾਨ ਵਿਖੇ ਇਕ ਡੈਮ ਦਾ ਉਦਘਾਟਨ ਕਰ ਕੇ ਵਾਪਸ ਪਰਤ ਰਹੇ ਸਨ। ਦੁਰਘਟਨਾ ਵੇਲੇ ਇਸ ਇਲਾਕੇ ਵਿਚ ਸੰਘਣੀ ਧੁੰਦ ਛਾਈ ਹੋਈ ਸੀ। ਹੈਲੀਕਾਪਟਰ ਇਕ ਪਹਾੜੀ ਨਾਲ ਟਕਰਾ ਗਿਆ ਤੇ ਟੁਕੜੇ-ਟੁਕੜੇ ਹੋ ਗਿਆ। ਅਜਿਹੀ ਸਥਿਤੀ ਵਿਚ ਕਿਸੇ ਅਸਵਾਰ ਦਾ ਬਚਣਾ ਸੰਭਵ ਨਹੀਂ। ਸੂਤਰਾਂ ਅਨੁਸਾਰ ਇਸ ਬੇੜੇ ਨਾਲ ਦੋ ਹੈਲੀਕਾਪਟਰ ਹੋਰ ਵੀ ਮੌਜੂਦ ਸਨ ਜੋ ਆਪਣੀ ਮੰਜ਼ਿਲ ’ਤੇ ਸੁਰੱਖਿਅਤ ਪਹੁੰਚ ਗਏ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਰਾਸ਼ਟਰਤੀ ਵਾਲਾ ਹੈਲੀਕਾਪਟਰ ਕਿਸੇ ਬਾਹਰਲੀ ਤੋੜ-ਫੋੜ ਦਾ ਸ਼ਿਕਾਰ ਨਹੀਂ ਹੋਇਆ। ਈਰਾਨੀ ਕੱਟੜਪੰਥੀ ਪ੍ਰਸ਼ਾਸਨ ਨੇ ਰਾਸ਼ਟਰਪਤੀ ਦਾ ਪੰਜ ਰੋਜ਼ਾ ਸੋਗ ਮਨਾਉਣ ਦਾ ਐਲਾਨ ਕੀਤਾ। ਜਿਸ ਕਰੂਰ, ਜ਼ਾਲਮ, ਜ਼ਬਰ ਭਰੇ ਢੰਗ ਨਾਲ ਰਾਸ਼ਟਰਪਤੀ ਰਈਸੀ ਨੇ ਈਰਾਨੀ ਸ਼ਾਸਨ ਚਲਾਇਆ, ‘ਜਨ-ਜ਼ਿੰਦਗੀ-ਆਜ਼ਾਦੀ’ ਲਹਿਰ-2022’ ਨੂੰ ਲੋਹੇ ਦੇ ਹੱਥਾਂ ਨਾਲ ਦਬਾਉਣ ਦਾ ਯਤਨ ਕੀਤਾ, ਇਸ ’ਤੇ ਲੱਖਾਂ ਈਰਾਨੀਆਂ ਨੇ ਉਸ ਦੀ ਮੌਤ ਦਾ ਸੋਗ ਮਨਾਉਣ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਈਰਾਨੀ ਅਟਾਰਨੀ ਜਨਰਲ ਮੁਹੰਮਦ ਮੋਵਾਹੇਦੀ ਨੇ ਤੁਰੰਤ ਸਖ਼ਤ ਕਦਮ ਉਠਾਉਂਦੇ ਹੋਏ ਉਨ੍ਹਾਂ ਦੀ ਮੌਤ ਬਾਰੇ ਖ਼ਬਰਾਂ ਛਾਇਆ ਕਰਨ ਵਾਲੇ ਵਿਰੋਧੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਹੁਕਮ ਜਾਰੀ ਕੀਤੇ। ਉਨ੍ਹਾਂ ਅਨੁਸਾਰ ਅਜਿਹੀਆਂ ਖ਼ਬਰਾਂ ਜਨਤਕ ਮਨਾਂ ਨੂੰ ਮਨੋਵਿਗਿਆਨਿਕ ਤੌਰ ’ਤੇ ਵਿਚਲਿਤ ਅਤੇ ਪਰੇਸ਼ਾਨ ਕਰਦੀਆਂ ਹਨ। ਈਰਾਨੀ ਸੰਵਿਧਾਨ ਤਹਿਤ ਉਨ੍ਹਾਂ ਦੀ ਥਾਂ ਉਪ ਮੁੱਖ ਰਾਸ਼ਟਰਪਤੀ ਮੁਹੰਮਦ ਮੋਖਬਰ ਦੇਜ਼ਫਲੀ ਨੂੰ ਕਾਰਜਕਾਰੀ ਰਾਸ਼ਟਰਪਤੀ ਨਿਯੁਕਤ ਕੀਤਾ ਗਿਆ ਹੈ। ਉਪ ਰਾਸ਼ਟਰਪਤੀ ਚੁਣੇ ਨਹੀਂ ਜਾਂਦੇ, ਉਨ੍ਹਾਂ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ। ਈਰਾਨੀ ਇਸਲਾਮਿਕ ਰਿਪਬਲਿਕ ਦੇ ਸੰਵਿਧਾਨ ਦੀ ਧਾਰਾ 131 ਅਨੁਸਾਰ ਰਾਸ਼ਟਰਪਤੀ ਦੀ ਮੌਤ ਤੋਂ ਬਾਅਦ ਨਵੇਂ ਰਾਸ਼ਟਰਪਤੀ ਦੀ ਚੋਣ 50 ਦਿਨਾਂ ਵਿਚ ਹੋਣੀ ਲਾਜ਼ਮੀ ਹੈ। ਇਸ ਸੰਦਰਭ ਵਿਚ ਈਰਾਨੀ ਪ੍ਰਸ਼ਾਸਨ ਨੇ 28 ਜੂਨ ਨੂੰ ਨਵੇਂ ਰਾਸ਼ਟਰਪਤੀ ਦੀ ਚੋਣ ਦਾ ਐਲਾਨ ਕਰ ਦਿੱਤਾ ਹੈ। ਕਹਿਣ ਨੂੰ ਤਾਂ ਰਾਸ਼ਟਰਪਤੀ ਦੀ ਚੋਣ ਲੋਕਤੰਤਰੀ ਪ੍ਰਕਿਰਿਆ ਰਾਹੀਂ ਹੋਵੇਗੀ ਪਰ ਹਕੀਕਤ ਵਿਚ ਸੁਧਾਰਵਾਦੀ, ਉਦਾਰਵਾਦੀ ਤੇ ਸਥਾਪਤ ਨਿਜ਼ਾਮ ਦੇ ਵਿਰੋਧੀਆਂ ਨੂੰ ਇਸ ਵਿੱਚੋਂ ਮੱਖਣ ਵਿੱਚੋਂ ਵਾਲ ਦੀ ਤਰ੍ਹਾਂ ਲਾਂਭੇ ਕਰ ਦਿੱਤਾ ਜਾਵੇਗਾ। ਈਰਾਨ ਅੰਦਰ ਅਸਲ ਰਾਜਨੀਤਕ, ਫ਼ੌਜੀ, ਸਮਾਜਿਕ ਸ਼ਕਤੀ ਧਾਰਮਿਕ ਆਗੂ ਕੋਲ ਹੁੰਦੀ ਹੈ ਜਿਸ ਨੂੰ ਰਾਸ਼ਟਰ ਦਾ ਸੁਪਰੀਮ ਲੀਡਰ ਕਿਹਾ ਜਾਦਾ ਹੈ। ਸੰਨ 1979 ਦੇ ਇਨਕਲਾਬ ਤੋਂ ਬਾਅਦ ਆਇਤੁਲਾ ਰੂਹੋਲਹ ਨੂੰ ਸੁਪਰੀਮ ਆਗੂ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਦੀ ਥਾਂ ਸੰਨ 1989 ਵਿਚ ਤਤਕਾਲ ਰਾਸ਼ਟਰਪਤੀ ਆਇਤੁਲਾ ਅਲੀ ਖੋਮੀਨੀ ਨੇ ਲਈ ਜੋ ਇਸ ਸਮੇਂ 85 ਸਾਲ ਦੇ ਹੋ ਚੁੱਕੇ ਹਨ ਤੇ ਪ੍ਰਾਸਟੇਟ ਕੈਂਸਰ ਤੋਂ ਪੀੜਤ ਹਨ। ਉਹ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕਾਰਪਸ (ਆਈਆਰਜੀਐਸ) ਤੇ ਗਾਰਜੀਅਨ ਕੌਂਸਲ (ਜੀਸੀ) ਦੇ ਮੁਖੀ ਹੁੰਦੇ ਹਨ। ਵਿਦੇਸ਼ ਨੀਤੀ ਦਾ ਸੰਚਾਲਨ ਵੀ ਉਹੀ ਕਰਦੇ ਹਨ। ਆਈਆਰਜੀਸੀ ਰਾਸ਼ਟਰੀ ਸੁਰੱਖਿਆ ਲਈ ਅਤੇ ਜੀਸੀ ਦੇਸ਼ ਦੇ ਕਾਨੂੰਨਾਂ ਨੂੰ ਮਨਜ਼ੂਰੀ ਦੇਣ ਵਾਲੀ ਸਰਬਉੱਚ ਸੰਸਥਾ ਹੁੰਦੀ ਹੈ। ਜੀਸੀ ਦੇ ਕੁੱਲ 12 ਮੈਂਬਰ ਹੁੰਦੇ ਹਨ ਜਿਨ੍ਹਾਂ ਵਿੱਚੋਂ 6 ਧਾਰਮਿਕ ਵਿਦਵਾਨ ਆਇਤੁਲਾ ਖੋਮੀਨੀ ਅਤੇ 6 ਕਾਨੂੰਨਦਾਨ ਸਰਬਉੱਚ ਨਿਆਂਪਾਲਿਕਾ ਨਾਮਜ਼ਦ ਕਰਦੀ ਹੈ।



ਸੰਨ 2017 ਵਿਚ ਇਬਰਾਹੀਮ ਰਈਸੀ ਹਾਰ ਗਏ ਸਨ। ਸੰਨ 2021 ਦੀਆਂ ਚੋਣਾਂ ਵੇਲੇ ਆਇਤੁਲਾ ਅਲੀ ਖੋਮੀਨੀ ਨੇ ਉਨ੍ਹਾਂ ਦੇ ਵਿਰੋਧੀ ਤਾਕਤਵਰ ਉਮੀਦਵਾਰ ਕਿਸੇ ਨਾ ਕਿਸੇ ਬਹਾਨੇ ਚੋਣ ਮੈਦਾਨ ’ਚੋਂ ਲਾਂਭੇ ਕਰ ਦਿੱਤੇ। ਐਤਕੀਂ ਕਾਇਮ ਮੁਕਾਮ ਰਾਸ਼ਟਰਪਤੀ ਮੁਹੰਮਦ ਮੋਖਬਰ ਦੇਜ਼ਫਲੀ ਤੋਂ ਇਲਾਵਾ ਆਇਤੁਲਾ ਅਲੀ ਖੋਮੀਨੀ ਦਾ ਪੁੱਤਰ ਮੋਜਤੱਬਾ ਖੋਮੀਨੀ ਜਿਸ ਨੂੰ ਜੀਸੀ ਅਤੇ ਫ਼ੌਜੀ ਕਮਾਂਡਰਾਂ ਦੀ ਹਮਾਇਤ ਹਾਸਲ ਹੈ, ਚੋਣ ਮੈਦਾਨ ਵਿਚ ਉਤਰ ਸਕਦੇ ਹਨ। ਪਰ ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਈਰਾਨ ਵਿੱਚੋਂ ਵੰਸ਼ਵਾਦੀ ਰਾਜਾਸ਼ਾਹੀ ਖ਼ਤਮ ਕਰਨ ਵਾਲੀ ਅਜੋਕੀ ਲੀਡਰਸ਼ਿਪ ਸ਼ਾਇਦ ਪਰਿਵਾਰਵਾਦੀ ਮੋਜਤੱਬਾ ਖੋਮੀਨੀ ਦੀ ਚੋਣ ਵਿਚ ਅੜਿੱਕਾ ਬਣੇ। ਮਰਹੂਮ ਰਾਸ਼ਟਰਪਤੀ ਰਈਸੀ ਦੀ ਵਿਧਵਾ ਦਾ ਪਿਤਾ ਕਾਨੂੰਨਦਾਨ ਮਾਹਿਰਾਂ ਦੀ ਅਸੈਂਬਲੀ ਦਾ ਮੈਂਬਰ ਹੋਣ ਕਰਕੇ ਉ-ਮੀਦਵਾਰ ਵਜੋਂ ਵਿਚਾਰਿਆ ਜਾ ਸਕਦਾ ਹੈ। ਇਵੇਂ ਹੀ ਹਿਜ਼ਬੁੱਲਾ ਮੁਖੀ ਹਾਸ਼ਿਮ ਸਫੀਦੀਨ ਜੋ ਸੰਨ 2020 ਵਿਚ ਆਈਆਰਜੀਸੀ ਦੇ ਸੀਨੀਅਰ ਜਾਂਬਾਜ਼ ਕਮਾਂਡਰ ਕਾਸਿਮ ਸੁਲੇਮਾਨੀ ਜੋ ਇਕ ਹਮਲੇ ਵਿਚ ਇਰਾਕ ਅੰਦਰ ਮਾਰਿਆ ਗਿਆ ਸੀ, ਦਾ ਜਵਾਈ ਹੈ ਅਤੇ ਹਿਜ਼ਬੁੱਲਾ ਦੇ ਸਕੱਤਰ ਜਨਰਲ ਦਾ ਮਾਮਾ ਹੈ, ਨੂੰ ਵੀ ਉਮੀਦਵਾਰ ਵਜੋਂ ਵਿਚਾਰਿਆ ਜਾ ਸਕਦਾ ਹੈ। ਪਰ ਇਹ ਗੱਲ ਤਾਂ ਪੱਕੀ ਹੈ ਕਿ ਅਗਲਾ ਰਾਸ਼ਟਰਪਤੀ ਸਖ਼ਤ ਕੱਟੜਪੰਥੀ ਅਤੇ ਇਕ ਐਸੀ ਸ਼ਖ਼ਸੀਅਤ ਹੋਵੇਗੀ ਜੋ ਸੁਪਰੀਮ ਆਗੂ ਦੀ ਪਸੰਦ ਹੋਵੇਗੀ ਜੋ ਉਸ ਦਾ ਜਾਨਸ਼ੀਨ ਵੀ ਹੋਵੇਗਾ। ਰਈਸੀ ਦੀ ਮੌਤ ਵੇਲੇ ਅਜੋਕਾ ਈਰਾਨ ਅੰਦਰੂਨੀ ਅਸ਼ਾਂਤੀ, ਤਿੱਖੀ ਖਿੱਚੋਤਾਣ, ਰਾਜਨੀਤਕ ਅਸਥਿਰਤਾ, ਸਮਾਜਿਕ ਤਣਾਅ ਭਰੇ ਵਿਰੋਧ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਮੌਜੂਦਾ ਕੱਟੜਪੰਥੀ ਲੀਡਰਸ਼ਿਪ ਤੇ ਬਦਨਾਮ ਸਥਾਪਤ ਨਿਜ਼ਾਮ ਇਜ਼ਰਾਈਲ ਤੇ ਪੱਛਮ ਵਿਰੋਧੀ ਹੈ। ਇਹ ‘ਪ੍ਰਤੀਰੋਧੀ ਕੁਹਾੜਾ’ ਸ਼ਕਤੀਆਂ ਵਜੋਂ ਜਾਣੀਆਂ ਜਾਂਦੀਆਂ ਮੱਧ-ਪੂਰਬੀ ਹਮਸ (ਫ਼ਲਸਤੀਨੀ), ਹਿਜ਼ਬੁੱਲਾ (ਲਿਬਨਾਨ ਸਥਿਤ) ਤੇ ਹਾਊਥੀ (ਯਮਨ) ਦੀ ਕੱਟੜ ਹਮਾਇਤੀ ਹੈ ਜੋ ਇਸ ਖਿੱਤੇ ਦੇ ਦੇਸ਼ਾਂ ਦੇ ਅੰਦਰੂਨੀ ਮਸਲਿਆਂ ਵਿਚ ਦਖ਼ਲ ਦਿੰਦੀਆਂ ਹਨ। ਕੁਝ ਸਮਾਂ ਪਹਿਲਾਂ ਈਰਾਨ ਨੇ ਪਾਕਿਸਤਾਨ ਅੰਦਰ ਘੁਸ ਕੇ ਫ਼ੌਜੀ ਕਾਰਵਾਈ ਅੰਜਾਮ ਦਿੱਤੀ ਸੀ। ਰਈਸੀ ਦੀ ਅਗਵਾਈ ਵਿਚ ਈਰਾਨ ਨੇ ਪਰਮਾਣੂ ਹਥਿਆਰ ਬਣਾਉਣ ਦੀ ਨੀਤੀ ’ਤੇ ਅਮਲ ਜਾਰੀ ਰੱਖਿਆ। ਕੌਮਾਂਤਰੀ ਪਰਮਾਣੂ ਰਿਐਕਟਰਾਂ ਦਾ ਜਾਇਜ਼ਾ ਲੈਣ ਵਾਲੇ ਇੰਸਪੈਕਟਰਾਂ ਨੂੰ ਨੇੜੇ ਨਹੀਂ ਫਟਕਣ ਦਿੱਤਾ। ਚੀਨ ਤੇ ਰੂਸ ਨਾਲ ਨੇੜਤਾ ਜਾਰੀ ਰੱਖੀ। ਭਾਰਤ ਨਾਲ ਵੀ ਈਰਾਨ ਦੇ ਵਧੀਆ ਸਬੰਧ ਹਨ। ਦੋਵੇਂ ਮਿਲ ਕੇ ਚਾਬਹਾਰ ਬੰਦਰਗਾਹ ਉਸਾਰ ਰਹੇ ਹਨ।

ਸੰਨ 2018 ਵਿਚ ਅਮਰੀਕਾ ਵੱਲੋਂ ਈਰਾਨ ਨਾਲ ਪਰਮਾਣੂ ਸੰਧੀ ਤੋਂ ਪਿੱਛੇ ਹਟਣਾ, ਸੰਨ 2022 ਦੇ ਜਨਤਕ ਵਿਰੋਧ ਦੇ ਚੱਲਦੇ ਮਾਨਵ ਅਧਿਕਾਰਾਂ ਦਾ ਘਾਣ ਕਰਨ, ਅੱਤਵਾਦੀ ਤੇ ਕੱਟੜਪੰਥੀ ਸੰਸਥਾਵਾਂ ਨੂੰ ਹਥਿਆਰਾਂ ਦੀ ਸਪਲਾਈ ਤੇ ਟਰੇਨਿੰਗ ਦੇਣ ਕਰਕੇ ਅਮਰੀਕਾ ਸਮੇਤ ਪੱਛਮ ਵੱਲੋਂ ਇਸ ਸ਼ੀਆ ਇਸਲਾਮਿਕ ਰਿਪਬਲਿਕ ਵਿਰੁੱਧ ਆਰਥਿਕ ਪਾਬੰਦੀਆਂ ਨਾਫਜ਼ ਕੀਤੀਆਂ ਹੋਈਆਂ ਹਨ। ਦੂਜੇ ਪਾਸੇ ਅਮਰੀਕੀ, ਯੂਐਨ ਤੇ ਪੱਛਮ ਦੀਆਂ ਪਾਬੰਦੀਆਂ ਦੇ ਬਾਵਜੂਦ ਚੀਨ ਈਰਾਨ ਤੋਂ ਤੇਲ ਖ਼ਰੀਦ ਰਿਹਾ ਹੈ। ਉਸ ਨੇ ਸਾਊਦੀ ਅਰਬ ਨਾਲ ਈਰਾਨ ਦੇ ਸਬੰਧ ਆਮ ਵਰਗੇ ਕਰਨ ਵਿਚ ਭੂਮਿਕਾ ਨਿਭਾਈ ਹੈ। ਯੂਕਰੇਨ-ਰੂਸ ਜੰਗ ਦੇ ਚੱਲਦੇ ਈਰਾਨ ਵੱਡੇ ਪੱਧਰ ’ਤੇ ਰੂਸ ਨੂੰ ਡ੍ਰੋਨ ਸਪਲਾਈ ਜਾਰੀ ਰੱਖ ਰਿਹਾ ਹੈ। ਈਰਾਨ ਵੱਲੋਂ 13 ਅਪ੍ਰੈਲ 2024 ਨੂੰ 300 ਤੋਂ ਵੱਧ ਮਿਜ਼ਾਈਲਾਂ ਤੇ ਡਰੋਨਾਂ ਨਾਲ ਇਜ਼ਰਾਈਲ ’ਤੇ ਹਮਲਾ ਕਰ ਕੇ ਉਸ ਨੇ ਆਪਣੇ ਸਹਿਯੋਗੀਆਂ ਤੇ ਇਜ਼ਰਾਈਲ ਨੂੰ ਵਿਖਾ ਦਿੱਤਾ ਕਿ ਉਸ ਵਿਚ ਉਸ ’ਤੇ ਹਮਲਾ ਕਰਨ ਦਾ ਦਮ-ਖਮ ਮੌਜੂਦ ਹੈ। ਇਜ਼ਰਾਈਲ ਨੇ ਵੀ ਭਾਵੇਂ ਬਦਲੇ ਵਿਚ ਕਾਰਵਾਈ ਕੀਤੀ ਜੋ ਉਸ ਦਾ ਕੁਝ ਨਾ ਵਿਗਾੜ ਸਕੀ। ਖ਼ੈਰ! ਕੌਮਾਂਤਰੀ ਭਾਈਚਾਰੇ ਨੇ ਵਿਚ ਪੈ ਕੇ ਇਕ ਵਾਰ ਤਾਂ ਇਜ਼ਰਾਈਲ-ਈਰਾਨ ਸਿੱਧੀ ਜੰਗ ਰੋਕ ਦਿੱਤੀ ਪਰ ਬੱਦਲ ਅਜੇ ਛਟੇ ਨਹੀਂ ਹਨ। ਜੰਗੀ ਸਟੱਡੀ ਸੰਸਥਾ ਅਨੁਸਾਰ ਈਰਾਨ ਨੂੰ ਇਸ ਨਾਲ ਇਜ਼ਰਾਇਲੀ ਸੁਰੱਖਿਆ ਦੀਆਂ ਖ਼ਾਮੀਆਂ ਦਾ ਪਤਾ ਚੱਲ ਗਿਆ ਹੈ। ਲੇਕਿਨ ਈਰਾਨ ਅੰਦਰੂਨੀ ਵਿਰੋਧ, ਗੁਆਂਢੀਆਂ ਵਿਚ ਦਖ਼ਲ, ਪੱਛਮ-ਇਜ਼ਰਾਈਲ ਨਾਲ ਟਕਰਾਅ, ਕੱਟੜਪੰਥੀ ਨੀਤੀਆਂ, ਆਰਥਿਕ ਮੰਦਹਾਲੀ ਵਿਚ ਵਾਧੇ ਨੇ ਇਸ ਨੂੰ ਇਕ ਭਵਿੱਖੀ ਡਰਾਉਣੇ ਚੌਰਾਹੇ ’ਤੇ ਖੜ੍ਹਾ ਕਰ ਦਿੱਤਾ ਹੈ। ਲੱਖ ਸੋਨ ਟਕੇ ਦਾ ਸਵਾਲ ਇਹ ਹੈ ਕਿ ਈਰਾਨ ਦੇ ਲੱਖਾਂ ਬਾਸ਼ਿੰਦੇ ਆਪਣੇ ਰਾਸ਼ਟਰਪਤੀ ਦੀ ਅਚਾਨਕ ਦੁਰਘਟਨਾ ’ਚ ਹੋਈ ਮੌਤ ਦੇ ਸੋਗ ਵਿਚ ਸ਼ਾਮਲ ਹੋਣ ਲਈ ਕਿਉਂ ਤਿਆਰ ਨਹੀਂ? 14 ਦਸੰਬਰ 1960 ਨੂੰ ਉੱਤਰੀ ਈਰਾਨ ਵਿਚ ਇਕ ਮੌਲਵੀ ਦੇ ਘਰ ਜੰਮਿਆ ਇਬਰਾਹੀਮ ਰਈਸੀ ਜਿਸ ਦੇ ਸਿਰ ਤੋਂ ਬਾਪ ਦਾ ਸਾਇਆ 5 ਸਾਲ ਬਾਅਦ ਉੱਠ ਗਿਆ ਸੀ ਉਹ 20 ਸਾਲ ਦੀ ਉਮਰ ਵਿਚ ਕਰਾਜ਼ ਦਾ

(ਬਾਕੀ ਸਫਾ 6 ‘ਤੇ)

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਭੁਪਿੰਦਰ ਸਿੰਘ ਪਦਮ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਗੁਰਵਿੰਦਰ ਸਿੰਘ ਮਾਵੀ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਰਣਬੀਰ ਸਿੰਘ, ਬੇਕਰਸਫੀਲਡ

# Pardes Times TV

## A Youtube Show

ਪਰਦੇਸ ਟਾਇਮਜ਼ ਤੁਹਾਡੇ ਲਈ ਪੰਜਾਬੀ ਮਾਂ-ਬੋਲੀ 'ਚ ਇਕ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ, ਜੋ ਪੰਜਾਬੀਆਂ ਨੂੰ ਉਨ੍ਹਾਂ ਦੀ ਬੋਲੀ ਨਾਲ ਜੋੜਦਾ ਹੈ। ਸ਼ੋਅ ਵੇਖਣ ਲਈ **Pardestimes tv** ਨੂੰ ਸਬਸਕ੍ਰਾਈਬ ਕਰੋ।

**www.pardestimes.com** 510-938-7771


# ਸਪੀਕਰ ਵੱਲੋਂ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਪ੍ਰਵਾਨ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਅੰਗੁਰਾਲ ਨੇ ਹਾਲਾਂਕਿ ਲੰਘੇ ਦਿਨ ਵਿਧਾਨ ਸਭਾ ਸਪੀਕਰ ਦੇ ਨਾਮ ਚਿੱਠੀ ਲਿਖ ਕੇ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਸੀ। ਅੰਗੁਰਾਲ ਅੱਜ ਵਿਧਾਨ ਸਭਾ ਸਪੀਕਰ ਨੂੰ ਮਿਲਣ ਲਈ ਚੰਡੀਗੜ੍ਹ ਪਹੁੰਚੇ, ਪਰ ਸਪੀਕਰ ਦੇ ਮੌਜੂਦ ਨਾ ਹੋਣ ਕਰਕੇ ਉਨ੍ਹਾਂ ਨੂੰ ਖਾਲੀ ਹੱਥ ਮੁੜਨਾ ਪਿਆ। ਅੰਗੁਰਾਲ ਨੇ ਕਿਹਾ ਕਿ ਉਹ ਸਪੀਕਰ ਦੀ ਧੱਕੇਸ਼ਾਹੀ ਖਿਲਾਫ਼ ਹਾਈ ਕੋਰਟ ਦਾ ਦਰ ਖੜਕਾਉਣਗੇ।

ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਲੋਕ ਸਭਾ ਹਲਕਾ ਜਲੰਧਰ ਤੋਂ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਨਾਲ 28 ਮਾਰਚ ਨੂੰ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਇਕ ਦਿਨ ਬਾਅਦ 28 ਮਾਰਚ ਨੂੰ ਹੀ ਸ਼ੀਤਲ ਅੰਗੁਰਾਲ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਸੀ। ਜਾਣਕਾਰੀ ਅਨੁਸਾਰ ਸਪੀਕਰ ਨੇ 30 ਮਈ ਨੂੰ ਅੰਗੁਰਾਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਸੀ, ਜਦੋਂ ਕਿ 31 ਮਈ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਜਲੰਧਰ ਪੱਛਮੀ ਦੀ ਸੀਟ ਖਾਲੀ ਐਲਾਨ ਦਿੱਤੀ ਸੀ। ਅੰਗੁਰਾਲ ਨੇ 2 ਜੂਨ ਨੂੰ ਵਿਧਾਨ ਸਭਾ ਸਪੀਕਰ ਦੇ ਨਾਮ ਪੱਤਰ ਲਿਖ ਕੇ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਸੀ। ਲੋਕ ਸਭਾ ਚੋਣਾਂ ਖਤਮ ਹੁੰਦਿਆਂ ਹੀ ਵਿਧਾਇਕ ਸ਼ੀਤਲ ਅੰਗੁਰਾਲ ਨੇ ਭਾਜਪਾ ਤੋਂ ਪਾਸਾ ਵੱਟ ਲਿਆ ਹੈ। ਉਨ੍ਹਾਂ ਆਪਣੇ ਫੇਸਬੁੱਕ ਅਕਾਊਂਟ ਤੋਂ 'ਮੋਦੀ ਕਾ ਪਰਿਵਾਰ' ਵੀ ਹਟਾ ਦਿੱਤਾ ਹੈ। ਸ਼ੀਤਲ ਅੰਗੁਰਾਲ ਪਹਿਲਾਂ ਵੀ ਭਾਜਪਾ ਛੱਡ ਕੇ 'ਆਪ' ਵਿੱਚ ਆਏ ਸਨ। ਉਨ੍ਹਾਂ ਨੇ 'ਆਪ' ਵੱਲੋਂ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਚੋਣਾਂ ਲੜ ਕੇ ਜਿੱਤ ਹਾਸਲ ਕੀਤੀ ਸੀ। ਅੰਗੁਰਾਲ ਨੇ ਸਪੀਕਰ ਵੱਲੋਂ ਅਸਤੀਫ਼ਾ ਪ੍ਰਵਾਨ ਕਰਨ ਵਿਰੁੱਧ ਅਦਾਲਤ ਦਾ ਦਰਵਾਜ਼ਾ ਖੜਕਾਉਣ ਦਾ ਐਲਾਨ ਕਰਦਿਆਂ ਕਿਹਾ, "ਮੈਂ ਦੋ ਮਹੀਨੇ ਪਹਿਲਾਂ ਅਸਤੀਫਾ ਦਿੱਤਾ ਸੀ। ਅਸਤੀਫਾ ਦੇਣ ਦਾ ਕਾਰਨ ਸੀ ਕਿ ਹਿਮਾਚਲ ਪ੍ਰਦੇਸ਼ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਲੋਕ ਸਭਾ ਚੋਣਾਂ ਦੇ ਨਾਲ ਜ਼ਿਮਨੀ ਚੋਣ ਕਰਵਾਈ ਜਾਵੇ, ਪਰ ਸੂਬਾ ਸਰਕਾਰ ਨੇ ਨਹੀਂ ਕਰਵਾਈਆਂ।


# ਅੱਜ ਹੀ ਆਪਣਾ ਫ਼ੋਨ ਠੀਕ ਕਰਵਾਓ

## CELL PHONE REPAIR BY SYCAMORE TECH

**Location: 6170 Thornton Avenue Suite C, Newark, CA, 94560**

ਸੈਕਿੰਡ ਹੈਂਡ ਮੋਬਾਇਲ ਫੋਨ ਲੈਣਾ ਹੋਵੇ

ਮੋਬਾਇਲ ਦੀ ਤੁਰੰਤ ਅਤੇ ਉਸੇ ਦਿਨ (Same Day Repair) ਰਿਪੇਅਰ ਕਰਵਾਉਣੀ ਹੋਵੇ

ਸਾਡੇ ਨਾਲ ਜ਼ਰੂਰ ਸੰਪਰਕ ਕਰੋ ਜੀ:

**Phone: 510-894-9607**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10.00 ਵਜੇ ਤੋਂ ਸ਼ਾਮੀ 7 ਵਜੇ ਤੱਕ,
ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ ਸ਼ਾਮੀ 5 ਵਜੇ ਤੱਕ, ਐਤਵਾਰ ਬੰਦ

**Services We Offer:**

* iPhone and iPad Repair
* Samsung Phones Repair
* PC and Mac Repair
* Sell Unlocked Phones
* Screen/LCD Replacement
* Battery and Charging Issue
* Back Glass and Camera Lens
* Water Damaged and Locked Phones

10% Off



CELL PHONE REPAIR BY SYCAMORE TECH

**Same Day Repair.**
**Get Your Phone Fixed Today!**

www.sycamoretechca.com





Matrimonial

# ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: **510-938-7771** **shaadi@pardestimes.com**

### ਲੜਕੀ ਦੀ ਲੋੜ

ਸਰਸਵਤੀ ਬ੍ਰਾਹਮਣ, ਕੁਆਰਾ, ਸ਼ੁੱਧ ਸ਼ਾਕਾਹਾਰੀ ਲੜਕਾ, ਜਨਮ ਤਾਰੀਖ 8 ਮਈ 1984, ਕੱਦ 5 ਫੁੱਟ 9 ਇੰਚ, ਯੋਗਤਾ ਗ੍ਰੈਜੂਏਟ, ਪੀ. ਆਰ. ਲਈ ਪੜ੍ਹੀ-ਲਿਖੀ ਸਨਾਤਨੀ ਵਿਚਾਰਾਂ ਵਾਲੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ 510-938-9140

### ਲੜਕੀ ਦੀ ਲੋੜ

33 ਸਾਲਾ, ਕੱਦ 5 ਫੁੱਟ 11 ਇੰਚ, ਜੱਟ ਸਿੱਖ, ਆਈ. ਟੀ. ਇੰਜੀਨੀਅਰ ਸਰਕਾਰੀ ਨੌਕਰੀ ਕਰਦੇ ਲੜਕੇ ਲਈ, ਯੋਗ ਲੜਕੀ ਦੀ ਲੋੜ ਹੈ। ਪਿਤਾ ਗਜ਼ਟਿਡ ਅਫਸਰ ਸਨ ਭਾਰਤ 'ਚ। ਸੰਪਰਕ ਕਰੋ 510-453-7302, (ਇੰਡੀਆ) 91-98766-96721, san.mag09@gmail.com

### ਲੜਕੀ ਦੀ ਲੋੜ

ਹਿੰਦੂ ਲੜਕਾ, ਕੱਦ 5 ਫੁੱਟ 11 ਇੰਚ, ਗਰਗ ਗੋਤਰ, 34 ਸਾਲਾ MS in Mechanical Engg ਕੀਤੀ ਹੋਈ, ਮਕੈਨੀਕਲ ਇੰਜੀਨੀਅਰ ਦੇ ਤੌਰ ਤੇ ਕੈਲੇਫੋਰਨੀਆ 'ਚ ਕੰਮ ਕਰਦੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ ਐਚ1ਬੀ ਵੀਜ਼ਾ ਤੇ ਕੰਮ ਕਰਦਾ ਹੈ। ਹੋਰ ਜਾਣਕਾਰੀ ਲਈ 559-644-7129 ਤੇ ਜਾਂ abhishek.garg4003@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

31 ਸਾਲਾ 'ਸੱਗੂ' ਰਾਮਗੜ੍ਹੀਆ ਲੜਕੀ, ਜੋ ਐਮ. ਡੀ. ਹੈ, ਕੱਦ 5 ਫੁੱਟ 3 ਇੰਚ ਹੈ। ਕਨੇਡੀਅਨ ਸਿਟੀਜ਼ਨ ਜੋ ਕੈਲੇਫੋਰਨੀਆ 'ਚ ਡਾਕਟਰ ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ- ਤਰਲੋਚਨ ਸਿੰਘ ਸੱਗੂ 416-886-9197 saggutarlochan@yahoo.com

### ਵਰ ਦੀ ਲੋੜ

33 ਸਾਲਾ ਕੱਦ 5 ਫੁੱਟ 4 ਇੰਚ, ਨਿਊਯਾਰਕ ਵਿਖੇ ਅਟਾਰਨੀ ਦੇ ਤੌਰ ਤੇ ਕੰਮ ਕਰਦੀ ਸਿੱਖ ਲੜਕੀ, ਜਿਸਨੇ ਬੀ. ਐਸ. ਸੀ., ਸਾਈਕਲੌਜੀ ਤੇ ਜੇ. ਡੀ. ਐਲ ਐਲ ਬੀ ਦੀ ਸਿੱਖਿਆ ਹਾਸਲ ਕੀਤੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ 315-395-2585 Rimmi.kailey@gmail.com

### ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ, ਜਨਮ 1984, ਕੱਦ 5 ਫੁੱਟ 10 ਇੰਚ, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ।
ਸੰਪਰਕ +1 (510) 200-1772

### ਵਰ ਦੀ ਲੋੜ

33 ਸਾਲਾ, ਲੜਕੀ, ਕੱਦ 5 ਫੁੱਟ 5 ਇੰਚ, ਜਿਸਨੇ Bachelor of Science in Commerce: Finance Major, Economics and Management Information Systems minors from Santa Clara University ਅਤੇ Apple Company ਲਈ Internet Software Engineer ਦੇ ਤੌਰ ਤੇ ਕੰਮ ਕਰਦੀ ਵਾਸਤੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ 408-835-0202 ਜਾਂ ਈਮੇਲ 8350202@gmail.com


# 'ਐਗਜ਼ਿਟ ਪੋਲ' ਉੱਤੇ ਰੋਕ ਲਾਈ ਜਾਵੇ- ਸੰਜੈ ਸਿੰਘ

ਨਵੀਂ ਦਿੱਲੀ- 'ਆਪ' ਆਗੂ ਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਮੁਲਕ ਵਿੱਚ ਐਗਜ਼ਿਟ ਪੋਲਾਂ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਪੋਲ ਕਈ ਵਾਰ ਗਲਤ ਸਾਬਤ ਹੋ ਚੁੱਕੇ ਹਨ।

ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਦਾਅਵਾ ਕੀਤਾ,'ਐਗਜ਼ਿਟ ਪੋਲਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲੱਗਣੀ ਚਾਹੀਦੀ ਹੈ ਕਿਉਂਕਿ ਇਹ ਇੱਕ ਵਾਰ ਨਹੀਂ ਬਲਕਿ ਕਈ ਵਾਰ ਗਲਤ ਸਾਬਤ ਹੋ ਚੁੱਕੇ ਹਨ। ਇਹ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਮੁਲਕ ਦੇ ਲੋਕਾਂ, ਪ੍ਰਸ਼ਾਸਕੀ ਢਾਂਚੇ ਤੇ ਚੋਣ ਕਮਿਸ਼ਨ ਨੂੰ ਪ੍ਰਭਾਵਿਤ ਕਰਨ ਦਾ ਗਲਤ ਤਰੀਕਾ ਹੈ।' ਉਨ੍ਹਾਂ ਦਾਅਵਾ ਕੀਤਾ ਕਿ 4 ਜੂਨ ਨੂੰ ਵੋਟਾਂ ਦੀ ਗਿਣਤੀ ਮਗਰੋਂ ਇੰਡੀਆ ਗੱਠਜੋੜ 295 ਸੀਟਾਂ ਹਾਸਲ ਕਰੇਗਾ। ਪਿਛਲੇ ਦੋ ਦਿਨਾਂ ਤੋਂ ਚੱਲ ਰਹੇ ਐਗਜ਼ਿਟ ਪੋਲਾਂ ਦੌਰਾਨ ਭਾਜਪਾ ਆਗੂ ਜਸ਼ਨ ਮਨਾ ਰਹੇ ਤੇ ਮਠਿਆਈਆਂ ਵੰਡ ਰਹੇ ਹਨ। ਉਨ੍ਹਾਂ ਕਿਹਾ ਕਿ ਮੁਲਕ ਦੇ ਲੋਕਾਂ ਨੂੰ ਗਲਤ ਦਿਸ਼ਾ 'ਚ ਲਿਜਾਇਆ ਜਾ ਰਿਹਾ ਹੈ ਅਤੇ 4 ਜੂਨ ਨੂੰ ਵੋਟਾਂ ਦੀ ਗਿਣਤੀ ਨੂੰ ਗੈਰ-ਕਾਨੂੰਨੀ ਢੰਗ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਦਿੱਲੀ ਆਬਕਾਰੀ ਘੁਟਾਲਾ: 1,100 ਕਰੋੜ ਰੁਪਏ ਤੋਂ ਵੱਧ ਦੀ ਮਨੀ ਲਾਂਡਰਿੰਗ ਦੇ ਦੋਸ਼



ਨਵੀਂ ਦਿੱਲੀ- ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੀਆਰਐਸ ਆਗੂ ਕੇ ਕਵਿਤਾ ਖਿਲਾਫ ਇੱਥੇ ਇੱਕ ਅਦਾਲਤ ਵਿੱਚ ਦਾਇਰ ਆਪਣੀ ਪੂਰਕ ਚਾਰਜਸ਼ੀਟ ਵਿੱਚ ਦੋਸ਼ ਲਗਾਇਆ ਹੈ ਕਿ ਦਿੱਲੀ ਆਬਕਾਰੀ ਘੁਟਾਲੇ ਵਿੱਚ 1,100 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕੀਤੀ ਗਈ ਸੀ। ਈਡੀ ਅਨੁਸਾਰ 1,100 ਕਰੋੜ ਰੁਪਏ ਵਿੱਚੋਂ ਕਵਿਤਾ 292।8 ਕਰੋੜ ਰੁਪਏ ਦੇ ਕਾਲੇ ਧਨ ਦੀ ਕਮਾਈ ਵਿੱਚ ਸ਼ਾਮਲ ਸੀ। ਇਹ ਦੋਸ਼ ਈਡੀ ਦੀ ਸਪਲੀਮੈਂਟਰੀ ਚਾਰਜਸ਼ੀਟ ਵਿੱਚ ਲਗਾਏ ਗਏ ਹਨ। ਅਦਾਲਤ ਨੇ ਕਵਿਤਾ ਦੀ ਨਿਆਂਇਕ ਹਿਰਾਸਤ 3 ਜੁਲਾਈ ਤੱਕ ਵਧਾ ਦਿੱਤੀ ਸੀ।

# ਵਿਪਸਾਅ ਕੈਲੀਫ਼ੋਰਨੀਆ ਵੱਲੋਂ ਪਦਮ ਸ੍ਰੀ ਡਾ. ਸੁਰਜੀਤ ਪਾਤਰ ਦੀ ਨਿੱਘੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ



ਹੇਵਰਡ- ਵਿਪਸਾਅ ਵੱਲੋਂ ਫਰੀਮੌਂਟ ਵਿਖੇ ਪਦਮ ਸ੍ਰੀ ਡਾ। ਸੁਰਜੀਤ ਪਾਤਰ ਨੂੰ ਨਿੱਘੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਗ਼ਮਗੀਨ ਮਾਹੌਲ ਵਿੱਚ ਵਿਪਸਾਅ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਵਿਪਸਾਅ ਦੇ ਲੰਮਾ ਵਕਤ ਮੈਂਬਰ ਰਹੇ ਅਤੇ ਅਮਰੀਕਾ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਰਹੇ ਸ਼ਾਇਰ ਆਜ਼ਾਦ ਜਲੰਧਰੀ ਦੇ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਉਨ੍ਹਾਂ ਦੇ ਸੰਸਕਾਰ ਦੀ ਜਾਣਕਾਰੀ ਸਭ ਨਾ਼ਲ ਸਾਂਝੀ ਕੀਤੀ ਜਾਵੇਗੀ। ਇਸ ਉਪਰੰਤ ਡਾ. ਸੁਰਜੀਤ ਪਾਤਰ ਅਤੇ ਆਜ਼ਾਦ ਜਲੰਧਰੀ ਜੀ ਦੀਆਂ ਵਿੱਛੜੀਆਂ ਰੂਹਾਂ ਦੀ ਸ਼ਾਂਤੀ ਲਈ ਸਭ ਵੱਲੋਂ ਮੋਨ ਧਾਰਨ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਵਿਪਸਾਅ ਪ੍ਰਧਾਨ ਕੁਲਵਿੰਦਰ, ਹਰਜਿੰਦਰ ਕੰਗ, ਸੁਰਜੀਤ ਸਖੀ, ਡਾ। ਸੁਖਵਿੰਦਰ ਕੰਬੋਜ, ਸਾਹਿਤ ਪ੍ਰੇਮੀ ਲਾਲੀ ਧਨੋਆ ਅਤੇ ਜਸਵੀਰ ਗਿੱਲ ਸ਼ਾਮਲ ਹੋਏ। ਵਿਪਸਾਅ ਦੇ ਸਰਗਰਮ ਮੈਂਬਰ ਅਤੇ ਪੰਜਾਬ ਲੋਕ ਰੰਗ ਨਾ਼ਲ ਜੁੜੇ ਕਲਾਕਾਰ ਮੁਕੇਸ਼ ਸ਼ਰਮਾ ਦਾ ਕਾਵਿ ਸੰਗ੍ਰਹਿ 'ਆਪੇ ਨਾ਼ਲ ਬਾਤ' ਲੋਕ ਅਰਪਣ ਕੀਤਾ ਗਿਆ। ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਮੁਕੇਸ਼ ਇੱਕ ਸ਼ਾਇਰ ਹੋਣ ਦੇ ਨਾ਼ਲ ਵਧੀਆ ਰੰਗ-ਕਰਮੀ ਅਤੇ ਕਲਾਕਾਰ ਵੀ ਹੈ। ਉਹ ਉਸਦੀ ਅਗਲੀ ਕਿਤਾਬ ਵਿੱਚ ਹਰ ਨਜ਼ਮ ਦੇ ਨਾ਼ਲ ਉਸਦਾ ਬਣਾਇਆ ਸਕੈੱਚ ਦੇਖਣਾ ਚਾਹੁੰਦੇ ਹਨ। ਹਰਜਿੰਦਰ ਕੰਗ ਨੇ ਕਿਹਾ ਕਿ ਕਿਤਾਬ ਦਾ ਨਾਮ 'ਆਪੇ ਨਾ਼ਲ ਬਾਤ' ਹੀ ਸਪਸ਼ਟ ਕਰਦਾ ਹੈ ਕਿ ਇਸ ਵਿੱਚ ਕਵੀ ਨੇ ਆਤਮ ਮੰਥਨ ਕਰਦੇ ਹੋਏ ਸਮਾਜ ਨਾ਼ਲ ਸਾਂਝ ਪਾਈ ਹੈ। ਸੁਖਵਿੰਦਰ ਕੰਬੋਜ ਨੇ ਇਸੇ ਸੰਦਰਭ ਵਿੱਚ ਕਿਹਾ ਕਿ ਮੁਕੇਸ਼ ਮੰਚ ਦਾ ਧਨੀ ਹੈ। ਇਸ ਦੀ ਕਵਿਤਾ ਮਨ ਦੇ ਕਈ ਭਾਵਾਂ ਨੂੰ ਬਿਆਨਦੀ ਹੈ।

ਸਮਾਗਮ ਵਿੱਚ ਹਾਜ਼ਰ ਲੇਖਕਾਂ, ਸਾਹਿਤ ਪ੍ਰੇਮੀਆਂ ਅਤੇ ਡਾ। ਸੁਰਜੀਤ ਪਾਤਰ ਦੇ ਨਜ਼ਦੀਕੀਆਂ ਵਲੋਂ ਉਹਨਾਂ ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਹਨਾਂ ਦੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਤੋਰਦਿਆਂ ਜਗਜੀਤ ਨੇ ਦੱਸਿਆ ਕਿ 14 ਜਨਵਰੀ 1945 ਨੂੰ ਪਾਤੜਕਲਾਂ ਵਿੱਚ ਜਨਮਿਆਂ ਇਹ ਬਾਲ ਪੰਜਾਹ ਸਾਲ ਤੋਂ ਵੱਧ ਪੰਜਾਬੀ ਸਾਹਿਤ ਜਗਤ ਦੀ ਆਭਾ ਬਣਿਆ ਰਿਹਾ। ਉਸਦੀ ਸਖ਼ਸ਼ੀਅਤ ਅਤੇ ਸ਼ਾਇਰੀ ਦੋਵਾਂ ਵਿੱਚ ਹੀ ਅਜਿਹੀ ਚੁੰਬਕੀ ਖਿੱਚ ਸੀ ਕਿ ਪਾਠਕ ਅਤੇ ਸਰੋਤੇ ਉਸ ਵੱਲ ਖਿੱਚੇ ਜਾਂਦੇ ਸਨ। ਲੇਖਕ ਵਰਿਆਮ ਸੰਧੂ ਦੇ ਸ਼ਬਦਾਂ ਵਿੱਚ, 'ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ'। ਇਸ ਉਪਰੰਤ ਜਯੋਤੀ ਸਿੰਘ, ਚਰਨਜੀਤ ਸਿੰਘ ਪਨੂੰਅਵਤਾਰ ਸਿੰਘ ਗੋਂਦਾਰਾ, ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਜਸਵੰਤ ਸਿੰਘ ਸੰਧੂ, ਅਮਰਜੀਤ ਕੌਰ ਪੰਨੂੰ, ਮਨਦੀਪ ਗੋਰਾ, ਹਰਪ੍ਰੀਤ ਕੌਰ ਧੂਤ, ਐਸ਼ ਕੁਮ ਐਸ਼ ਵਿਕ , ਲਾਜ ਨੀਲਮ ਸੈਣੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਲਾਲੀ ਧਨੋਆ, ਸੁਰਜੀਤ ਸਖੀ, ਹਰਜਿੰਦਰ ਕੰਗ, ਡਾ। ਸੁਖਵਿੰਦਰ ਕੰਬੋਜ, ਜਸਵੀਰ ਗਿੱਲ ਅਤੇ ਕੁਲਵਿੰਦਰ ਨੇ ਡਾ। ਪਾਤਰ ਨਾ਼ਲ ਜੁੜੀਆਂ ਯਾਦਾਂ ਸਾਂਝੀਆਂ ਕਰਕੇ, ਉਨ੍ਹਾਂ ਦੀਆਂ ਗ਼ਜਲਾਂ ਦੇ ਸ਼ਿਅਰ ਅਤੇ ਸ਼ਬਦ ਚਿੱਤਰ ਪੜ੍ਹ ਕੇ ਗ਼ਮਗੀਨ ਕਾਇਨਾਤ ਨੂੰ ਸਹਿਜ ਕਰ ਦਿੱਤਾ। ਉਨ੍ਹਾਂ ਦੇ ਸ਼ਬਦਾਂ ਦੀ ਲੋਅ ਹਨੇਰੇ ਵਿੱਚ ਰੌਸ਼ਨੀ ਦੀ ਕਿਰਨ ਦਿਖਾ ਰਹੀ ਸੀ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਡਾ. ਸੁਰਜੀਤ ਪਾਤਰ ਉਸ ਸਮਾਗਮ ਵਿੱਚ ਆਪ ਸ਼ਾਮਲ ਹੋਣ। ਉਨ੍ਹਾਂ ਦੀ ਸ਼ਾਇਰੀ ਵਿੱਚੋਂ ਉਨ੍ਹਾਂ ਦੀ ਸੂਰਤ ਤੇ ਸੀਰਤ ਝਲਕਦੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਜਦੋਂ ਵੀ ਕੋਈ ਬੁਲਾਰਾ ਉਨ੍ਹਾਂ ਦਾ ਸ਼ਿਅਰ ਬੋਲਦਾ ਤਾਂ ਹਾਲ ਵਿੱਚ ਬੈਠਾ ਹਰ ਸਰੋਤਾ ਉਸ ਸ਼ਿਅਰ ਨੂੰ ਨਾ਼ਲ ਹੀ ਬੋਲਦਾ। ਅਜਿਹਾ ਉਦੋਂ ਹੀ ਹੁੰਦਾ ਹੈ ਜਦੋਂ ਕਿਸੇ ਕਵੀ ਦੀ ਕਵਿਤਾ ਲੋਕ ਮਨਾ ਵਿੱਚ ਵੱਸੀ ਹੋਵੇ। ਪਾਤਰ ਦੀ ਸ਼ਾਇਰੀ ਹਰ ਕਿਸੇ ਦੇ ਮਨ ਨੂੰ ਟੁੰਬਦੀ, ਕੀਲਦੀ ਤੇ ਗੁੱਝੀਆਂ ਰਮਜ਼ਾਂ ਦੇ ਭੇਦ ਪਛਾਣਨ ਦੇ ਯੋਗ ਬਣਾਉਂਦੀ ਹੈ। ਪਾਠਕ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਜਿਵੇਂ ਇਹ ਉਸ ਲਈ ਲਿਖੀ ਹੋਵੇ। ਪ੍ਰੋ। ਸੁਰਿੰਦਰ ਸੀਰਤ ਨੇ ਪਾਤਰ ਸਾਹਿਬ ਨੂੰ ਇਸ ਸਦੀ ਦਾ ਕਵੀ ਕਹਿੰਦੇ ਹੋਏ ਆਪਣੀ ਗ਼ਜ਼ਲ 'ਡੁੱਬਿਆ ਹੈ ਅੰਤ ਸੂਰਜਾ ਆਪਣੇ ਸਮੇਂ ਦੇ ਨਾਲ' ਪਾਤਰ ਸਾਹਿਬ ਨੂੰ ਸਮਰਪਿਤ ਕੀਤੀ। ਹਰਜਿੰਦਰ ਕੰਗ ਨੇ ਕਿਹਾ ਕਿ ਪਾਤਰ ਅਸੀਮ ਸ਼ਾਇਰ ਸੀ ਜੋ ਖ਼ੂਬਸੂਰਤ ਸਾਹਿਤਕਜੀਵਨ ਜੀ ਕੇ ਨਵਿਆਂ ਰਾਹਾਂ ਨੂੰ ਤੁਰ ਗਿਆ। ਡਾ। ਸੁਖਵਿੰਦਰ ਕੰਬੋਜ ਨੇ ਇਤਿਹਾਸ ਸਿਰਜਕ ਦਾ ਦਰਜਾ ਦਿੱਤਾ।ਜ਼ਿਕਰਯੋਗ ਹੈ ਕਿ 2002 ਵਿੱਚ ਵਿਪਸਾਅ ਦਾ ਸੰਗਠਨ ਡਾ। ਸੁਰਜੀਤ ਪਾਤਰ ਦੇ ਕਰ-ਕਮਲਾਂ ਨਾ਼ਲ ਹੋਇਆ ਸੀ।ਇਸ ਲਈ ਉਹ ਵਿਪਸਾਅ ਦਾ ਅੰਗ ਹੀ ਸਨ। ਕੁਲਵਿੰਦਰ ਨੇ ਪਾਤਰ ਜੀ ਨਾਲ ਬਿਤਾਏ ਵਕਤਾਂ ਦੀਆਂ ਕਈ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਪਾਤਰ ਦੀ ਸਖ਼ਸ਼ੀਅਤ ਉੱਪਰ ਲਿਖੀ ਆਪਣੀ ਇੱਕ ਨਜ਼ਮ ਸੁਣਾ ਕੇ ਸ਼ਰਧਾਂਜਲੀ ਭੇਂਟ ਕਿਤੀ। ਅਮਰ ਸੂਫ਼ੀ ਨੇ ਦੋਹੜਾ ਛੰਦ ਵਿੱਚ ਪਾਤਰ ਜੀ ਤੇ ਲਿਖਿਆ ਸ਼ਬਦ ਚਿੱਤਰਸੁਣਾਇਆ ਅਤੇ ਉਹਨਾਂ ਨਾਲ ਵਾਬਸਤਾ ਕਈ ਯਾਦਾਂ ਸਾਂਝੀਆਂ ਕੀਤੀਆਂ। ਜਸਵੀਰ ਗਿੱਲ ਨੇ ਕਿਹਾ ਕਿ ਪਾਤਰ ਸਾਹਿਬ ਕੁਦਰਤ ਅਤੇ ਧਰਤੀ ਨਾ਼ਲ ਜੁੜੇ ਹੋਏ ਸ਼ਾਇਰ ਸਨ। ਉਨ੍ਹਾਂ ਦੀ ਗ਼ਜ਼ਲ 'ਮੈਂ ਰਾਹਾਂ 'ਤੇ ਨਹੀਂ ਤੁਰਦਾ' ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਹ ਸੱਚ ਹੈ ਕਿ ਸਾਰੀ ਦੁਨੀਆਂ ਪੈੜਾਂ 'ਤੇ ਹੀ ਤੁਰਦੀ ਹੈ। ਅਸੀਂ ਅਮਰੀਕਾ ਪਹੁੰਚ ਕੇ ਇਸ ਗ਼ਜ਼ਲ ਦੀ ਤਰ੍ਹਾਂ ਆਪਣੇ ਰਾਹ ਬਣਾਏ ਹਨ। ਲਾਲੀ ਧਨੋਆ ਨੇ ਕਿਹਾ ਕਿ ਇਸ ਦਰਵੇਸ਼ ਸ਼ਾਇਰ ਨੂੰ ਅਸੀਂ ਕਾਲਜ ਦੇ ਸਮੇਂ ਤੋਂ ਹੀ ਪੜ੍ਹਦੇ ਅਤੇ ਸੁਣਦੇ ਆਏ ਹਾਂ। ਉਨ੍ਹਾਂ ਦੇ ਬਹੁਤ ਸਾਰੇ ਗੀਤ ਅਤੇ ਸ਼ਿਅਰ ਸਾਡੇ ਮਨਾਂ ਵਿੱਚ ਵੱਸੇ ਹੋਏ ਹਨ। ਹਰਪ੍ਰੀਤ ਧੂਤ ਨੇ ਕਿਹਾ ਕਿ ਉਹ ਪਾਤਰ ਸਾਹਿਬ ਨੂੰ ਭਾਵੇਂ ਮਿਲੀ ਪਰ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਦੇ ਇੰਝ ਮਹਿਸੂਸ ਹੁੰਦਾ ਕਿ ਉਹ ਮੇਰੇ ਨਾ਼ਲ ਹੀ ਹਨ। ਉਸ ਨੇ ਪਾਤਰ ਸਾਹਿਬ ਨੂੰ ਸਮਰਪਿਤ ਬਹੁਤ ਭਾਵ-ਪੂਰਤ ਨਜ਼ਮ ਪੇਸ਼ ਕੀਤੀ।ਸਮਾਗਮ ਵਿੱਚ ਬੈਠੇ ਹਰ ਪਾਤਰ ਪਿਆਰੇ ਨੇ ਮਹਿਸੂਸ ਕੀਤਾ ਕਿ ਸੁਰਜੀਤ ਪਾਤਰ ਆਪਣੇ ਸ਼ਬਦਾਂ ਦੇ ਨਾ਼ਲ ਹਮੇਸ਼ਾ ਉਨ੍ਹਾਂ ਦੇ ਅੰਗ-ਸੰਗ ਹੀ ਰਹੇਗਾ। ਸੁਖਦੇਵ ਸਾਹਿਲ ਨੇ ਡਾ। ਪਾਤਰ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਮਾਂ ਬੰਨ੍ਹਦੇ ਹੋਏ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿੱਚ ਅਮਰੀਕ ਸਿੰਘ ਪੰਨੂੰ, ਮਨਜੀਤ ਪਲਾਹੀ, ਮਨਜੀਤ ਕੌਰ, ਕਮਲਜੀਤ ਸਿੰਘ ਬਾਸੀ, ਰਮਜੀਤ ਕੌਰ, ਜਸਵਿੰਦਰ ਧਨੋਆ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਰਿੰਮੀ ਸੰਧੂ, ਜੇਅ ਸੰਧੂ, ਇਜਾਜ਼ਸਈਅਦ, ਕੁਲਦੀਪ ਸੇਖੋਂ, ਵਿਜੇ ਸਿੰਘ,ਤਾਰਾ ਸਾਗਰ, ਰਮੇਸ਼ਬੰਗੜ, ਲਾਜ ਨੀਲਮ ਸੈਣੀ ਆਦਿ ਨੇ ਸ਼ਿਰਕਤ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਬਾਖ਼ੂਬੀ ਨਿਭਾਇਆ।ਅਗਲੇ ਮਹੀਨੇ ਦੀ ਬੈਠਕ ਵਿੱਚ ਹਰਪ੍ਰੀਤ ਕੌਰ ਧੂਤ ਦੇ ਕਹਾਣੀ ਸੰਗ੍ਰਹਿ 'ਸੂਰਜ ਹਾਰ ਗਿਆ ਹੈ' 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

*ਰਿਪੋਰਟ: ਲਾਜ ਨੀਲਮ ਸੈਣੀ*
*(ਸਾਹਿਤ ਸਕੱਤਰ ਵਿਪਸਾਅ) 510-502-0551*

# ਰਈਸੀ ਦੀ ਮੌਤ ਪਿੱਛੋਂ ਈਰਾਨ ਦੁਚਿੱਤੀ 'ਚ

**(ਸਫਾ 4 ਦੀ ਬਾਕੀ)**

ਸਰਕਾਰੀ ਵਕੀਲ, 1989-94 ਵਿਚ ਤਹਿਰਾਨ ਦਾ ਪ੍ਰੋਜ਼ਕਿਊਟਰ ਜਨਰਲ, 2004 ਵਿਚ ਨਿਆਂਇਕ ਪ੍ਰਣਾਲੀ ਦਾ ਡਿਪਟੀ ਚੀਫ (ਸੁਪਰੀਮ ਕੋਰਟ ਦਾ ਦੂਜੇ ਨੰਬਰ ਦਾ ਪਦ) ਅਤੇ 2021 'ਚ ਦੇਸ਼ ਦਾ ਰਾਸ਼ਟਰਪਤੀ ਬਣਿਆ। ਉਹ ਸੁਪਰੀਮ ਧਾਰਮਿਕ ਆਗੂਆਂ ਦਾ ਚਹੇਤਾ ਰਿਹਾ ਤਾਂ ਫਿਰ ਹੁਣ ਇੰਨਾ ਤਿੱਖਾ ਵਿਰੋਧ ਕਿਉਂ?

ਉਸ ਦੀ ਮੌਤ ਦਾ ਪਤਾ ਚੱਲਣ 'ਤੇ ਇਕ ਵੀਡੀਓ ਵਾਇਰਲ ਹੁੰਦਾ ਹੈ ਕਿ ਕਿਵੇਂ ਇਰਾਕ-ਈਰਾਨ ਸੱਤ ਸਾਲਾ ਜੰਗ ਦਾ ਜੰਗੀ ਕੈਦੀ ਜੋ ਹੋਰ ਹਜ਼ਾਰਾਂ ਕੈਦੀਆਂ ਵਾਂਗ ਰਈਸੀ ਦੀ ਅਗਵਾਈ ਵਾਲੀ ਕਮੇਟੀ ਵੱਲੋਂ ਜਦੋਂ ਫਾਂਸੀ 'ਤੇ ਚੜ੍ਹਾਇਆ ਜਾਂਦਾ ਹੈ, ਉਸ ਦੀ ਨੰਨ੍ਹੀ ਧੀ ਇਹ ਬਰਾਬਰਤਾਪੂਰਵਕ ਮੰਜ਼ਰ ਵੇਖ ਰਹੀ ਹੁੰਦੀ ਹੈ। ਉਹ ਕੈਦੀ ਧੀ ਨੂੰ ਹਸਾਉਣ ਲਈ ਹੱਸਦਾ-ਖਿੜ-ਖਿੜਾਉਂਦਾ ਫਾਂਸੀ ਚੜ੍ਹਦਾ ਹੈ। ਬੇਗੁਨਾਹਾਂ ਨੂੰ ਫਾਂਸੀ ਦੇਣ ਵਾਲੇ ਦਾ ਹਸ਼ਰ ਇਹੀ ਹੋਣਾ ਸੀ, ਉਹ ਵੀਡੀਓ ਪੈਗਾਮ ਦਿੰਦਾ ਹੈ। ਐਸੇ ਹਜ਼ਾਰਾਂ ਲੋਕਾਂ ਨੂੰ ਫਾਂਸੀਆਂ ਦੇਣ ਕਰਕੇ ਉਸ ਨੂੰ 'ਤਹਿਰਾਨ ਦੇ ਬੁੱਚੜ' ਵਜੋਂ ਯਾਦ ਕੀਤਾ ਜਾਂਦਾ ਹੈ। ਦੇਸ਼ ਅੰਦਰ ਔਰਤਾਂ ਲਈ ਡਰੈਸ ਕੋਡ ਦਾ ਵਿਰੋਧ ਕਰਨ 'ਤੇ ਜਦੋਂ ਸਤੰਬਰ 2022 ਵਿਚ ਮਹਾਸਾ ਅਮੀਨੀ ਪੁਲਿਸ ਹਿਰਾਸਤ ਵਿਚ ਮਰ ਜਾਂਦੀ ਹੈ ਤਾਂ ਪੂਰੇ ਦੇਸ਼ ਵਿਚ ਔਰਤਾਂ ਹਿਜਾਬ, ਸਕਾਰਫ ਲਾਹ ਸੁੱਟਦੀਆਂ ਹਨ। 'ਜਨ, ਜ਼ਿੰਦਗੀ, ਆਜ਼ਾਦੀ' ਲਹਿਰ ਭਬਕ ਉੱਠਦੀ ਹੈ। ਰਾਸ਼ਟਰਪਤੀ ਰਈਸੀ ਦੇ ਹੁਕਮਾਂ 'ਤੇ ਆਈਆਰਜੀਐਸ ਗੋ.ਲੀਬਾਰੀ ਨਾਲ 500 ਪ੍ਰਦਰਸ਼ਨਕਾਰੀ ਕਤਲ ਕਰ ਦਿੰਦੀ ਹੈ, 580 ਲੋਕਾਂ ਨੂੰ ਪੈਲੇਟ ਗੰਨਾਂ ਨਾਲ ਅੰਨ੍ਹੇ ਕਰ ਦਿੰਦੀ ਹੈ, 19000 ਲੋਕ ਜੇਲ੍ਹੀਂ ਸੁੱਟੇ ਜਾਂਦੇ ਹਨ, ਜੇਲ੍ਹ ਵਿੱਚੋਂ ਨੋਬਲ ਵਿਜੇਤਾ ਨਰਗਸ ਮੁਹੰਮਦੀ ਅਤੇ ਤੂਮਾਜ਼ ਸਲੇਹੀ ਜੰਗ ਜਾਰੀ ਰੱਖਣ ਲਈ ਕਹਿੰਦੀਆਂ ਹਨ। ਲੋਕ ਇੰਨੇ ਜਾਗਰੂਕ ਹੋ ਗਏ ਕਿ ਜਿੱਥੇ ਔਰਤ ਨਾਲ ਪੁਲਿਸ ਜ਼ਿਆਦਤੀ ਕਰਦੀ, ਪਲਾਂ ਵਿਚ ਪ੍ਰਦਰਸ਼ਨ ਸ਼ੁਰੂ ਹੋ ਜਾਂਦਾ। ਕੋਈ ਸੱਭਿਅਕ ਸਮਾਜ ਸੋਚ ਨਹੀਂ ਸਕਦਾ ਕਿ ਇਹ ਕੱਟੜਪੰਥੀ ਸ਼ੀਆ ਮੁਲਾਣਾਵਾਦ ਔਰਤਾਂ 'ਤੇ ਇੰਨੇ ਜਬਰ ਢਾਹੇਗਾ। ਸੁਰੱਖਿਆ ਬਲਾਂ ਵਿਚ ਕੰਮ ਕਰਨ ਵਾਲੀ ਨਿੱਕਾ ਸਕਰਾਮੀ ਵੱਲੋਂ ਵਿਰੋਧ ਕਰਨ 'ਤੇ ਜਿਨਸੀ ਸ਼ੋਸ਼ਣ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਜਾਂਦਾ ਹੈ। ਐਸੇ ਬੁੱਚੜਾਨਾ ਕਾਰਨਾਮਿਆਂ ਕਰਕੇ ਮਰਹੂਮ ਰਈਸੀ ਦੀ ਮੌਤ ਦਾ ਸੋਗ ਮਨਾਉਣ ਦਾ ਵਿਰੋਧ ਜਾਰੀ ਹੈ। ਆਈਆਰਜੀਐਸ ਨੂੰ ਬਹਿਰੀਨ, ਸਾਊਦੀ ਅਰਬ, ਸਵੀਡਨ, ਅਮਰੀਕਾ ਤੇ ਕੈਨੇਡਾ ਰਾਜਕੀ ਅੱਤਵਾਦੀ ਸੰਗਠਨ ਐਲਾਨ ਚੁੱਕੇ ਹਨ ਜਿਸ ਦੇ ਹੱਥ 60 ਬੱਚਿਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

# ਚੋਣ ਕਮਿਸ਼ਨ ਕੋਲ ਇਸ ਵਾਰ ਪਹੁੰਚੀਆਂ ਸ਼ਿਕਾਇਤਾਂ ਦਾ 100 ਮਿੰਟ 'ਚ ਕੀਤਾ 80 ਫ਼ੀਸਦ ਦਾ ਨਿਪਟਾਰਾ

ਨਵੀਂ ਦਿੱਲੀ- ਭਾਰਤੀ ਲੋਕਤੰਤਰ ਦੀ ਮਜ਼ਬੂਤੀ ਲਈ ਇਸ ਤੋਂ ਵਧੀਆ ਨਿਸ਼ਾਨੀ ਹੋਰ ਕੀ ਹੋ ਸਕਦੀ ਹੈ ਕਿ ਚੋਣਾਂ 'ਚ ਭ੍ਰਿਸ਼ਟਾਚਾਰ ਅਤੇ ਬੇਨਿਯਮੀਆਂ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਲਈ ਜਨਤਾ ਖੁਦ ਮੈਦਾਨ 'ਚ ਉਤਰੇ। ਇਸ ਦਾ ਅੰਦਾਜ਼ਾ 2024 ਦੀਆਂ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਲੈ ਕੇ ਹੁਣ ਤਕ ਚੋਣ ਕਮਿਸ਼ਨ ਨੂੰ ਲੋਕਾਂ ਵੱਲੋਂ ਮਿਲੀਆਂ ਸਾਢੇ ਚਾਰ ਲੱਖ ਤੋਂ ਵੱਧ ਸ਼ਿਕਾਇਤਾਂ ਤੋਂ ਲਗਾਇਆ ਜਾ ਸਕਦਾ ਹੈ। ਇਨ੍ਹਾਂ ਵਿੱਚੋਂ 3।24 ਲੱਖ ਤੋਂ ਵੱਧ ਸ਼ਿਕਾਇਤਾਂ ਪੋਸਟਰਾਂ ਤੇ ਬੈਨਰਾਂ ਨਾਲ ਸਬੰਧਤ ਸਨ। ਇਹ ਅਜਿਹੇ ਪੋਸਟਰ ਤੇ ਬੈਨਰ ਸਨ ਜੋ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ ਪ੍ਰਸ਼ਾਸਨ ਦੀ ਇਜਾਜ਼ਤ ਤੋਂ ਬਿਨਾਂ ਲਗਾਏ ਗਏ ਸਨ।

ਚੋਣਾਂ 'ਚ ਜਨਤਾ ਦੇ ਇਸ ਜੁੜਾਵ ਨੂੰ ਵਧਾਉਣ ਪਿੱਛੇ ਕਮਿਸ਼ਨ ਦੀ ਪਹਿਲ ਹੈ ਜਿਸ ਵਿਚ ਚੋਣ ਕਮਿਸ਼ਨ ਨੇ ਨਿਰਪੱਖ ਤੇ ਲਾਲਚ ਮੁਕਤ ਚੋਣਾਂ ਕਰਵਾਉਣ ਲਈ ਜਨਤਾ ਨੂੰ ਜ਼ਿੰਮੇਵਾਰ ਬਣਾਉਂਦੇ ਹੋਏ ਸੀ-ਵਿਜਿਲ ਨਾਂ ਨਾਲ ਇਕ ਐਪ ਤਿਆਰ ਕੀਤਾ ਹੈ। ਇਸ ਤਹਿਤ ਕੋਈ ਵੀ ਵਿਅਕਤੀ ਫੋਟੋ ਨਾਲ ਆਪਣੀ ਸ਼ਿਕਾਇਤ ਦਰਜ ਕਰ ਸਕਦਾ ਹੈ।

ਸ਼ਿਕਾਇਤ ਦੇ ਨਾਲ ਹੀ ਉਸ ਜਗ੍ਹਾ ਦੀ ਜੀਓ-ਟੈਗਿੰਗ ਵੀ ਹੋ ਜਾਂਦੀ ਹੈ। ਇਸ ਨਾਲ ਉਸ ਥਾਂ ਤਕ ਪਹੁੰਚਣ 'ਚ ਆਸਾਨੀ ਹੁੰਦੀ ਹੈ। ਖਾਸ ਗੱਲ ਇਹ ਹੈ ਕਿ ਇਨ੍ਹਾਂ ਸ਼ਿਕਾਇਤਾਂ 'ਤੇ 100 ਮਿੰਟ 'ਚ ਕਾਰਵਾਈ ਯਕੀਨੀ ਬਣਾਈ ਜਾਂਦੀ ਹੈ। ਕਮਿਸ਼ਨ ਅਨੁਸਾਰ ਕੁੱਲ ਸ਼ਿਕਾਇਤਾਂ 'ਚੋਂ 80 ਫੀਸਦੀ ਦਾ ਨਿਪਟਾਰਾ 100 ਮਿੰਟਾਂ 'ਚ ਕੀਤਾ ਗਿਆ ਹੈ।

ਚੋਣ ਕਮਿਸ਼ਨ ਮੁਤਾਬਕ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਹੁਣ ਤਕ ਸਾਢੇ ਚਾਰ ਲੱਖ ਤੋਂ ਵੱਧ ਸ਼ਿਕਾਇਤਾਂ ਦਰਜ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ 99।9 ਫੀਸਦੀ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 89 ਫੀਸਦੀ ਸ਼ਿਕਾਇਤਾਂ ਦਾ 100 ਮਿੰਟਾਂ 'ਚ ਨਿਪਟਾਰਾ ਕੀਤਾ ਗਿਆ। ਕੁਝ ਸ਼ਿਕਾਇਤਾਂ 'ਤੇ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਗਿਆ ਹੈ। ਇਨ੍ਹਾਂ ਸ਼ਿਕਾਇਤਾਂ 'ਚ 77 ਫੀਸਦੀ ਗੈਰ-ਕਾਨੂੰਨੀ ਹੋਰਡਿੰਗਜ਼, ਪੋਸਟਰਾਂ ਤੇ ਬੈਨਰਾਂ ਨਾਲ ਸਬੰਧਤ ਸਨ। ਇਸ ਦੇ ਨਾਲ ਹੀ ਸੱਤ ਹਜ਼ਾਰ ਤੋਂ ਵੱਧ ਸ਼ਿਕਾਇਤਾਂ ਪੈਸੇ, ਤੋਹਫ਼ੇ ਤੇ ਸ਼ਰਾਬ ਦੀ ਵੰਡ ਨਾਲ ਸਬੰਧਤ ਸਨ। ਇਸ ਦੇ ਨਾਲ ਹੀ 2883 ਸ਼ਿਕਾਇਤਾਂ ਸਨ ਜੋ ਲਾਊਡਸਪੀਕਰ ਦੀ ਵਰਤੋਂ ਦੇ ਨਾਲ-ਨਾਲ ਧਾਰਮਿਕ ਅਤੇ ਨਫ਼ਰਤ ਭਰੇ ਭਾਸ਼ਣਾਂ ਨਾਲ ਸਬੰਧਤ ਸਨ। ਚੋਣ ਪ੍ਰਚਾਰ ਖ਼ਤਮ ਹੋਣ ਤੋਂ ਬਾਅਦ ਚੋਣ ਪ੍ਰਚਾਰ ਸਬੰਧੀ 4742 ਸ਼ਿਕਾਇਤਾਂ ਆਈਆਂ ਸਨ। ਇਸ ਦੇ ਨਾਲ ਹੀ ਚੋਣ ਪ੍ਰਚਾਰ ਦੌਰਾਨ ਬਿਨਾਂ ਇਜਾਜ਼ਤ ਵਾਹਨਾਂ ਦੀ ਵਰਤੋਂ ਕਰਨ ਦੀਆਂ 2697 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ।

ਕਮਿਸ਼ਨ ਮੁਤਾਬਕ ਇਹ 24 ਘੰਟੇ ਲੋਕਾਂ ਤੋਂ ਮਿਲੀਆਂ ਸ਼ਿਕਾਇਤਾਂ ਦੀ ਨਿਗਰਾਨੀ ਕਰ ਰਿਹਾ ਸੀ। ਨਿਰਧਾਰਿਤ ਸਮੇਂ ਅੰਦਰ ਕਾਰਵਾਈ ਕਰ ਕੇ ਨਿਰਪੱਖ ਚੋਣਾਂ ਵਿੱਚ ਜਨਤਾ ਦਾ ਭਰੋਸਾ ਹੋਰ ਮਜ਼ਬੂਤ ਹੋਇਆ ਹੈ।

# ਮੌਨਸੂਨ ਲਈ ਅਨੁਕੂਲ ਰਹੇਗਾ ਇਹ ਸਾਲ

ਨਵੀਂ ਦਿੱਲੀ- ਮੌਨਸੂਨ ਦੇ ਕੇਰਲ ਪਹੁੰਚਣ ਤੋਂ ਬਾਅਦ ਇਹ ਮੱਧ ਭਾਰਤ ਵੱਲ ਵਧ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਮੌਨਸੂਨ ਆਪਣੇ ਨਿਰਧਾਰਤ ਸਮੇਂ ਤੋਂ ਦੋ ਦਿਨ ਪਹਿਲਾਂ 15 ਜੂਨ ਨੂੰ ਦੂਜੇ ਸੂਬਿਆਂ 'ਚ ਦਸਤਕ ਦੇ ਸਕਦਾ ਹੈ। ਉਥੇ ਹੀ ਬਿਹਾਰ, ਝਾਰਖੰਡ ਤੇ ਬੰਗਾਲ 'ਚ ਮੌਨਸੂਨ ਦੇ ਪਹੁੰਚਣ 'ਚ ਦੇਰੀ ਹੋ ਸਕਦੀ ਹੈ। ਇਸ ਤੋਂ ਬਾਅਦ ਮੌਨਸੂਨ ਦਿੱਲੀ ਪਹੁੰਚ ਜਾਵੇਗਾ। ਮੌਸਮ ਵਿਭਾਗ ਮੁਤਾਬਕ ਮੌਨਸੂਨ 15 ਜੂਨ ਤਕ ਮੱਧ ਪ੍ਰਦੇਸ਼ ਪਹੁੰਚ ਜਾਵੇਗਾ। ਇਸ ਤੋਂ ਇਲਾਵਾ ਇਸ ਵਾਰ ਸੂਬੇ 'ਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਵੀ ਸੰਭਾਵਨਾ ਹੈ ਜਿਸ ਕਾਰਨ ਖੇਤੀ ਵੀ ਵਧੀਆ ਹੋਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਮੱਧ ਪ੍ਰਦੇਸ਼ 'ਚ ਔਸਤਨ 949 ਮਿਲੀਮੀਟਰ ਬਾਰਿਸ਼ ਹੁੰਦੀ ਹੈ। ਮੌਸਮ ਵਿਭਾਗ ਨੇ ਵੀ ਇਸ ਸੀਜ਼ਨ 'ਚ ਦਿੱਲੀ 'ਚ ਚੰਗੀ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। ਮੱਧ ਭਾਰਤ 'ਚ ਪਹੁੰਚਣ ਤੋਂ ਬਾਅਦ ਮੌਨਸੂਨ ਰਾਜਧਾਨੀ ਪਹੁੰਚੇਗਾ। ਸਕਾਈਮੇਟ ਵੈਦਰ ਦੀ ਮੰਨੀਏ ਤਾਂ ਮੌਨਸੂਨ ਦੀ ਰਫਤਾਰ ਹੌਲੀ ਹੋ ਸਕਦੀ ਹੈ, ਇਸ ਲਈ ਬਿਹਾਰ, ਝਾਰਖੰਡ ਤੇ ਬੰਗਾਲ 'ਚ ਮੌਨਸੂਨ ਦੀ ਦੇਰੀ ਨਾਲ ਐਂਟਰੀ ਹੋਵੇਗੀ। ਹਾਲਾਂਕਿ ਇਸ ਸਬੰਧੀ ਸਥਿਤੀ 15 ਜੂਨ ਤਕ ਸਪੱਸ਼ਟ ਹੋ ਜਾਵੇਗੀ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਹ ਸਾਲ ਮੌਨਸੂਨ ਲਈ ਅਨੁਕੂਲ ਰਹੇਗਾ।

# ਜਾਪਾਨ ਦਾ ਆਰਥਿਕ ਸੰਕਟ ਅਤੇ ਦੁਨੀਆ ’ਤੇ ਅਸਰ



ਰਾਜੀਵ ਖੋਸਲਾ

ਚਾਰ ਦਹਾਕਿਆਂ ਤੋਂ ਜਾਰੀ ਜਾਪਾਨ ਦੇ ਆਰਥਿਕ ਸੰਕਟ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ। ਇਹ ਮੁਲਕ ਦਿਨ ਪ੍ਰਤੀ ਦਿਨ ਆਰਥਿਕ ਸੰਕਟ ਵਿੱਚ ਲਗਾਤਾਰ ਡੂੰਘਾ ਲਹਿ ਰਿਹਾ ਹੈ। ਇਸ ਸਾਲ ਅਪਰੈਲ 26 ਤੋਂ 28 ਦੌਰਾਨ ਜਾਪਾਨੀ ਮੁਦਰਾ ਯੈੱਨ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਜਿਸ ਕਾਰਨ ਯੈੱਨ, ਡਾਲਰ ਦੇ ਮੁਕਾਬਲੇ ਆਪਣੇ ਪਿਛਲੇ 34 ਸਾਲਾਂ ਦੇ ਹੇਠਲੇ ਪੱਧਰ ’ਤੇ ਆ ਡਿੱਗਾ। ਇੱਕ ਡਾਲਰ ਦੇ ਮੁਕਾਬਲੇ ਯੈੱਨ ਦੀ ਕੀਮਤ 156-158 ਯੈੱਨ ਰਹੀ ਅਤੇ 29 ਅਪਰੈਲ ਨੂੰ ਤਾਂ ਕੁਝ ਸਮੇਂ ਲਈ ਇੱਕ ਡਾਲਰ ਦੀ ਕੀਮਤ 160 ਯੈੱਨ ਤੋਂ ਵੀ ਪਾਰ ਦਰਜ ਕੀਤੀ ਗਈ। ਇਸੇ ਮਿਆਦ ਦੌਰਾਨ ਯੂਰੋਪੀਅਨ ਮੁਦਰਾ ਯੂਰੋ ਦੇ ਮੁਕਾਬਲੇ ਯੈੱਨ ਦੀ ਕੀਮਤ 171 ਪ੍ਰਤੀ ਯੂਰੋ ਰਹੀ ਸੀ। ਸਾਲ 2023 ਦੌਰਾਨ ਕਮਜ਼ੋਰ ਯੈੱਨ ਦੇ ਚਲਦੇ ਜਾਪਾਨ ਦਾ ਅਰਥਚਾਰਾ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਅਰਥਚਾਰੇ ਦੇ ਰੁਤਬੇ ਨੂੰ ਗੁਆ ਕੇ ਜਰਮਨੀ ਤੋਂ ਪਿੱਛੇ ਚੌਥੇ ਸਥਾਨ ’ਤੇ ਆ ਗਿਆ ਸੀ। ਜ਼ਿਕਰਯੋਗ ਹੈ ਕਿ ਚੀਨ ਨੇ ਜਾਪਾਨ ਦੇ ਅਰਥਚਾਰੇ ਨੂੰ ਸਾਲ 2010 ਦੌਰਾਨ ਤੀਜੇ ਨੰਬਰ ਤੇ ਧੱਕ ਦਿੱਤਾ ਸੀ। ਲੇਖ ਵਿੱਚ ਅੱਗੇ ਵਿਚਾਰਿਆ ਗਿਆ ਹੈ ਕਿ ਕਿਉਂ ਜਾਪਾਨ ਜੋ ਕਿ 1960ਵਿਆਂ ਅਤੇ 1970ਵਿਆਂ ਦੌਰਾਨ ਬਹੁਤ ਮਜ਼ਬੂਤ ਅਰਥਚਾਰਾ ਬਣ ਕੇ ਉਭਰਿਆ ਸੀ; ਪਿਛਲੇ ਚਾਰ ਦਹਾਕਿਆਂ ਵਿੱਚ ਇੱਕ ਦਮ ਸੁੰਗੜ ਗਿਆ ਹੈ ਅਤੇ ਜਾਪਾਨ ਦੇ ਨਵੀਨਤਮ ਆਰਥਿਕ ਘਟਨਾਕ੍ਰਮ ਦਾ ਭਾਰਤ ਤੇ ਕੀ ਅਸਰ ਪਵੇਗਾ।

### 1960 ਦੀ ਮਹਾਂ ਸ਼ਕਤੀ

ਦੂਜੇ ਵਿਸ਼ਵ ਯੁੱਧ ਦੌਰਾਨ 7 ਦਸੰਬਰ 1941 ਨੂੰ ਜਾਪਾਨ ਦੀ ਹਵਾਈ ਫੌਜ ਨੇ ਓਆਹੂ ਟਾਪੂ ਵਿਖੇ ਪਰਲ ਹਾਰਬਰ ਜਿੱਥੇ ਅਮਰੀਕਾ ਦੇ ਜੰਗੀ ਅਤੇ ਸਮੁੰਦਰੀ ਜਹਾਜ਼ ਖੜ੍ਹੇ ਸਨ, ’ਤੇ ਹਵਾਈ ਹਮਲਾ ਕਰ ਬਹੁਤ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਕੀਤਾ। ਇਸ ਹਮਲੇ ਦੇ ਇੱਕ ਦਿਨ ਬਾਅਦ ਹੀ 8 ਦਸੰਬਰ ਨੂੰ ਅਮਰੀਕੀ ਕਾਂਗਰਸ ਨੇ ਜਾਪਾਨ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਅਮਰੀਕਾ ਨੇ 6 ਅਤੇ 8 ਅਗਸਤ 1945 ਨੂੰ ਜਾਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਪਰਮਾਣੂ ਬੰਬ ਸੁੱਟ ਕੇ ਲੱਖਾਂ ਦੀ ਗਿਣਤੀ ਵਿੱਚ ਆਮ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਤਬਾਹੀ ਤੋਂ ਉਭਰਦਿਆਂ 1950 ਅਤੇ 60 ਦੇ ਦਹਾਕੇ ਦੌਰਾਨ ਕਈ ਕਾਰਕਾਂ ਨੇ ਜਾਪਾਨ ਦੇ ਆਰਥਿਕ ਪੁਨਰ-ਉਥਾਨ ਵਿੱਚ ਮਦਦ ਕੀਤੀ। ਜੰਗ ਕਾਰਨ ਤਬਾਹ ਜਾਪਾਨ ਨੇ ਨਵਾਂ ਉਦਯੋਗਿਕ ਢਾਂਚਾ ਨਵੀਨਤਮ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਉਸਾਰਿਆ ਜਿਸ ਕਾਰਨ ਜਾਪਾਨ ਵੱਲੋਂ ਨਿਰਮਿਤ ਸਮਾਨ ਪ੍ਰਤੀਯੋਗੀਆਂ ਦੇ ਮੁਕਾਬਲੇ ਵਧੇਰੇ ਬਿਹਤਰ ਅਤੇ ਸਸਤਾ ਮਿਲਣ ਲੱਗਾ। ਜਾਪਾਨ ਵਿੱਚ ਬਣੀਆਂ ਵਸਤਾਂ ਗੁਣਵੱਤਾ ਦੀ ਪਛਾਣ ਬਣ ਗਈਆਂ ਅਤੇ ਦੁਨੀਆ ਭਰ ਦੇ ਮੁਲਕਾਂ ਨੇ ਜਾਪਾਨੀ ਵਸਤੂਆਂ ਦੀ ਦਰਾਮਦ ਸ਼ੁਰੂ ਕਰ ਦਿੱਤੀ। ਮਿਤਸੁਬੀਸ਼ੀ, ਹੌਂਡਾ, ਨਿਕੋਨ, ਸੋਨੀ ਆਦਿ ਕੰਪਨੀਆਂ ਜਲਦੀ ਹੀ ਕਾਰਾਂ, ਕੈਮਰਿਆਂ ਅਤੇ ਇਲੈਕਟ੍ਰੌਨਿਕਸ ਲਈ ਦੁਨੀਆ ਦੇ ਪਸੰਦੀਦਾ ਬ੍ਰਾਂਡ ਬਣ ਗਏ। 6 ਅਕਤੂਬਰ 1973 ਨੂੰ ਸ਼ੁਰੂ ਹੋਈ ਅਰਬ-ਇਜ਼ਰਾਈਲ (ਯੋਮ ਕਿਪੁਰ) ਜੰਗ ਵਿੱਚ ਮਿਸਰ ਅਤੇ ਸੀਰੀਆ ਨੇ ਯਹੂਦੀ ਪਵਿੱਤਰ ਯੋਮ ਕਿਪੁਰ ਦੇ ਦਿਨ ਇਜ਼ਰਾਈਲ ਉੱਤੇ ਹਮਲਾ ਕੀਤਾ। ਇਜ਼ਰਾਈਲ ਦੀ ਮਦਦ ਲਈ ਅਮਰੀਕਾ ਅੱਗੇ ਆਇਆ ਪਰ ਇਸ ਜੰਗ ਵਿੱਚ ਅਸਲ ਜਿੱਤ ਜਾਪਾਨ ਦੀ ਹੋਈ। ਦਰਅਸਲ ਸਾਲ 1972 ਤੱਕ ਮੱਧ ਪੂਰਬ ਉੱਤੇ ਅਮਰੀਕਾ ਦੀ ਕੱਚੇ ਤੇਲ ਅਤੇ ਗੈਸ ਦੀ ਨਿਰ-ਭਰਤਾ ਕੁੱਲ ਤੇਲ ਅਤੇ ਗੈਸ ਦੀ ਦਰਾਮਦ ਦਾ 83% ਪਹੁੰਚ ਚੁੱਕੀ ਸੀ। 17 ਅਕਤੂਬਰ 1973 ਨੂੰ ਅਰਬ ਦੇ ਤੇਲ ਉਤਪਾਦਕਾਂ ਨੇ ਇਜ਼ਰਾਈਲ ਦੇ ਸਹਿਯੋਗੀ ਦੇਸ਼ਾਂ ਵਿਰੁੱਧ ਜਿਸ ਵਿੱਚ ਅਮਰੀਕਾ ਖਾਸ ਤੌਰ ’ਤੇ ਸ਼ੁਮਾਰ ਸੀ ਤੇਲ ਅਤੇ ਗੈਸ ਬਰਾਮਦ ਦੀ ਪਾਬੰਦੀ ਲਗਾ ਦਿੱਤੀ। ਇਹ ਪਾਬੰਦੀ ਅਕਤੂਬਰ 1973 ਤੋਂ ਮਾਰਚ 1974 ਤੱਕ ਜਾਰੀ ਰਹੀ। ਇਸ ਪਾਬੰਦੀ ਨੇ ਮਹਿੰਗਾਈ ਦੇ ਵਿਸ਼ਵਵਿਆਪੀ ਦੌਰ ਨੂੰ ਜਨਮ ਦਿੱਤਾ ਜਿਸ ਦੇ ਸਭ ਤੋਂ ਵੱਧ ਨੁਕਸਾਨ ਅਮਰੀਕਾ ਅਤੇ ਯੂਰੋਪ ਨੂੰ ਝੱਲਣੇ ਪਏ। ਕਿਉਂਕਿ ਅਮਰੀਕੀ ਆਟੋਮੋਬੀਲ ਉਦਯੋਗ ਵੱਡੀਆਂ ਅਤੇ ਗੈਸ ਤੇ ਚੱਲਣ ਵਾਲੇ ਵਾਹਨਾਂ ’ਤੇ ਨਿਰਭਰ ਸੀ, ਇਸ



ਲਈ ਅਮਰੀਕੀ ਉਪਭੋਗਤਾਵਾਂ ਨੇ ਜਾਪਾਨੀ ਅਤੇ ਪੱਛਮੀ ਜਰਮਨੀ ਦੁਆਰਾ ਤਿਆਰ ਕੀਤੇ ਹਲਕੇ ਅਤੇ ਵਧੇਰੇ ਬਾਲਣ ਕੁਸ਼ਲ ਵਾਹਨਾਂ ਵੱਲ ਰੁੱਖ ਕੀਤਾ; ਇਸ ਕਾਰਨ ਜਾਪਾਨ ਦੇ ਅਰਥਚਾਰੇ ਨੂੰ ਹੋਰ ਹੁਲਾਰਾ ਮਿਲਿਆ। ਤੇਲ ਅਤੇ ਗੈਸ ਦੇ ਇਸ ਖੇਡ ਨੇ ਅਮਰੀਕੀ ਅਰਥਚਾਰੇ ਨੂੰ ਵੱਡਾ ਨੁਕਸਾਨ ਪਹੁੰਚਾਇਆ ਜਿਸ ਕਾਰਨ ਅਮਰੀਕਾ ਵਿੱਚ ਮੰਦੀ, ਮਹਿੰਗਾਈ ਅਤੇ ਬੇਰੁਜ਼ਗਾਰੀ ਦਾ ਤਾਂਡਵ ਮੱਚ ਗਿਆ। ਬੇਤਹਾਸ਼ਾ ਮਹਿੰਗਾਈ ਨੂੰ ਕਾਬੂ ਕਰਨ ਲਈ ਅਮਰੀਕੀ ਕੇਂਦਰੀ ਬੈਂਕ ਨੇ ਲਗਾਤਾਰ ਵਿਆਜ ਦੀ ਦਰ ਵਧਾ ਕੇ ਰੱਖੀ ਜਿਸ ਕਾਰਨ ਬਹੁਤ ਸਾਰੇ ਮੁਲਕਾਂ ਦੀ ਮੁਦਰਾ (ਜਿਹਨਾਂ ਵਿੱਚ ਜਾਪਾਨੀ ਯੈੱਨ ਵੀ ਸ਼ਾਮਿਲ ਸੀ) ਕਮਜ਼ੋਰ ਹੋ ਗਈ। ਕਮਜ਼ੋਰ ਯੈੱਨ ਦਾ ਫਾਇਦਾ ਚੁੱਕਦੇ ਹੋਏ ਅਮਰੀਕੀ ਉਪਭੋਗਤਾਵਾਂ ਨੇ ਵੱਧ ਤੋਂ ਵੱਧ ਜਾਪਾਨੀ ਵਸਤਾਂ ਦੀ ਵਰਤੋਂ ਕੀਤੀ ਅਤੇ ਇਸ ਪ੍ਰਕਾਰ ਲਗਭਗ ਦੋ ਦਹਾਕਿਆਂ ਦੌਰਾਨ ਜਾਪਾਨੀ ਅਰਥਚਾਰਾ ਆਪਣੇ ਚੰਗੇ ਦਿਨ ਦੇਖਦਾ ਰਿਹਾ।

### ਮਹਾਂ ਸ਼ਕਤੀ ਦਾ ਪਤਨ

ਸਾਲ 1981 ਵਿੱਚ ਅਮਰੀਕੀ ਕਾਰ ਨਿਰਮਾਤਾਵਾਂ ਨੇ ਜਾਪਾਨੀ ਕਾਰਾਂ ਤੋਂ ਆਪਣੇ ਉਦਯੋਗ ਨੂੰ ਬਚਾਉਣ ਲਈ ਰਾਸ਼ਟਰਪਤੀ ਰੀਗਨ ਨੂੰ ਬੇਨਤੀ ਕੀਤੀ ਜਿਸ ਕਾਰਨ ਜਾਪਾਨੀ ਕਾਰਾਂ ’ਤੇ ਦਰਾਮਦ ਸੀਮਾ ਲਗਾ ਦਿੱਤੀ ਗਈ। ਇਸੇ ਤਰ੍ਹਾਂ 1983 ਵਿੱਚ ਜਪਾਨੀ ਮੋਟਰਸਾਈਕਲਾਂ ’ਤੇ 45% ਦਰਾਮਦ ਸ਼ੁਲਕ ਲਾਗੂ ਕੀਤੇ ਗਏ। ਅਮਰੀਕਾ ਦੁਆਰਾ ਲਗਾਏ ਗਏ ਦਰਾਮਦ ਸ਼ੁਲਕ ਕਾਰਨ ਵਧੀਆਂ ਲਾਗਤਾਂ ਦੀ ਭਰਪਾਈ ਕਰਨ ਖਾਤਿਰ, ਜਾਪਾਨ ਦੇ ਕੇਂਦਰੀ ਬੈਂਕ ਨੇ ਸਸਤੀਆਂ ਵਿਆਜ ਦਰਾਂ ਤੇ ਕੰਪਨੀਆਂ ਨੂੰ ਕਰਜ਼ੇ ਮੁਹੱਈਆ ਕਰਵਾਉਣੇ ਸ਼ੁਰੂ ਕਰ ਦਿੱਤੇ। ਅਸਲ ਮੀਲ ਦਾ ਪੱਥਰ ਜਿਸ ਨੇ ਜਾਪਾਨ ਨੂੰ ਢਾਅ ਲਾਇਆ ਸੀ, ਉਹ ਸਾਲ 1985 ਵਿੱਚ ‘ਪਲਾਜ਼ਾ ਅਕਾਰਡ’ ਜਾਂ ਪਲਾਜ਼ਾ ਸਮਝੌਤੇ ਦੇ ਤਹਿਤ ਆਇਆ। 1980ਵਿਆਂ ਦੌਰਾਨ ਵੀ ਅਮਰੀਕੀ ਡਾਲਰ ਲਗਾਤਾਰ ਮਜਬੂਤ ਚੱਲ ਰਿਹਾ ਸੀ, ਇਸ ਕਾਰਨ ਅਮਰੀਕਾ ਤੋਂ ਬਰਾਮਦਾਂ ਘਟ ਗਈਆਂ; ਦਰਾਮਦਾਂ ਲਗਾਤਾਰ ਵਧ ਰਹੀਆਂ ਸਨ। ਸਥਿਤੀ ’ਤੇ ਕਾਬੂ ਪਾਉਣ ਦੇ ਮਕਸਦ ਲਈ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨਾ ਲਾਜ਼ਮੀ ਸੀ। ਇਸ ਲਈ 1985 ਵਿੱਚ ਨਿਊਯਾਰਕ ਦੇ ਪਲਾਜ਼ਾ ਹੋਟਲ ਵਿੱਚ ਸਮਝੌਤਾ ਕੀਤਾ ਗਿਆ ਜਿਸ ਵਿੱਚ ਪੱਛਮੀ ਜਰਮਨੀ, ਫਰਾਂਸ, ਅਮਰੀਕਾ, ਜਾਪਾਨ ਅਤੇ ਯੂਨਾਈਟਿਡ ਕਿੰਗਡਮ ਸ਼ਾਮਿਲ ਸਨ। ਸਮਝੌਤੇ ਤੋਂ ਬਾਅਦ ਇਸ ਵਿੱਚ ਸ਼ਿਰਕਤ ਕਰਨ ਵਾਲੇ ਮੁਲਕਾਂ ਵਿੱਚ ਅਜਿਹੀਆਂ ਨੀਤੀਆਂ ਬਣਾਈਆਂ ਜਿਸ ਨਾਲ ਲਗਭਗ 2 ਸਾਲ ਅੰਦਰ ਹੀ ਅਮਰੀਕੀ ਡਾਲਰ ਵਿੱਚ 50% ਦੀ ਗਿਰਾਵਟ ਦਰਜ ਹੋਈ ਜਦੋਂ ਕਿ ਪੱਛਮੀ ਜਰਮਨੀ, ਫਰਾਂਸ, ਯੂਨਾਈਟਿਡ ਕਿੰਗਡਮ ਅਤੇ ਜਾਪਾਨ ਦੀ ਮੁਦਰਾ ਵਿੱਚ 50% ਦਾ ਵਾਧਾ ਹੋਇਆ।

ਕੌਮਾਂਤਰੀ ਪੱਧਰ ਤੇ ਯੈੱਨ ਦੀ ਕੀਮਤ ਵਿੱਚ ਵਾਧਾ ਅਤੇ ਦੂਜੇ ਪਾਸੇ ਜਾਪਾਨ ਵਿੱਚ ਘੱਟ ਵਿਆਜ ਦਰਾਂ ਦਾ ਵਿਚਰਨਾ- ਇਹਨਾਂ ਦੋਵੇਂ ਕਾਰਕਾਂ ਨੇ ਜਾਪਾਨ ਦੇ ਲੋਕਾਂ ਨੂੰ ਨਿਵੇਸ਼ ਲਈ ਪ੍ਰੇਰਿਤ ਕੀਤਾ। ਸਾਲ 1989 ਤਕ ਜਾਪਾਨ ਦੇ ਲੋਕਾਂ ਨੇ ਸਟਾਕ ਮਾਰਕੀਟ ਅਤੇ ਜ਼ਮੀਨ-ਜਾਇਦਾਦ ਵਿੱਚ ਖੂਬ ਨਿਵੇਸ਼ ਕੀਤਾ ਜਿਸ ਕਾਰਨ ਜਪਾਨੀ ਸਟਾਕ ਸੂਚਕ ਅੰਕ ਨਿਕੇਈ 39000 ’ਤੇ ਪਹੁੰਚ ਗਿਆ ਜੋ 1985 ਦੇ ਮੁਕਾਬਲੇ 3 ਗੁਣਾ ਵੱਧ ਸੀ। ਇਸੇ ਤਰ੍ਹਾਂ 1989 ਵਿੱਚ ਟੋਕੀਓ ਵਿੱਚ ਜ਼ਮੀਨ ਦੀਆਂ ਕੀਮਤਾਂ ਮੈਨਹਟਨ, ਨਿਊਯਾਰਕ ਨਾਲੋਂ 3.5 ਗੁਣਾ ਵੱਧ ਸਨ। ਸਟਾਕ ਮਾਰਕੀਟ ਅਤੇ ਰੀਅਲ ਅਸਟੇਟ ਸੈਕਟਰ ਤੋਂ ਪੈਦਾ ਹੋਣ ਵਾਲੀ ਬੇਤਹਾਸ਼ਾ ਮਹਿੰਗਾਈ ਤੇ ਠੱਲ੍ਹ ਪਾਉਣ ਲਈ ਜਾਪਾਨ ਦੇ ਕੇਂਦਰੀ ਬੈਂਕ ਨੇ ਵਿਆਜ ਦਰਾਂ ਵਿੱਚ ਵਾਧਾ ਕੀਤਾ। ਜਾਪਾਨ ਦੇ ਲੋਕ ਲਗਭਗ ਇੱਕ ਦਹਾਕੇ ਤੋਂ ਘੱਟ ਵਿਆਜ ਦਰ ਦੇ ਆਦੀ ਸਨ, ਇਸ ਲਈ ਵਧੀਆਂ ਦਰਾਂ ’ਤੇ ਕਰਜ਼ਿਆਂ ਦੀ ਅਦਾਇਗੀ ਮੁਸ਼ਕਿਲ ਹੋ ਗਈ।

ਵਿਆਜ ਦੀਆਂ ਵਧੀਆਂ ਦਰਾਂ ਨੇ ਉਤਪਾਦਨ ਦੀ ਲਾਗਤ ਵਿੱਚ ਵਾਧਾ ਕੀਤਾ ਜਿਸ ਕਾਰਨ ਘੱਟ ਨਿਵੇਸ਼, ਵੱਡੇ ਪੱਧਰ ’ਤੇ ਬੇਰੁਜ਼ਗਾਰੀ ਅਤੇ ਘੱਟ ਮੰਗ ਦੇ ਦੁਸ਼ਟ ਚੱਕਰ ਨੇ ਜਾਪਾਨ ਦੇ ਅਰਥਚਾਰੇ ਨੂੰ ਜਕੜ ਲਿਆ। ਸਰਮਾਏਦਾਰਾਂ ਨੇ ਕਿਉਂਕਿ ਜਾਪਾਨੀ ਵਸਤੂਆਂ ਦੀ ਗੁਣਵੱਤਾ ਨਾਲ ਸਮਝੌਤਾ ਕੀਤਾ ਸੀ, ਇਸ ਲਈ ਕੌਮਾਂਤਰੀ ਪੱਧਰ ’ਤੇ ਵੀ ਜਾਪਾਨੀ ਵਸਤੂਆਂ ਦੀ ਮੁਕਾਬਲੇਬਾਜ਼ੀ ਘਟਣ ਲੱਗੀ। 1990ਵਿਆਂ ਵਾਲਾ ਲਗਭਗ ਪੂਰਾ ਦਹਾਕਾ ਜਾਪਾਨ ਲਈ ਹਨੇਰੇ ਵਿੱਚ ਗੁਆਚ ਗਿਆ। ਸਾਲ 1991 ਦੌਰਾਨ ਭਾਵੇਂ ਜਾਪਾਨ ਦੇ ਕੇਂਦਰੀ ਬੈਂਕ ਨੇ ਵਿਆਜ ਦਰਾਂ ਘਟਾ ਕੇ ਅਰਥਚਾਰਾ ਸੁਰਜੀਤ ਕਰਨ ਦਾ ਯਤਨ ਕੀਤਾ ਪਰ ਉਦੋਂ ਤਕ ਵਿਦੇਸ਼ੀ ਨਿਵੇਸ਼ਕ ਜਾਪਾਨ ਛੱਡ ਚੁੱਕੇ ਸਨ, ਬੇਰੁਜ਼ਗਾਰੀ ਦਾ ਸੰਕਟ ਡੂੰਘਾ ਹੋ ਚੁੱਕਾ ਸੀ ਅਤੇ ਜਾਪਾਨ ਗਹਿਰੀ ਮੰਦੀ ਦੀ ਲਪੇਟ ਵਿੱਚ ਫਸ ਚੁੱਕਾ ਸੀ।

1990ਵਿਆਂ ਤੋਂ ਲੈ ਕੇ ਹੁਣ ਤਕ ਆਰਥਿਕ ਵਿਕਾਸ ਦੇ ਚਾਰ ਕਾਰਕਾਂ- ਖਪਤ, ਨਿਵੇਸ਼, ਸਰਕਾਰੀ ਖਰਚ ਅਤੇ ਬਰਾਮਦ ਵਿੱਚੋਂ ਕੇਵਲ ਇੱਕ ਕਾਰਕ ਸਰਕਾਰੀ ਖਰਚ ਹੀ ਕੰਮ ਕਰ ਰਿਹਾ ਹੈ। ਜਾਪਾਨੀ ਸਰਕਾਰ ਬੇਤਹਾਸ਼ਾ ਕਰਜ਼ੇ ਚੁੱਕ ਕੇ ਮੁਲਕ ਨੂੰ ਬੱਸ ਕਿਸੇ ਪ੍ਰਕਾਰ ਚਲਦਾ ਰੱਖ ਰਹੀ ਹੈ। ਜਾਪਾਨ ਦੀਆਂ ਵੱਖ-ਵੱਖ ਸਰਕਾਰਾਂ ਨੇ 2010ਵਿਆਂ ਦੌਰਾਨ ਉੱਥੋਂ ਦੇ ਕਾਰਪੋਰੇਟਾਂ ਨੂੰ ਵੰਨ-ਸਵੰਨੇ ਪੈਕੇਜ ਦਿੱਤੇ ਤਾਂ ਜੋ ਉਹ ਬੈਂਕਾਂ ਤੋਂ ਲਏ ਕਰਜ਼ਿਆਂ ਦੀ ਅਦਾਇਗੀ ਕਰ ਸਕਣ ਅਤੇ ਬੈਂਕਾਂ ਦਾ ਕਾਰੋਬਾਰ ਚਾਲੂ ਰੱਖ ਸਕਣ। ਜਾਪਾਨੀ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਲਈ ਹਰ ਪ੍ਰਕਾਰ ਦੇ ਉਪਾਅ- ਨਕਾਰਾਤਮਕ ਵਿਆਜ ਦਰਾਂ, ਪੈਕੇਜ, ਵੱਧ ਸਰਕਾਰੀ ਖਰ, ਆਦਿ ਕੀਤੇ ਗਏ ਪਰ ਕੋਸ਼ਿਸ਼ਾਂ ਅਸਫਲ ਹੀ ਰਹੀਆਂ। ਨਵੀਨਤਮ ਘਟਨਾਕ੍ਰਮ ਵਿੱਚ ਜਿੱਥੇ ਵਿਸ਼ਵ ਭਰ ਵਿੱਚ ਮਹਿੰਗਾਈ ਨੂੰ ਠੱਲ੍ਹਣ ਲਈ ਹਰ ਮੁਲਕ ਦੇ ਕੇਂਦਰੀ ਬੈਂਕ ਨੇ ਵਿਆਜ ਦਰਾਂ ਵਧਾਈਆਂ ਹਨ, ਜਾਪਾਨੀ ਕੇਂਦਰੀ ਬੈਂਕ ਸਸਤੇ ਕਰਜ਼ੇ ਜਾਰੀ ਰੱਖਣ ਲਈ ਜਾਪਾਨ ਵਿੱਚ ਵਿਆਜ ਦਰਾਂ ਨਹੀਂ ਵਧਾ ਰਿਹਾ ਜਿਸ ਕਾਰਨ ਯੈੱਨ ਦੀ ਕੀਮਤ ਵਿੱਚ ਵੱਡੀ ਕਮੀ ਆਈ ਹੈ। ਅੱਜ ਜਾਪਾਨ ਵਿਰੋਧਾਭਾਸ ਵਾਲੀ ਹਾਲਤ ਵਿੱਚ ਹੈ ਕਿ ਵਿਆਜ ਦਰ ਘੱਟ ਰੱਖ ਕੇ ਆਰਥਿਕਤਾ ਨੂੰ ਬਚਾਉਣਾ ਹੈ ਜਾਂ ਵਿਆਜ ਦਰ ਵਧਾ ਕੇ ਯੈੱਨ ਦੀ ਕੀਮਤ ਨੂੰ ਬਚਾਉਣਾ ਹੈ?

### ਭਾਰਤ ’ਤੇ ਪ੍ਰਭਾਵ

ਜਿੱਥੋਂ ਤਕ ਭਾਰਤ ਦਾ ਸਵਾਲ ਹੈ, ਜਾਪਾਨ ਵਿੱਚ ਸਸਤੀਆਂ ਵਿਆਜ ਦਰਾਂ ਦਾ ਲਾਹਾ ਲੈਂਦੇ ਹੋਏ ਭਾਰਤ ਸਰਕਾਰ ਅਤੇ ਕਾਰਪੋਰੇਟਾਂ ਨੇ ਜਾਪਾਨ ਕੌਮਾਂਤਰੀ ਸਹਿਯੋਗ ਏਜੰਸੀ ਤਹਿਤ ਬਹੁਤ ਵੱਡਾ ਕਰਜ਼ਾ ਲਿਆ ਹੈ। 2010 ਅਤੇ 2020 ਦਰਮਿਆਨ ਜਾਪਾਨ ਨੇ ਭਾਰਤ ਨੂੰ ਕੁਲ ਮਿਲਾ ਕੇ 3.1 ਲੱਖ ਕਰੋੜ ਯੈੱਨ ਦੀ ਸਹਾਇਤਾ ਮੁਹੱਈਆ ਕੀਤੀ ਹੈ। ਭਾਰਤ ਦੇ ਸੀਵਰੇਜ ਟ੍ਰੀਟਮੈਂਟ ਪ੍ਰਾਜੈਕਟ, ਸੜਕਾਂ, ਪੁਲ, ਮੈਟਰੋ ਪ੍ਰਾਜੈਕਟ, ਡੈਡੀਕੇਟਡ ਫ੍ਰੇਟ ਕਾਰੀਡੋਰ, ਮੁੰਬਈ ਅਹਿਮਦਾਬਾਦ ਹਾਈ ਸਪੀਡ ਰੇਲਵੇ ਪ੍ਰਾਜੈਕਟ ਆਦਿ ਨੂੰ ਜਾਪਾਨ ਦਾ ਸਮਰਥਨ ਹੈ; ਇੱਥੋਂ ਤਕ ਕਿ ਭਾਰਤ ਦੇ ਬੈਂਕਾਂ (ਭਾਰਤੀ ਸਟੇਟ ਬੈਂਕ ਸਮੇਤ) ਨੇ ਵੀ ਜਾਪਾਨ ਤੋਂ ਕਰਜ਼ੇ ਲਏ ਹਨ। ਯੈੱਨ ਨੂੰ ਬਚਾਉਣ ਲਈ ਜਾਪਾਨ ਵਿੱਚ ਵਿਆਜ ਦਰਾਂ ’ਚ ਕੀਤਾ ਵਾਧਾ ਹੁਣ ਕੇਵਲ ਜਾਪਾਨੀ ਅਰਥਚਾਰੇ ’ਤੇ ਹੀ ਅਸਰ ਨਹੀਂ ਪਾਵੇਗਾ ਸਗੋਂ ਭਾਰਤ ਲਈ ਵੀ ਜਾਪਾਨ ਨੂੰ ਯੈੱਨ ਵਿੱਚ ਕਰਜ਼ ਅਦਾਇਗੀ ਮਹਿੰਗੀ ਹੋ ਜਾਵੇਗੀ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਪੰਜਾਬ ਨੇ 13 ਸੀਟਾਂ ਦੇ ਨਤੀਜਿਆਂ ਦਾ ਕੀ ਸੰਦੇਸ਼ ਕਿਹਾ ਜਾ ਸਕਦਾ ਹੈ










ਭਾਰਤੀ ਦੀ 18ਵੀਂ ਲੋਕ ਸਭਾ ਦੀਆਂ ਆਮ ਚੋਣਾਂ ਵਿਚ ਫਤਵਾ ਕੌਮੀ ਜਮਹੂਰੀ (ਐੱਨਡੀਏ) ਗਠਜੋੜ ਦੇ ਪੱਖ ਵਿੱਚ ਆਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਭਾਰਤੀ ਜਨਤਾ ਪਾਰਟੀ 240 ਸੀਟਾਂ ਉੱਤੇ ਅੱਗੇ ਚੱਲ ਰਹੀ ਹੈ ਅਤੇ 198 ਸੀਟਾਂ ਉੱਤੇ ਜਿੱਤ ਹਾਸਲ ਕਰ ਲਈ ਹੈ। ਸੱਤਾ ਵਿਰੋਧੀ ਗਠਜੋੜ 'ਇੰਡੀਆ' ਨੇ 233 ਸੀਟਾਂ ਹਾਸਲ ਕੀਤੀਆਂ ਹਨ ਅਤੇ 18 ਸੀਟਾਂ ਹੋਰਾਂ ਨੂੰ ਹਾਸਲ ਹੋਈਆਂ ਹਨ। ਚੋਣਾਂ ਦੇ ਕੇਂਦਰੀ ਫ਼ਤਵੇ ਨੂੰ ਲੈ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਲੈ ਕੇ ਚਰਚਾ ਜ਼ੋਰਾਂ ਉੱਤੇ ਹੈ। ਪਰ ਅਸੀਂ ਇਸ ਰਿਪੋਰਟ ਰਾਹੀਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਫ਼ਤਵੇ ਅਤੇ ਨਵੇਂ ਉੱਭਰੇ ਸਿਆਸੀ ਸਮੀਕਰਨਾਂ ਦੇ ਕਾਰਨਾਂ ਅਤੇ ਮਾਅਨਿਆਂ ਦੀ ਚਰਚਾ ਕਰਾਂਗੇ।

## ਕੀ ਹੈ ਪੰਜਾਬ ਦੇ ਲੋਕਾਂ ਦਾ ਫਤਵਾ

ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿੱਚੋਂ ਕਾਂਗਰਸ ਪਾਰਟੀ 7 ਸੀਟਾਂ ਹਾਸਲ ਕਰਕੇ ਸੂਬੇ ਦੀ ਸਭ ਤੋਂ ਵੱਡੀ ਸਿਆਸੀ ਧਿਰ ਬਣ ਕੇ ਉੱਭਰੀ ਹੈ। ਜਦਕਿ 2022 ਦੀਆਂ ਸੂਬਾਈ ਵਿਧਾਨ ਸਭਾ ਚੋਣਾਂ ਵਿੱਚ 42 ਫੀਸਦ ਵੋਟ ਸ਼ੇਅਰ ਨਾਲ 92 ਸੀਟਾਂ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ 3 ਲੋਕ ਸਭਾ ਸੀਟਾਂ ਉੱਤੇ ਸਿਮਟ ਗਈ ਹੈ। 2019 ਵਿੱਚ ਪਾਰਟੀ ਨੇ ਲੋਕ ਸਭਾ ਦੀ ਇੱਕ ਹੀ ਸੀਟ ਜਿੱਤੀ ਸੀ, ਉਸ ਹਿਸਾਬ ਨਾਲ ਪਾਰਟੀ ਦੀ ਸੰਸਦ ਵਿੱਚ ਹਾਜ਼ਰੀ ਵਧੀ ਹੈ। ਪਰ ਵਿਧਾਨ ਸਭਾ ਚੋਣ ਨਤੀਜੇ ਦੇ ਹਿਸਾਬ ਨਾਲ ਇਹ ਪਾਰਟੀ ਲਈ ਕਾਫੀ ਵੱਡਾ ਝਟਕਾ ਹੈ, ਕਿਉਂਕਿ ਪਾਰਟੀ ਦਾ ਵੋਟਾਂ ਦਾ ਅੰਕੜਾ 26 ਫੀਸਦ ਉੱਤੇ ਆ ਗਿਆ ਹੈ। ਰੋਚਕ ਗੱਲ ਇਹ ਹੈ ਕਿ ਕਾਂਗਰਸ 26.30 ਫੀਸਦ ਦੇ ਵੋਟ ਸ਼ੇਅਰ ਨਾਲ ਸੱਤ ਸੀਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੀ। ਪੰਜਾਬ ਦੇ ਸਿੱਖਾਂ ਜਾਂ ਘੱਟ ਗਿਣਤੀ ਭਾਈਚਾਰੇ ਦੀ ਨੁਮਾਇੰਦਾ ਜਮਾਤ ਹੋਣ ਦਾ ਦਾਅਵਾ ਕਰਨ ਵਾਲੀ ਪਾਰਟੀ ਅਕਾਲੀ ਦਲ ਦਾ ਵੋਟ ਸ਼ੇਅਰ ਅਤੇ ਸੀਟਾਂ ਦੋਵੇਂ ਘਟੀਆਂ ਹਨ। ਅਕਾਲੀ ਦਲ ਨੂੰ 13.42 ਫੀਸਦ ਵੋਟ ਹਾਸਲ ਹੋਏ, ਪਰ ਪਾਰਟੀ ਆਪਣੀ ਰਵਾਇਤੀ ਬਠਿੰਡਾ ਸੀਟ ਬਚਾਉਣ ਵਿੱਚ ਕਾਮਯਾਬ ਰਹੀ। 2019 ਦੀਆਂ ਚੋਣਾਂ ਵਿੱਚ ਭਾਜਪਾ ਲਈ ਸਨੀ ਦਿਓਲ ਅਤੇ ਸੋਮ ਪ੍ਰਕਾਸ਼ ਨੇ ਲੜੀਵਾਰ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹਲਕੇ ਜਿੱਤੇ ਸਨ। ਇਸ ਵਾਰ ਭਾਜਪਾ ਇਹ ਦੋਵੇਂ ਹਲਕੇ ਹਾਰ ਗਈ।

ਹੁਸ਼ਿਆਰਪੁਰ ਵਿੱਚ ਮੌਜੂਦਾ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਤੀਜੇ ਸਥਾਨ ਉੱਤੇ ਰਹੇ। ਪਰ 2019 ਵਿੱਚ ਸਨੀ ਦਿਓਲ ਹੱਥੋਂ ਹਾਰਨ ਵਾਲੇ ਕਾਂਗਰਸੀ ਆਗੂ ਸੁਨੀਲ ਜਾਖੜ, ਜੋ ਹੁਣ ਪੰਜਾਬ ਭਾਜਪਾ ਦੇ ਪ੍ਰਧਾਨ ਹਨ, ਪਾਰਟੀ ਨੂੰ 18.56 ਫੀਸਦ ਵੋਟਾਂ ਮਿਲਣ ਨੂੰ ਵੱਡੀ ਉਪਲਬਧੀ ਮੰਨ ਰਹੀ ਹੈ। ਪਾਰਟੀ ਦੇ ਆਗੂ 2027 ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਆਪਣਾ ਨਿਸ਼ਾਨਾ ਦੱਸ ਰਹੇ ਹਨ। ਜਿੱਤ ਹਾਰ ਦੇ ਹਿਸਾਬ ਨਾਲ ਖਡੂਰ ਸਾਹਿਬ ਹਲਕੇ ਤੋਂ ਖਾਲਿਸਤਾਨ ਸਮਰਥਕ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਐੱਨਐੱਸਏ ਤਹਿਤ ਬੰਦ ਅਮ੍ਰਿਤਪਾਲ ਸਿੰਘ ਦੀ 1 ਲੱਖ 97 ਹਜ਼ਾਰ ਤੋਂ ਵੱਧ ਵੋਟਾਂ ਨਾਲ ਅਤੇ ਫਰੀਦਕੋਟ ਹਲਕੇ ਤੋਂ ਸਰਬਜੀਤ ਸਿੰਘ ਖਾਲਸਾ ਦੀ ਜਿੱਤ ਸਭ ਤੋਂ ਰੋਚਕ ਘਟਨਾਕ੍ਰਮ ਹਨ। ਸਰਬਜੀਤ ਸਿੰਘ ਖਾਲਸਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀ ਬੇਅੰਤ ਸਿੰਘ ਦੇ ਪੁੱਤਰ ਹਨ। ਉਹ ਵੀ 73 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੇ ਹਨ।

## ਕੀ ਕਹਿੰਦੇ ਹਨ ਪੰਜਾਬ ਦੇ ਨਤੀਜੇ

ਚੋਣ ਨਤੀਜਿਆਂ ਮਗਰੋਂ ਇਹ ਸਵਾਲ ਖੜ੍ਹੇ ਹੋਏ ਹਨ ਕਿ ਕੀ ਪੰਜਾਬ ਆਪਣੇ ਸਵਾਲਾਂ ਦੇ ਜਵਾਬ ਲੱਭ ਰਿਹਾ ਹੈ, ਕੀ ਪੰਜਾਬ ਨੇ ਆਮ ਆਦਮੀ ਪਾਰਟੀ ਨੂੰ ਵੀ ਰਵਾਇਤੀ ਪਾਰਟੀ ਮੰਨ ਲਿਆ ਹੈ। ਪੰਜਾਬ ਵਿੱਚ ਵੋਟਰਾਂ ਨੇ ਆਮ ਆਦਮੀ ਪਾਰਟੀ ਨੂੰ ਉਸ ਤਰ੍ਹਾਂ ਦਾ ਹੁੰਗਾਰਾ ਨਹੀਂ ਦਿੱਤਾ ਹੈ, ਜਿਸ ਤਰ੍ਹਾਂ ਦੇ ਉਹ ਦਾਅਵਾ ਕਰ ਰਹੀ ਸੀ। ਸਿਆਸੀ ਮਾਹਰ ਮੰਨਦੇ ਹਨ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਸਭ ਤੋਂ ਵੱਡੀ ਧਿਰ ਵਜੋਂ ਮੁੜ ਪ੍ਰਵਾਨ ਕੀਤਾ ਹੈ ਅਤੇ ਨਾਲ ਹੀ ਗਰਮ ਸੁਰ ਵਾਲੀ ਪੰਥਕ ਸਿਆਸਤ ਨੂੰ ਵੀ ਹੁਲ਼ਾਰਾ ਦਿੱਤਾ ਹੈ। ਪਰ ਆਮ ਆਦਮੀ ਪਾਰਟੀ ਅਜੇ ਵੀ ਇੱਕ ਧਿਰ ਬਣੀ ਹੋਈ ਹੈ। ਭਾਜਪਾ ਨੇ ਕਾਂਗਰਸ ਵਿੱਚੋਂ ਕੱਦਾਵਰ ਆਗੂ ਪਾਰਟੀ ਵਿੱਚ ਸ਼ਾਮਲ ਕਰਕੇ ਪਾਸਾ ਪਲਟਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਜ਼ਿਆਦਾ ਕਾਮਯਾਬ ਹੁੰਦੀ ਨਜ਼ਰ ਨਹੀਂ ਆਈ।

## ਕੀ ਇਹ ਗਰਮ ਦਲ ਦੀ ਸਿਆਸਤ ਦਾ ਉਭਾਰ ਹੈ

ਲੋਕ ਸਭਾ ਲਈ ਹੋਈਆਂ ਚੋਣਾਂ ਵਿੱਚ ਪੰਜਾਬ ਦੇ ਨਤੀਜਿਆਂ ਬਾਰੇ ਸਿਆਸੀ ਮਾਹਰ ਡਾ ਪ੍ਰਮੋਦ ਕੁਮਾਰ ਨਾਲ ਗੱਲ਼ ਕੀਤੀ। ਡਾਕਟਰ ਪ੍ਰਮੋਦ ਕਹਿੰਦੇ ਹਨ, "ਪੰਜਾਬ ਵਿੱਚ ਵੱਖਵਾਦੀ ਸਿਆਸਤ ਹਮੇਸ਼ਾ ਤੋਂ ਰਹੀ ਹੈ। ਜਦੋਂ ਲੋਕਾਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਰਵਾਇਤੀ ਸਿਆਸਤ ਤੋਂ ਨਹੀਂ ਮਿਲਣਗੇ ਤਾਂ ਉਹ ਇਸ ਪਾਸੇ ਵੱਲ ਮੁੜਨਗੇ ਅਤੇ ਉਹ ਮੁੜ ਰਹੇ ਹਨ।" ਉਹ ਕਹਿੰਦੇ ਹਨ, "ਅਜਿਹਾ ਲੋਕਤੰਤਰੀ ਪ੍ਰਣਾਲੀ ਨਾਲ ਹੋ ਰਿਹਾ ਇਹ ਇੱਕ ਚੰਗਾ ਸੰਕੇਤ ਹੈ ਪਰ ਸਿਆਸੀ ਪਾਰਟੀਆਂ ਲਈ ਇੱਕ ਅਗੇਤੀ ਚੇਤਾਵਨੀ ਹੈ।" ਉਹ ਕਹਿੰਦੇ ਹਨ ਕਿ ਖ਼ਡੂਰ ਸਾਹਿਬ ਅਤੇ ਫਰੀਦਕੋਟ ਵਿੱਚ ਇਹੀ ਨਜ਼ਰ ਆਇਆ ਹੈ। ਅਮ੍ਰਿਤਪਾਲ ਅਤੇ ਸਰਬਜੀਤ ਸਿੰਘ ਦੇ ਚੋਣ ਲੜਨ ਦਾ ਫ਼ੈਸਲਾ ਬਹੁਤ ਲੇਟ ਹੋਇਆ ਅਤੇ ਸਥਾਨਕ ਸਿਆਸਤ ਨੇ ਉਸੇ ਮੁਤਾਬਕ ਪਾਸਾ ਪਰਤ ਲਿਆ। ਸੀਨੀਅਰ ਪੱਤਰਕਾਰ ਅਤੁਲ ਸੰਗਰ ਨੇ ਦੱਸਿਆ, "ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਅਤੇ ਦੂਜਾ ਪੰਜਾਬ ਨਸ਼ੇ ਦੇ ਮੁੱਦੇ ਦਾ ਰਵਾਇਤੀ ਪਾਰਟੀਆਂ ਹੱਲ ਨਹੀਂ ਕੱਢਿਆ ਜਾ ਰਿਹਾ।"

ਅਤੁਲ ਸੰਗਰ ਕਹਿੰਦੇ ਹਨ ਕਿ 1980ਵਿਆਂ ਦੇ ਦੌਰਾਨ ਹੋਈ ਹਿੰਸਾ ਸਬੰਧੀ ਅਣਸੁਲਝੇ ਮੁੱਦੇ, ਬੇਅਦਬੀ ਮਾਮਲਿਆਂ ਵਿੱਚ ਨਿਆਂ ਨਾ ਮਿਲਣ ਜਿਹੇ ਮੁੱਦਿਆਂ ਦਾ ਕੋਈ ਸਪਸ਼ਟ ਜਵਾਬ ਨਹੀਂ ਮਿਲਿਆ ਹੈ। ਉਹ ਕਹਿੰਦੇ ਹਨ, "ਇਸੇ ਲਈ ਲੋਕਾਂ ਨੇ ਪੰਥਕ ਸਿਆਸਤ ਦੀ ਖਾਲੀ ਪਈ ਸਪੇਸ ਨੂੰ ਗਰਮ ਸੁਰ ਵਾਲੇ ਪੰਥਕ ਆਗੂਆਂ ਰਾਹੀਂ ਭਰਨ ਦੀ ਕੋਸ਼ਿਸ਼ ਕੀਤੀ ਹੈ।" ਡਾਕਟਰ ਪ੍ਰਮੋਦ ਮੰਨਦੇ ਹਨ ਕਿ ਆਮ ਆਦਮੀ ਪਾਰਟੀ ਇੱਕ ਬਦਲਾਅ ਲੈ ਕੇ ਆਈ ਸੀ ਪਰ ਹੁਣ ਉਹ ਵੀ ਰਵਾਇਤੀ ਪਾਰਟੀ ਬਣ ਗਈ ਹੈ। ਉਹ ਕਹਿੰਦੇ ਹਨ, "ਲੋਕਾਂ ਨੂੰ 'ਆਪ' ਵਿੱਚੋਂ ਵੀ ਆਪਣੇ ਸਵਾਲਾਂ ਦੇ ਹੱਲ ਨਹੀਂ ਮਿਲੇ ਹਨ ਉਹ ਹੁਣ ਇੱਕ ਹੋਰ ਤਰ੍ਹਾਂ ਦੀ ਸਿਆਸਤ ਵੱਲ ਦੇਖ ਰਹੇ ਹਨ।"

## ਭਾਜਪਾ ਕਿਉਂ ਨਹੀਂ ਜਿੱਤ ਸਕੀ ਸੀਟ

ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿੱਚ ਜਦੋਂ ਵੀ ਸੱਤਾ ਦਾ ਸੁੱਖ ਮਾਣਿਆ ਹੈ, ਉਹ ਅਕਾਲੀ ਦਲ ਦੇ ਸਾਥ ਨਾਲ ਹੀ ਮਾਣਿਆ ਹੈ। 1996 ਵਿੱਚ ਹੋਏ ਗਠਜੋੜ ਤੋਂ ਬਾਅਦ ਅਕਾਲੀ ਦਲ ਅਤੇ ਭਾਜਪਾ ਨੇ ਪੂਰੇ 15 ਸਾਲ ਸਰਕਾਰ ਚਲਾਈ, ਪਰ ਕਿਸਾਨ ਅੰਦੋਲਨ ਦੌਰਾਨ ਜਦੋਂ ਅਕਾਲੀ ਦਲ 2020 ਵਿੱਚ ਭਾਜਪਾ ਤੋਂ ਵੱਖ ਹੋ ਗਿਆ ਤਾਂ ਭਾਰਤੀ ਜਨਤਾ ਪਾਰਟੀ ਨੇ ਸੂਬੇ ਵਿੱਚ ਇਕੱਲਿਆਂ ਹੀ ਅੱਗੇ ਵਧਣ ਦਾ ਫੈਸਲਾ ਲਿਆ। ਪੰਜਾਬ ਵਿੱਚ ਸਥਾਪਤੀ ਲਈ ਕਾਂਗਰਸ ਸਣੇ ਦੂਜੀਆਂ ਪਾਰਟੀਆਂ ਤੋਂ ਆਗੂ ਦਰਾਮਦ ਕਰਨ ਅਤੇ ਆਪਣੇ ਸਰੋਤਾਂ ਦੀ ਮਦਦ ਨਾਲ ਸੂਬੇ ਵਿੱਚ ਸਥਾਪਤੀ ਦਾ ਕਦਮ ਅੱਗੇ ਵਧਾਇਆ। ਪਰ ਕੋਈ ਸੀਟ ਹਾਸਲ ਨਹੀਂ ਹੋ ਸਕੀ। ਅਕਾਲੀ ਦਲ ਦੀ ਮਦਦ ਨਾਲ ਜੋ 2019 ਵਿੱਚ ਦੋ ਸੀਟਾਂ ਹਾਸਲ ਕੀਤੀਆਂ ਸਨ, ਉਹ ਵੀ ਖੁੱਸ ਗਈਆਂ। ਡਾਕਟਰ ਪ੍ਰਮੋਦ ਕਹਿੰਦੇ ਹਨ ਕਿ ਭਾਜਪਾ ਨੂੰ ਹਰਿਆਣੇ ਦੀ ਜਿੱਤ ਦੇਖ ਕੇ ਉਮੀਦ ਬੱਝੀ ਸੀ ਕਿ ਜੇ ਅਸੀਂ ਹਰਿਆਣੇ ਵਿੱਚ ਜਿੱਤ ਸਕਦੇ ਹਾਂ ਤਾਂ ਪੰਜਾਬ ਵਿੱਚ ਵੀ ਜਿੱਤ ਜਾਵਾਂਗੇ। ਉਹ ਕਹਿੰਦੇ ਹਨ, "ਪਰ ਪੰਜਾਬ ਵਿੱਚ ਕਿਸੇ ਵੀ ਪਾਰਟੀ ਦਾ ਇਕਲੌਤਾ ਵੋਟ ਬੈਂਕ ਨਹੀਂ ਹੈ। ਪੰਜਾਬ ਦੀ ਖੇਤਰੀ ਪਛਾਣ ਨੂੰ ਦਰਕਿਨਾਰ ਕਰਕੇ ਜੇ ਕੋਈ ਸਿਰਫ਼ ਕੌਮੀ ਮੁੱਦੇ ਰੱਖਾਂਗੇ ਤਾਂ ਉਹ ਇੱਥੇ ਨਹੀਂ ਚੱਲਣਗੇ।" ਭਾਰਤੀ ਜਨਤਾ ਪਾਰਟੀ ਨੇ ਹਰਿਆਣੇ ਅਤੇ ਹੋਰ ਕਈ ਸੂਬਿਆਂ ਵਾਂਗ ਅਕਾਲੀ ਦਲ ਨੂੰ ਛੋਟਾ ਭਰਾ ਬਣਾ ਕੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਡਾਕਟਰ ਪ੍ਰਮੋਦ ਕਹਿੰਦੇ ਹਨ, "ਭਾਜਪਾ ਨੇ ਐੱਮਐੱਸਪੀ ਅਤੇ ਸਿੱਖ ਕੈਦੀਆਂ ਦੀ ਰਿਹਾਈ ਵਰਗੇ ਅਕਾਲੀ ਦਲ ਦੇ ਕਈ ਮੁੱਦੇ ਸਮਝਣ ਦੀ ਥਾਂ ਇਹੀ ਕਿਹਾ ਸੀ ਕਿ ਤੁਸੀਂ ਸਿਰਫ਼ ਸੀਟਾਂ ਦੀ ਵੰਡ ਕਰ ਲਓ। ਜੇ ਉਹ ਪੰਜਾਬ ਦੀਆਂ ਮੰਗਾਂ ਨੂੰ ਦੇਖਦੇ ਅਤੇ ਸਮੱਸਿਆਵਾਂ ਦਾ ਹੱਲ ਦਿੰਦੇ ਤਾਂ ਫਰਕ ਪੈ ਸਕਦਾ ਸੀ।" ਅਤੁਲ ਸੰਗਰ ਕਹਿੰਦੇ ਹਨ, "ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਨੂੰ ਦੂਜੀਆਂ ਖੇਤਰੀ ਪਾਰਟੀਆਂ ਵਾਂਗ ਨਹੀਂ ਸਮਝ ਸਕਦੀ। ਅਕਾਲੀ ਦਲ 100 ਸਾਲ ਪੁਰਾਣਾ ਇਤਿਹਾਸ ਹੈ ਅਤੇ ਇਹ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਨੁਮਾਇੰਦਾ ਪਾਰਟੀ ਹੈ।"

## ਆਮ ਆਦਮੀ ਪਾਰਟੀ ਦਾ ਆਸ ਮੁਤਾਬਕ ਸੀਟਾਂ ਨਾ ਜਿੱਤਣਾ

ਮਾਹਰ ਮੰਨਦੇ ਹਨ ਕਿ ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਦੀ ਸਿਆਸਤ ਕੌਮੀ ਪੱਧਰ ਉੱਤੇ ਕੀਤੀ, ਠੀਕ ਉਸੇ ਤਰ੍ਹਾਂ ਦੀ ਸਿਆਸਤ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਕੀਤੀ ਹੈ। ਮਾਹਰ ਕਹਿੰਦੇ ਹਨ ਕਿ ਜੇ ਮੋਦੀ ਨੇ ਕਿਹਾ ਕਿ ਚਾਰ ਸੌ ਪਾਰ ਤਾਂ ਭਗਵੰਤ ਮਾਨ ਨੇ ਨਾਅਰਾ ਦਿੱਤਾ '13-00', ਜੇ ਉਨ੍ਹਾਂ ਨੇ ਜੈ ਸ਼੍ਰੀ ਰਾਮ ਕਿਹਾ ਤਾਂ ਕੇਜਰੀਵਾਲ ਨੇ ਹਨੂੰਮਾਨ ਚਾਲੀਸਾ ਪੜ੍ਹਿਆ ਅਤੇ ਹਨੂੰਮਾਨ ਦੇ ਜੈਕਾਰੇ ਗੁੰਜਾਏ। ਡਾਕਟਰ ਪ੍ਰਮੋਦ ਕਹਿੰਦੇ ਹਨ, "ਪੰਜਾਬ ਇੱਕ ਨਹੀਂ ਹੈ, ਇਹ ਡਾਇਸਪੋਰਾ ਵਿੱਚ ਵੀ ਹੈ, ਪੱਛਮੀ ਪਾਕਿਸਤਾਨ ਦਾ ਵੀ ਹੈ। ਇੱਥੇ ਸਿਰਫ਼ ਫਰੀਬੀਜ਼ ਨਾਲ ਨਹੀਂ ਚੱਲ ਸਕਦੀਆਂ। ਤੁਸੀਂ ਸਕੂਲ ਵਧੀਆ ਬਣਾ ਦਿੱਤੇ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ, ਫਰੀਬੀਜ਼ ਦੀ ਗੱਲ ਕਰਦੇ ਹੋ ਪਰ ਪੰਜਾਬ ਵਿੱਚ ਹੋਰ ਵੀ ਮਸਲੇ ਹਨ ਜਿਨ੍ਹਾਂ ਨੂੰ ਤੁਸੀਂ ਅਡਰੈਸ ਨਹੀਂ ਕਰਦੇ।"

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਪ੍ਰੋਫੈਸਰ ਸਤਨਾਮ ਸਿੰਘ ਦਿਓਲ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਕਿਹਾ, "ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਵਿੱਚ 92 ਸੀਟਾਂ ਮੁਫ਼ਤ ਸਹੂਲਤਾਂ ਲਈ ਨਹੀਂ ਦਿੱਤੀਆਂ ਸਨ। ਇਹ ਤਾਂ ਅਕਾਲੀ ਦਲ ਤੇ ਕਾਂਗਰਸ ਦੇ ਹੀ ਰਹੇ ਸਨ। ਉਹ ਕਹਿੰਦੇ ਹਨ, "ਪੰਜਾਬ ਦੇ ਲੋਕਾਂ ਨੇ ਕੇਜਰੀਵਾਲ ਦੀ ਪੰਜਾਬ ਨੂੰ ਕਰਜ਼ ਮੁਕਤ ਕਰਨ, ਬੇਅਦਬੀ ਦੇ ਕੇਸਾਂ ਵਿੱਚ ਨਿਆਂ ਦੁਆਉਣ, ਡਰੱਗਜ਼ ਤੋਂ ਛੁਟਕਾਰਾ ਦੁਆਉਣ ਅਤੇ ਭ੍ਰਿਸ਼ਟਾਚਾਰ ਰੋਕਣ ਦੀ ਗਰੰਟੀ ਤੋਂ ਪ੍ਰਭਾਵਿਤ ਹੋਕੇ ਦਿੱਤੀਆਂ ਸਨ।" ਅਤੁਲ ਸੰਗਰ ਕਹਿੰਦੇ ਹਨ ਕਿ ਇਹ ਚੋਣ ਨਤੀਜੇ ਆਮ ਆਦਮੀ ਪਾਰਟੀ ਦੀ 2 ਸਾਲ ਦੀ ਸਰਕਾਰ ਦੇ ਕੰਮਕਾਜ ਉੱਤੇ ਲੋਕ ਫਤਵਾ ਵੀ ਹੈ। ਭਗਵੰਤ ਮਾਨ ਤੇ ਆਪ ਲੀਡਰਸ਼ਿਪ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਦੋ ਸਾਲ ਵਿੱਚ ਹੀ ਲੋਕਾਂ ਦਾ ਮੋਹ ਭੰਗ ਕਿਉਂ ਹੋਇਆ।

## ਕਾਂਗਰਸ ਨੇ ਕੀ ਹਾਸਲ ਕੀਤਾ

ਕਾਂਗਰਸ ਦੀ ਸੂਬਾਈ ਲੀਡਰਸ਼ਿਪ ਨੇ 7 ਸੀਟਾਂ ਹਾਸਲ ਕਰਕੇ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਵਰਗੇ ਆਗੂਆਂ ਦੇ ਭਾਜਪਾ ਵਿੱਚ ਜਾਣ ਤੋਂ ਬਾਅਦ ਆਪਣੀ ਸਥਾਪਤੀ ਸਾਬਿਤ ਕਰ ਦਿੱਤੀ ਹੈ। ਜਾਣਕਾਰ ਮੰਨਦੇ ਹਨ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪ੍ਰਤਾਪ ਬਾਜਵਾ ਦੀ ਲੀਡਰਸ਼ਿਪ ਸਥਾਪਿਤ ਹੋ ਗਈ ਹੈ। ਰਾਜਾ ਵੜਿੰਗ ਜਿਨ੍ਹਾਂ ਨੂੰ ਪਹਿਲਾਂ ਟਕਸਾਲੀ ਅਖਵਾਉਣ ਵਾਲੇ ਆਗੂ ਪ੍ਰਧਾਨ ਹੀ ਨਹੀਂ ਮੰਨਦੇ ਸਨ, ਉਨ੍ਹਾਂ ਦੇ ਵੀ ਹੁਣ ਮੂੰਹ ਬੰਦ ਹੋ ਗਏ ਹਨ। ਇਸੇ ਤਰ੍ਹਾਂ ਪ੍ਰਤਾਪ ਸਿੰਘ ਬਾਜਵਾ ਜਿਨ੍ਹਾਂ ਨੂੰ ਸੂਬਾਈ ਪ੍ਰਧਾਨ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਦੇ ਅੰਦਰਖਾਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਉਨ੍ਹਾਂ ਵੀ ਆਪਣੀ ਸੂਬੇ ਪੱਧਰ ਦੇ ਆਗੂ ਵਜੋਂ ਨਾਮਣਾ ਖੱਟ ਲਿਆ ਹੈ। ਇਸੇ ਤਰ੍ਹਾਂ ਚਰਨਜੀਤ ਸਿੰਘ ਚੰਨੀ ਦਾ ਜਲੰਧਰ ਤੋਂ ਡੇਢ ਲੱਖ ਵੋਟਾਂ ਦੇ ਫਰਕ ਨਾਲ ਜਿੱਤਣਾ ਅਤੇ ਸੁਖਜਿੰਦਰ ਰੰਧਾਵਾ ਦਾ ਗੁਰਦਾਸਪੁਰ ਵਰਗੀ ਭਾਜਪਾ ਦੀ ਰਵਾਇਤੀ ਸੀਟ ਹਥਿਆਉਣਾ ਵੱਡੇ ਸਿਆਸੀ ਘਟਨਾਕ੍ਰਮ ਹਨ। ਜੋ ਦੋਵਾਂ ਆਗੂਆਂ ਦੀ ਸੂਬੇ ਪੱਧਰ ਉੱਤੇ ਅਪੀਲ ਦਾ ਦਾਇਰਾ ਵਧਾਏਗੀ।

# ਪੰਜਾਬ ਦੇ ਉਸ 7 ਹਲਕੇ, ਜਿੱਥੇ ਔਰਤਾਂ ਨੇ ਮਰਦਾਂ ਨਾਲੋਂ ਵੱਧ ਵੋਟਾਂ ਪਾਈਆਂ

ਪੰਜਾਬ ਵਿੱਚ ਕੁਲ ਪੰਜ ਲੋਕ ਸਭਾ ਹਲਕੇ ਅਜਿਹੇ ਹਨ ਜਿਨ੍ਹਾਂ ਵਿੱਚ ਮਰਦਾਂ ਨਾਲੋਂ ਵੱਧ ਔਰਤ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ। ਪੰਜਾਬ ਵਿੱਚ 13 ਸੰਸਦੀ ਹਲਕੇ ਅਤੇ 117 ਵਿਧਾਨ ਸਭਾ ਹਲਕੇ ਹਨ।

ਪੰਜਾਬ ਵਿੱਚ 1 ਜੂਨ ਨੂੰ ਹੋਈਆਂ ਚੋਣਾਂ ਵਿੱਚ ਕੁੱਲ 2।14 ਕਰੋੜ ਵੋਟਰ ਸਨ ਜਿਨ੍ਹਾਂ ਵਿੱਚੋਂ ਲਗਭਗ 62.80% ਲੋਕਾਂ ਨੇ (1.34 ਕਰੋੜ) ਵੋਟਾਂ ਪਈਆਂ।

ਵੋਟ ਪਾਉਣ ਵਾਲੇ ਵੋਟਰਾਂ ਵਿੱਚ 71.4 ਲੱਖ ਮਰਦ ਵੋਟਰ ਹਨ ਜਦਕਿ 63.36 ਲੱਖ ਔਰਤ ਵੋਟਰ ਹਨ।

ਭਾਰਤ ਦੇ ਚੋਣ ਕਮਿਸ਼ਨ ਅੰਕੜੇ ਦੇ ਮੁਤਾਬਕ ਪੰਜਾਬ ਦੇ 5 ਲੋਕ ਸਭਾ ਹਲਕਿਆਂ ਵਿੱਚ ਮਹਿਲਾ ਵੋਟਰ ਵੱਧ ਗਿਣਤੀ ਵਿੱਚ ਹਨ।

ਇਹ ਹਲਕੇ ਹਨ – ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਖਡੂਰ ਸਾਹਿਬ ਅਤੇ ਆਨੰਦਪੁਰ ਸਾਹਿਬ।

ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਗੁਰਦਾਸਪੁਰ ਸੰਸਦੀ ਹਲਕੇ ਵਿੱਚ 68।89 ਫੀਸਦੀ ਔਰਤਾਂ ਨੇ 64.70 ਫੀਸਦੀ ਮਰਦਾਂ ਦੇ ਮੁਕਾਬਲੇ ਆਪਣੀ ਵੋਟ ਪਾਈ।

ਹੁਸ਼ਿਆਰਪੁਰ ਵਿੱਚ 61.60% ਔਰਤਾਂ ਨੇ ਆਪਣੀ ਵੋਟ ਪਾਈ ਜਦਕਿ 56.31% ਮਰਦਾਂ ਨੇ ਵੋਟਾਂ ਪਾਈਆਂ

ਜਲੰਧਰ 'ਚ 60.44 ਫੀਸਦੀ ਔਰਤਾਂ ਨੇ ਆਪਣੀ ਵੋਟ ਪਾਈ, ਜਦਕਿ ਸਿਰਫ 59।03 ਫੀਸਦੀ ਮਰਦਾਂ ਨੇ ਹੀ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ,



ਆਨੰਦਪੁਰ ਸਾਹਿਬ 'ਚ 63.18 ਫੀਸਦ ਵੋਟਰ ਔਰਤਾਂ ਸਨ, ਜਦਕਿ ਮਰਦ ਵੋਟਰਾਂ ਦੀ ਗਿਣਤੀ ਸਿਰਫ਼ 60.88 ਫੀਸਦ ਰਹੀ।

ਪੰਜਾਬ ਵਿੱਚ ਗੁਰਦਾਸਪੁਰ ਹੀ ਅਜਿਹਾ ਸੰਸਦੀ ਹਲਕਾ ਹੈ ਜਿੱਥੇ ਔਰਤਾਂ ਸਾਰੇ ਨੌਂ ਵਿਧਾਨ ਹਲਕਿਆਂ ਵਿਚ ਮਰਦਾਂ ਨਾਲੋਂ ਵੋਟਾਂ ਪਾਉਣ ਵਿੱਚ ਅੱਗੇ ਹਨ ਇੱਥੋਂ ਦੇ ਹੀ ਸੁਜਾਨਪੁਰ ਵਿਧਾਨ ਸਭਾ ਹਲਕੇ ਵਿਚ 71.91 ਮਰਦ ਵੋਟਰਾਂ ਦੇ ਮੁਕਾਬਲੇ 75 ਫ਼ੀਸਦੀ ਮਹਿਲਾਵਾਂ ਨੇ ਵੋਟ ਪਾਈ।

ਕਾਂਗਰਸ ਵੱਲੋਂ ਇਸ ਹਲਕੇ ਤੋਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਾਜਪਾ ਵੱਲੋਂ ਦਿਨੇਸ਼ ਬੱਬੂ, 'ਆਪ' ਵੱਲੋਂ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਲਜੀਤ ਸਿੰਘ ਚੀਮਾ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ।

ਇਸੇ ਤਰਾਂ ਖਡੂਰ ਸਾਹਿਬ ਸੰਸਦੀ ਹਲਕੇ ਵਿੱਚ ਕੁੱਲ 16.67 ਲੱਖ ਵੋਟਰਾਂ ਵਿੱਚੋਂ ਕੁੱਲ 62.55% ਵੋਟਾਂ ਪਈਆਂ ਜਿਨ੍ਹਾਂ ਵਿਚ ਲਗਭਗ 63.56% ਔਰਤਾਂ ਅਤੇ 61.65% ਮਰਦ ਸਨ। ਇੱਥੋਂ ਚੋਣ ਲੜਨ ਵਾਲੇ ਆਗੂਆਂ ਵਿੱਚ ਡਿਬਰੂਗੜ੍ਹ ਜੇਲ੍ਹ ਤੋਂ ਅਜ਼ਾਦ ਚੋਣ ਲੜ ਰਹੇ ਅਮ੍ਰਿਤਪਾਲ ਸਿੰਘ ਵੀ ਸ਼ਾਮਲ ਹਨ।

ਉਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਕਾਂਗਰਸ ਪਾਰਟੀ ਵੱਲੋਂ ਕੁਲਬੀਰ ਸਿੰਘ ਜ਼ੀਰਾ ਅਤੇ ਆਮ ਆਦਮੀ ਪਾਰਟੀ ਵੱਲੋਂ ਲਾਲਜੀਤ ਸਿੰਘ ਭੁੱਲਰ ਤੇ ਭਾਜਪਾ ਵੱਲੋਂ ਮਨਦੀਪ ਮੰਨਾ ਚੋਣ ਮੈਦਾਨ ਵਿੱਚ ਸਨ।

# ਸੰਘ/ਭਾਜਪਾ ਦੇ ਵਲੰਟੀਅਰਾਂ ਦੀ ਭਾਜਪਾ ਤੋਂ ਦੂਰੀ ਭਾਜਪਾ ਨੂੰ ਪਈ ਮਹਿੰਗੀ

ਨਵੀਂ ਦਿੱਲੀ – ਸੰਘ ਅਤੇ ਬੀਜੇਪੀ ਇੱਕ ਦੂਜੇ ਨਾਲ ਹੱਥ ਮਿਲਾ ਰਹੇ ਹਨ। ਮੰਨਿਆ ਜਾਂਦਾ ਹੈ ਕਿ ਭਾਜਪਾ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਵਰਕਰਾਂ ਨੂੰ ਸਿਖਲਾਈ ਦੇਣ ਵਿੱਚ ਸੰਘ ਦੀ ਵੀ ਭੂਮਿਕਾ ਹੈ। ਪਰ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਦੋਵੇਂ ਦੂਰ ਹੀ ਰਹੇ। ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਭਾਜਪਾ ਨੇ ਸੰਘ ਦਾ ਸਮਰਥਨ ਨਹੀਂ ਮੰਗਿਆ। ਦੇਸ਼ ਭਰ ਵਿੱਚ ਫੈਲੇ ਅਤੇ ਆਮ ਲੋਕਾਂ ਵਿੱਚ ਸਮਾਜਿਕ ਅਤੇ ਸੰਪਰਕ ਦੇ ਕੰਮਾਂ ਵਿੱਚ ਲੱਗੇ ਸੰਘ ਦੇ ਪ੍ਰਚਾਰਕ ਅਤੇ ਵਲੰਟੀਅਰ ਚੋਣ ਪ੍ਰਕਿਰਿਆ ਦੌਰਾਨ ਪੂਰੀ ਤਰ੍ਹਾਂ ਨਿਸ਼ਕਿਰਿਆ ਦਿਖਾਈ ਦਿੱਤੇ।

ਇਸ ਤੋਂ ਪਹਿਲਾਂ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਆਰਐਸਐਸ ਦੇ ਵਲੰਟੀਅਰਾਂ ਦੀ ਅਜਿਹੀ ਨਾ-ਸਰਗਰਮਤਾ ਦੇਖਣ ਨੂੰ ਮਿਲੀ ਸੀ, ਜਿਸ ਦੇ ਸਿੱਟੇ ਵਜੋਂ ਭਾਜਪਾ ਨੂੰ ਭਾਰਤ ਸਾਈਨਿੰਗ ਦੇ ਨਾਅਰੇ ਦੇ ਬਾਵਜੂਦ ਸੱਤਾ ਤੋਂ ਬਾਹਰ ਹੋਣਾ ਪਿਆ ਸੀ। ਆਰਐਸਐਸ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਤੀ ਵਲੰਟੀਅਰਾਂ ਵਿੱਚ ਕੋਈ ਨਾਰਾਜ਼ਗੀ ਨਹੀਂ ਹੈ, ਪਰ ਇਸ ਵਾਰ ਭਾਜਪਾ ਨੇ ਸੰਘ ਦੇ ਸਮਰਥਨ ਤੋਂ ਬਿਨਾਂ 400 ਨੂੰ ਪਾਰ ਕਰਨ ਦਾ ਟੀਚਾ ਹਾਸਲ ਕਰਨ ਦਾ ਫੈਸਲਾ ਕੀਤਾ ਹੈ।

ਇਸ ਤੋਂ ਪਹਿਲਾਂ 2014 ਅਤੇ 2019 ਵਿੱਚ ਆਰਐਸਐਸ ਨੇ ਭਾਜਪਾ ਉਮੀਦਵਾਰਾਂ ਨੂੰ ਜਿਤਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ ਸੀ। ਇਸ ਤੋਂ ਪਹਿਲਾਂ 2004 ਵਿੱਚ ਆਰਐਸਐਸ ਨੇ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵੱਖ-ਵੱਖ ਫੈਸਲਿਆਂ ਦੇ ਵਿਰੋਧ ਕਾਰਨ ਚੋਣ ਪ੍ਰਕਿਰਿਆ ਤੋਂ ਬਾਹਰ ਰਹਿਣ ਦਾ ਫੈਸਲਾ ਕੀਤਾ ਸੀ। ਉੱਚ ਪੱਧਰੀ ਸੂਤਰਾਂ ਅਨੁਸਾਰ ਭਾਜਪਾ ਵਿੱਚ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਸ਼ਾਮਲ ਕਰਨ ਅਤੇ ਟਿਕਟਾਂ ਦੇਣ ਵਿੱਚ ਵੀ ਸੰਘ ਦੀ ਰਾਏ ਨਹੀਂ ਲਈ ਗਈ।

ਇੰਨਾ ਹੀ ਨਹੀਂ ਦੂਜੀਆਂ ਪਾਰਟੀਆਂ ਦੇ 100 ਤੋਂ ਵੱਧ ਲੋਕਾਂ ਨੂੰ ਵੀ ਟਿਕਟਾਂ ਦਿੱਤੀਆਂ ਗਈਆਂ। ਅਜਿਹੇ ਆਗੂਆਂ ਅਤੇ ਇਲਾਕੇ ਵਿੱਚ ਸਰਗਰਮ ਵਾਲੰਟੀਅਰਾਂ ਨਾਲ ਤਾਲਮੇਲ ਕਰਨਾ ਆਸਾਨ ਨਹੀਂ ਸੀ। ਹਾਲਾਂਕਿ, ਭਾਜਪਾ ਨੇ ਅਸਾਮ ਗਣ ਪ੍ਰੀਸ਼ਦ ਤੋਂ ਸਰਬਾਨੰਦ ਸੋਨੇਵਾਲ ਅਤੇ ਕਾਂਗਰਸ ਤੋਂ ਹਿਮਾਂਤਾ ਬਿਸਵਾ ਸਰਮਾ ਨੂੰ ਲਿਆ ਕੇ ਸਫਲਤਾ ਦੀ ਕਹਾਣੀ ਲਿਖੀ ਹੈ। ਪਰ ਇਨ੍ਹਾਂ ਨੇਤਾਵਾਂ ਨੂੰ ਆਸਾਮ ਲਿਆਉਣ ਤੋਂ ਪਹਿਲਾਂ ਸੰਘ ਦੀ ਰਾਏ ਵੀ ਲਈ ਗਈ ਸੀ ਅਤੇ ਉੱਥੇ ਦਹਾਕਿਆਂ ਤੋਂ ਕੰਮ ਕਰ ਰਹੇ ਸੰਘ ਦੇ ਪ੍ਰਚਾਰਕਾਂ ਅਤੇ ਵਲੰਟੀਅਰਾਂ ਨੇ ਵੀ ਉਨ੍ਹਾਂ ਦੀ ਅਗਵਾਈ 'ਚ ਭਾਜਪਾ ਨੂੰ ਜਿੱਤ ਦਿਵਾਉਣ 'ਚ ਸਰਗਰਮ ਭੂਮਿਕਾ ਨਿਭਾਈ ਸੀ। ਪਰ ਹੌਲੀ-ਹੌਲੀ ਭਾਜਪਾ ਨੇ ਸੰਘ ਦੀ ਸਲਾਹ ਲੈਣੀ ਬੰਦ ਕਰ ਦਿੱਤੀ।

ਇੱਥੇ ਭਾਜਪਾ ਨੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਮੁੱਖ ਬੁਲਾਰੇ ਵਜੋਂ ਪੇਸ਼ ਕੀਤਾ ਹੈ, ਜੋ ਚੈਨਲਾਂ 'ਤੇ ਪਾਰਟੀ ਦੇ ਚਿਹਰਿਆਂ ਵਜੋਂ ਦਿਖਾਈ ਦੇ ਰਹੇ ਹਨ। ਵਲੰਟੀਅਰ ਇਨ੍ਹਾਂ ਬੁਲਾਰਿਆਂ ਨਾਲ ਜੁੜ ਨਹੀਂ ਸਕੇ। ਇੱਕ ਸੀਨੀਅਰ ਅਧਿਕਾਰੀ ਅਨੁਸਾਰ ਇੱਕ ਸਮਾਜਿਕ ਸੰਸਥਾ ਹੋਣ ਕਾਰਨ ਚੋਣਾਂ ਤੋਂ ਪਹਿਲਾਂ ਆਰਐਸਐਸ ਦੇ ਪ੍ਰਚਾਰਕਾਂ ਨੇ ਆਪੋ-ਆਪਣੇ ਖੇਤਰਾਂ ਵਿੱਚ ਜਾਗਰੂਕ ਲੋਕਾਂ ਨਾਲ ਮੀਟਿੰਗਾਂ ਕੀਤੀਆਂ, ਪਰ ਸਿੱਧੇ ਤੌਰ 'ਤੇ ਭਾਜਪਾ ਨੂੰ ਵੋਟ ਪਾਉਣ ਦਾ ਸੁਨੇਹਾ ਨਹੀਂ ਦਿੱਤਾ। ਇਸ ਦੀ ਬਜਾਏ ਉਨ੍ਹਾਂ ਨੂੰ ਆਪਣੇ ਇਲਾਕੇ ਦੇ ਚੰਗੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਕਿਹਾ ਗਿਆ।

## ਪੰਜਾਬ ਵਿਚ ਕਿਹੜੀ ਪਾਰਟੀ ਨੂੰ ਕਿੰਨੀ ਵੋਟ ਮਿਲੀ

| | |
|---|---|
|  **ਪ੍ਰਨੀਤ ਕੌਰ (ਭਾਜਪਾ)**<br>ਪਟਿਆਲਾ: 2,88,998 ਵੋਟਾਂ ਮਿਲੀਆਂ<br>ਕਾਂਗਰਸ ਦੇ ਧਰਮਵੀਰ ਗਾਂਧੀ ਤੋਂ ਹਾਰੇ | ਕਾਂਗਰਸ- 7 (ਵੋਟ 26.30%)<br>ਆਪ-3 (ਵੋਟ 26.02%) |
| **ਰਵਨੀਤ ਸਿੰਘ ਬਿੱਟੂ (ਭਾਜਪਾ)**<br>ਲੁਧਿਆਣਾ: 301282 ਵੋਟਾਂ ਮਿਲੀਆਂ<br>ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਹਾਰੇ  | ਅਕਾਲੀ ਦਲ-1 (ਵੋਟ 13.42%)<br>ਹੋਰ- 2 (ਵੋਟ 12.51%) |
|  **ਹੰਸਰਾਜ ਹੰਸ (ਭਾਜਪਾ)**<br>ਫਰੀਦਕੋਟ: 1,23,533 ਵੋਟਾਂ ਮਿਲੀਆਂ<br>ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਤੋਂ ਹਾਰੇ | ਭਾਜਪਾ- 0. (ਵੋਟ 22%) )<br>ਬਸਪਾ- 0 (ਵੋਟ 2.49%) |
| **ਤਰਨਜੀਤ ਸੰਧੂ (ਭਾਜਪਾ)**<br>ਅੰਮ੍ਰਿਤਸਰ: 20,7205 ਵੋਟਾਂ ਮਿਲੀਆਂ<br>ਕਾਂਗਰਸ ਦੇ ਗੁਰਜੀਤ ਸਿੰਘ ਔਜਲਾ ਤੋਂ ਹਾਰੇ  | ਸੀਪੀਆਈ -0 (ਵੋਟ 0.16%)<br>ਸੀਪੀਆਈ -0 (ਵੋਟ 0.04%)<br>ਨੋਟਾ - 0 (ਵੋਟ 0.49%) |

# ਬਹੁਮਤ ਦੇ ਅੰਕੜੇ ਤੋਂ ਪਿਛੜੀ ਭਾਜਪਾ, ਪਰ ਐਨ. ਡੀ. ਏ. ਗੱਠਜੋੜ ਜਿੱਤਿਆ

(ਸਫਾ 1 ਦੀ ਬਾਕੀ)

ਇੰਡੀਆ ਗੱਠਜੋੜ ਕਰੀਬ 232 ਸੀਟਾਂ 'ਤੇ ਜੇਤੂ ਰਿਹਾ। ਕਾਂਗਰਸ 93 ਸੀਟਾਂ ਜਿੱਤ ਚੁੱਕੀ ਹੈ ਅਤੇ ਛੇ ਸੀਟਾਂ ਉੱਤੇ ਉਸ ਦੇ ਉਮੀਦਵਾਰ ਅੱਗੇ ਹਨ। ਸਾਲ 2019 ਦੇ ਪ੍ਰਦਰਸ਼ਨ ਦੇ ਮੁਕਾਬਲੇ ਕਾਂਗਰਸ ਲਗਪਗ ਦੁੱਗਣੀਆਂ ਸੀਟਾਂ ਜਿੱਤਣ ਵੱਲ ਵਧ ਰਹੀ ਹੈ। ਪਿਛਲੀਆਂ ਚੋਣਾਂ ਵਿਚ ਭਾਜਪਾ ਕੋਲ 303 ਜਦੋਂਕਿ ਐਨਡੀਏ ਕੋਲ 350 ਤੋਂ ਵੱਧ ਸੀਟਾਂ ਸਨ। ਐਨਡੀਏ ਤੀਜੀ ਵਾਰ ਸੱਤਾ ਵਿਚ ਆਉਂਦਾ ਹੈ ਤਾਂ ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਦੇ ਰੂਪ ਵਿਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਰਿਕਾਰਡ ਦੀ ਬਰਾਬਰੀ ਕਰ ਲੈਣਗੇ। ਭਾਜਪਾ ਨੂੰ ਐਤਕੀਂ ਲੋਕ ਸਭਾ ਚੋਣਾਂ ਵਿਚ ਯੂਪੀ ਵਿਚ ਵੱਡਾ ਝਟਕਾ ਲੱਗਾ ਹੈ ਜਿੱਥੇ ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਨੇ ਉਸ ਨੂੰ ਪਿੱਛੇ ਛੱਡ ਦਿੱਤਾ। ਰਾਜਸਥਾਨ ਤੇ ਹਰਿਆਣਾ ਵਿਚ ਪਾਰਟੀ ਦਾ ਪ੍ਰਦਰਸ਼ਨ ਆਸ ਤੋਂ ਉਲਟ ਰਿਹਾ। ਚੋਣ ਨਤੀਜਿਆਂ ਦੇ ਰੁਝਾਨਾਂ ਦਰਮਿਆਨ ਸਥਿਤੀ ਕੋਈ ਬਹੁਤੀ ਸਪਸ਼ਟ ਨਹੀਂ ਹੈ ਪਰ ਇਸ ਦੇ ਬਾਵਜੂਦ ਦੋਵੇਂ ਪ੍ਰਮੁੱਖ ਗੱਠਜੋੜਾਂ ਦੇ ਆਗੂਆਂ ਨੇ ਆਪੋ ਆਪਣੇ ਦਾਅਵੇ ਕੀਤੇ ਹਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਅਰੁਣ ਸਿੰਘ ਨੇ ਕਿਹਾ, ''ਇਹ ਕਰੀਬੀ ਮੁਕਾਬਲਾ ਨਹੀਂ ਹੈ। ਭਾਜਪਾ ਦੀ ਅਗਵਾਈ ਵਾਲਾ ਐਨਡੀਏ ਗੱਠਜੋੜ ਵੱਡੇ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਿਹਾ ਹੈ। ਵੋਟਾਂ ਦੀ ਗਿਣਤੀ ਖ਼ਤਮ ਹੋਣ ਦਿਓ, ਸਾਫ਼ ਹੋ ਜਾਵੇਗਾ ਕਿ ਦੇਸ਼ ਦੀ ਜਨਤਾ ਮੋਦੀ ਦੇ ਨਾਲ ਹੈ।''

ਯੂਪੀ ਅਜਿਹਾ ਰਾਜ ਹੈ, ਜੋ ਲੋਕ ਸਭਾ ਵਿਚ 80 ਸੰਸਦ ਮੈਂਬਰ ਭੇਜਦਾ ਹੈ ਤੇ ਭਾਜਪਾ ਲਈ ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਇਹ ਰਾਜ ਖੇਡ ਬਦਲਣ ਵਾਲਾ ਸਾਬਤ ਹੁੰਦਾ ਰਿਹਾ ਹੈ। ਸਮਾਜਵਾਦੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਨੇ ਭਾਜਪਾ ਵਿਰੋਧੀ ਵੋਟਾਂ ਨੂੰ ਇਕਜੁੱਟ ਕਰਕੇ ਭਾਜਪਾ ਨੂੰ ਉਸ ਦੇ ਮਜ਼ਬੂਤ ਗੜ੍ਹ ਵਿਚ ਮਾਤ ਦਿੱਤੀ ਹੈ। ਪਿਛਲੀ ਵਾਰ 62 ਸੀਟਾਂ 'ਤੇ ਜਿੱਤ ਦਰਜ ਕਰਨ ਵਾਲੀ ਭਾਜਪਾ ਨੇ 33 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਪਾ ਨੇ 37 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਸਪਾ ਨੂੰ ਸਾਲ 2019 ਵਿਚ ਸਿਰਫ਼ ਪੰਜ ਸੀਟਾਂ 'ਤੇ ਜਿੱਤ ਨਸੀਬ ਹੋਈ ਸੀ। ਪ੍ਰਧਾਨ ਮੰਤਰੀ ਮੋਦੀ ਵਾਰਾਣਸੀ ਤੋਂ 1।52 ਲੱਖ ਵੋਟਾਂ ਨਾਲ ਜਿੱਤ ਗਏ ਹਨ।

ਹਾਲਾਂਕਿ ਉਨ੍ਹਾਂ ਦੀ ਪਾਰਟੀ ਦੀ ਸਮ੍ਰਿਤੀ ਇਰਾਨੀ ਅਮੇਠੀ ਵਿਚ ਕਾਂਗਰਸ ਉਮੀਦਵਾਰ ਤੇ ਗਾਂਧੀ ਪਰਿਵਾਰ ਦੇ ਕਰੀਬੀ ਕਿਸ਼ੋਰੀ ਲਾਲ ਸ਼ਰਮਾ ਤੋਂ 1।31 ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਾਰ ਗਈ। ਰਾਏਬਰੇਲੀ ਤੋਂ ਰਾਹੁਲ ਗਾਂਧੀ 3,90,030 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਜਦੋਂਕਿ ਲਖਨਊ ਤੋਂ ਰਾਜਨਾਥ ਸਿੰਘ (1,31,922 ਵੋਟਾਂ ਦੇ ਫ਼ਰਕ ਨਾਲ) ਅਤੇ ਕਨੌਜ ਤੋਂ ਅਖਿਲੇਸ਼ ਯਾਦਵ (1।70 ਲੱਖ ਵੋਟਾਂ ਦੇ ਫ਼ਰਕ ਨਾਲ) ਅੱਗੇ ਸਨ। ਉਧਰ ਇੰਡੀਆ ਗੱਠਜੋੜ ਦੀ ਇਕ ਹੋਰ ਪ੍ਰਮੁੱਖ ਭਾਈਵਾਲ ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿਚ 29 ਸੀਟਾਂ ਜਿੱਤੀਆਂ ਹਨ। ਪੰਜ ਸਾਲ ਪਹਿਲਾਂ ਟੀਐਮਸੀ ਨੇ 22 ਸੀਟਾਂ ਜਿੱਤੀਆਂ ਸਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ 18 ਸੀਟਾਂ ਜਿੱਤਣ ਵਾਲੀ ਭਾਜਪਾ ਨੇ 12 ਸੀਟਾਂ ਜਿੱਤੀਆਂ। ਗੁਆਂਢੀ ਰਾਜ ਬਿਹਾਰ ਵਿਚ ਭਾਜਪਾ ਤੇ ਉਸ ਦੇ ਸਹਿਯੋਗੀ ਜੇਡੀਯੂ ਨੇ 12-12 ਸੀਟਾਂ ਜਿੱਤੀਆਂ ਹਨ।

ਰਾਸ਼ਟਰੀ ਜਨਤਾ ਦਲ ਚਾਰ ਸੀਟਾਂ 'ਤੇ ਜੇਤੂ ਰਿਹਾ ਹੈ। ਰਾਜਸਥਾਨ ਵਿਚ ਭਾਜਪਾ ਨੇ ਜੈਪੁਰ ਲੋਕ ਸਭਾ ਚੋਣ ਜਿੱਤ ਲਈ ਜਦੋਂਕਿ ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ, ਗਜੇਂਦਰ ਸਿੰਘ ਸ਼ੇਖਾਵਤ, ਕੇਂਦਰੀ ਮੰਤਰੀ ਭੁਪੇਂਦਰ ਯਾਦਵ ਸਣੇ ਪਾਰਟੀ ਦੇ 14 ਉਮੀਦਵਾਰ ਜੇਤੂ ਰਹੇ। ਉਧਰ ਕਾਂਗਰਸ ਪਾਰਟੀ ਨੇ ਅੱਠ ਸੀਟਾਂ ਜਿੱਤੀਆਂ। 48 ਸੀਟਾਂ ਵਾਲੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਐਤਕੀਂ ਦੋ ਧੜਿਆਂ ਵਿਚ ਵੰਡੀ ਹੋਈ ਹੈ। ਪੰਜ ਸਾਲ ਪਹਿਲਾਂ 23 ਸੀਟਾਂ ਜਿੱਤਣ ਵਾਲੀ ਭਾਜਪਾ 11 ਸੀਟਾਂ 'ਤੇ ਸਿਮਟ ਗਈ ਜਦੋਂਕਿ ਉਸ ਦੀ ਭਾਈਵਾਲ ਸ਼ਿਵਸੈਨਾ ਸੱਤ ਸੀਟਾਂ ਜਿੱਤ ਸਕੀ।

# ... ਏਥੇ ਮੇਘ ਆਉਂਦੇ ਵੀ ਮੁੜ ਗਏ!



ਕੁਦਰਤ ਅਸੀਮ ਸੁੰਦਰਤਾ ਤੇ ਵਿਭਿੰਨਤਾ ਨਾਲ ਭਰਪੂਰ ਹੈ। ਪੈਲ ਪਾਉਂਦਾ ਮੋਰ, ਕੋਇਲ ਦੀ ਕੂ-ਕੂ, ਚਿੜੀਆਂ ਤੇ ਪੰਛੀਆਂ ਦੀਆਂ ਆਵਾਜ਼ਾਂ ਦਾ ਸੰਗੀਤ ਤੇ ਦਿਲ ਟੁੰਬਣ ਵਾਲੀ ਹਰਿਆਲੀ ਦੇ ਦ੍ਰਿਸ਼ ਮਨ ਨੂੰ ਸਕੂਨ ਦਿੰਦੇ ਹਨ। ਕੁਦਰਤ ਅਨੇਕਤਾ ਵਿਚ ਏਕਤਾ ਦੇ ਸਰੂਪ ਵਿਚ ਵਿਸ਼ਵਾਸ ਕਰਦੀ ਹੈ। ਧਰਤੀ ਉੱਤੇ ਹਰ ਜੀਵ ਤੇ ਬਨਸਪਤੀ ਆਪਣੇ-ਆਪ ਵਿਚ ਵਿਲੱਖਣ ਹੈ ਪਰੰਤੂ ਉਹ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਦੂਜੇ ਉੱਤੇ ਨਿਰਭਰ ਹੈ।

ਇੱਥੇ ਕਿਸੇ ਵੀ ਕਿਸਮ ਦਾ ਅਸੰਤੁਲਨ ਵਿਨਾਸ਼ ਦਾ ਬੀਜ ਬਣ ਜਾਂਦਾ ਹੈ। ਪ੍ਰਿਥਵੀ ਉੱਪਰ ਅਨੇਕ ਤਰ੍ਹਾਂ ਦੇ ਜੀਵ-ਜੰਤੂਆਂ ਤੇ ਪੌਦਿਆਂ ਦਾ ਇਹ ਅਦਭੁੱਤ ਇਕੱਠ ਹੀ ਮਿਲ ਕੇ ਕਾਦਰ ਦੀ ਕੁਦਰਤ ਦੇ ਸੁਹੱਪਣ ਨੂੰ ਬਿਆਨ ਕਰਦਾ ਹੈ। ਇਨ੍ਹਾਂ ਜੀਵਾਂ ਵਿੱਚੋਂ ਮਨੁੱਖ ਨੂੰ ਉਸ ਦੀ ਸਿਆਣਪ ਕਾਰਨ ਹੋਮੋਸੇਪੀਅਨਜ਼ ਭਾਵ ਸਿਆਣਾ ਮਾਨਵ ਦਾ ਰੁਤਬਾ ਮਿਲਿਆ ਹੈ। ਮਨੁੱਖ ਦੇ ਮਹਾਬਲੀ ਬਣਨ ਨੂੰ ਸਦੀਆਂ ਲੱਗ ਗਈਆਂ ਸਨ। ਦੂਜੇ ਜੀਵ-ਜੰਤੂਆਂ ਦੇ ਮੁਕਾਬਲੇ ਮਨੁੱਖ ਕੋਲ ਅਜਿਹਾ ਦਿਮਾਗ਼ ਹੈ ਜਿਸ ਦੀ ਬਦੌਲਤ ਉਹ ਮਹਾਬਲੀ ਬਣ ਗਿਆ। ਆਦਿ ਮਨੁੱਖ ਹੋਰ ਚੁਪਾਇਆਂ ਵਾਂਗ ਜੰਗਲਾਂ ਤੇ ਗੁਫਾਵਾਂ ਵਿਚ ਰਹਿੰਦਾ ਸੀ। ਜਦੋਂ ਉਸ ਨੇ ਮੂਹਰਲੀਆਂ ਲੱਤਾਂ ਨੂੰ ਹੱਥਾਂ-ਬਾਹਾਂ ਦੇ ਤੌਰ 'ਤੇ ਵਰਤਣਾ ਸ਼ੁਰੂ ਕੀਤਾ ਤਾਂ ਉਸ ਨੇ ਨੇਜ਼ਿਆਂ-ਭਾਲਿਆਂ ਅਤੇ ਤੀਰ-ਕਮਾਨਾਂ ਦੀ ਵਰਤੋਂ ਕਰ ਕੇ ਦੂਜੇ ਜੀਵ-ਜੰਤੂਆਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਫਿਰ ਮਨੁੱਖ ਨੇ ਆਪਣੀ ਇਸ ਸਿਆਣਪ ਨੂੰ ਚਤੁਰਾਈ ਵਿਚ ਬਦਲ ਕੇ ਕੁਦਰਤ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਣ ਕਾਰਨ ਜੈਵ ਵਿਭਿੰਨਤਾ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ ਤੱਕ ਬਹੁਤ ਸਾਰੇ ਜੀਵ-ਜੰਤੂ ਤੇ ਪੌਦੇ ਧਰਤੀ ਤੋਂ ਆਪਣੀ ਹੋਂਦ ਗੁਆ ਚੁੱਕੇ ਹਨ। ਯੁਵਲ ਨੋਹਾ ਹਰਾਰੀ ਨੇ ਆਪਣੀ ਪੁਸਤਕ ਸੇਪੀਅਨਜ਼ ਵਿਚ ਬਾਖ਼ੂਬੀ ਦੱਸਿਆ ਹੈ ਕਿ ਕਿਵੇਂ ਮਨੁੱਖਾਂ ਨੇ ਧਰਤੀ ਉੱਪਰ ਜੀਵ-ਜੰਤੂਆਂ ਨੂੰ ਤਬਾਹ ਕਰਨ ਵਿਚ ਆਪਣੀ ਭੂਮਿਕਾ ਨਿਭਾਈ ਹੈ।

ਮਨੁੱਖ ਦੀ ਹਉਮੈ ਤੇ ਲਾਲਚ ਕਾਰਨ ਹੁਣ ਤੱਕ ਕਈ ਨਸਲਾਂ ਦਾ ਧਰਤੀ 'ਤੇ ਕੋਈ ਖੁਰਾ-ਖੋਜ ਵੀ ਨਹੀਂ ਬਚਿਆ। ਉਹ ਜ਼ੋਰਦਾਰ ਤਰੀਕੇ ਨਾਲ ਇਸ ਤੱਥ ਦੀ ਵਕਾਲਤ ਕਰਦਾ ਹੈ ਕਿ ਵਾਤਾਵਰਨ ਵਿਚ ਅਸੰਤੁਲਨ ਲਈ ਨਿਰੋਲ ਮਨੁੱਖ ਹੀ ਜ਼ਿੰਮੇਵਾਰ ਹੈ ਅਤੇ ਅਜਿਹੇ ਕਦਮ ਪੁੱਟੇ ਜਾਣ ਦੀ ਲੋੜ ਹੈ ਕਿ ਧਰਤੀ ਦੀ ਜੈਵ-ਵਿਭਿੰਨਤਾ ਕਾਇਮ ਰਹੇ।

ਵਿਗਿਆਨੀ ਅਰਨਸ ਮਾਇਰ ਨੇ 1990 ਵਿਚ ਦੱਸਿਆ ਸੀ ਕਿ ਜੀਵਾਂ ਦੀਆਂ 600 ਜਾਤੀਆਂ ਹਰ ਹਫ਼ਤੇ ਲੁਪਤ ਹੋ ਰਹੀਆਂ ਹਨ। ਜੇਕਰ ਇਹ ਵਾਕਈ ਸੱਚ ਹੈ ਤਾਂ ਇਹ ਕਾਫ਼ੀ ਡਰਾਵਣਾ ਹੈ। ਕਿਸੇ ਸਮੇਂ ਦਿਓ ਕੱਦ ਡਾਇਨਾਸੌਰ ਦਾ ਵੀ ਧਰਤੀ 'ਤੇ ਰਾਜ ਰਿਹਾ ਹੈ ਤੇ ਉਹ ਕੁਦਰਤੀ ਘਟਨਾ ਕਾਰਨ ਲੁਪਤ ਹੋ ਗਏ।

ਬਦਲਾਅ ਕੁਦਰਤ ਦਾ ਨਿਯਮ ਹੈ। ਪਰ ਇਨਸਾਨੀ ਦਖ਼ਲਅੰਦਾਜ਼ੀ ਨਾਲ ਇਹ ਪ੍ਰਕਰਣ ਤੇਜ਼ ਹੋਇਆ ਹੈ। ਜ਼ਰੂਰਤਾਂ ਦੀ ਪੂਰਤੀ ਲਈ ਜੰਗਲ ਵੱਢੇ ਜਾ ਰਹੇ ਹਨ। ਹਵਾ ਤੇ ਪਾਣੀ ਦਾ ਪ੍ਰਦੂਸ਼ਣ ਵਧ ਰਿਹਾ ਹੈ। ਇਸ ਆਪਹੁਦਰੇਪਣ ਦਾ ਬੁਰਾ ਪ੍ਰਭਾਵ ਜੈਵ-ਵਿਭਿੰਨਤਾ 'ਤੇ ਪੈ ਰਿਹਾ ਹੈ। ਵਿਗਿਆਨੀਆਂ ਵੱਲੋਂ ਨਿੱਤ ਨਵੀਆਂ ਖੋਜਾਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਾਡੀ ਜ਼ਿੰਦਗੀ ਨੂੰ ਸੁਖਾਲਾ ਕੀਤਾ

**ਅਮਨਪ੍ਰੀਤ ਸਿੰਘ**

ਜਾ ਸਕੇ। ਅਸੀਂ ਇਹ ਖ਼ਾਹਿਸ਼ ਪਾਲ ਲਈ ਹੈ ਕਿ ਸਾਡਾ ਹਰ ਕੰਮ ਰਿਮੋਟ ਦੇ ਬਟਨ ਨਾਲ ਹੋਣ ਲੱਗੇ। ਲਾਲਚਵੱਸ ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ ਹੋ ਰਹੀ ਹੈ। ਵਿਕਾਸ ਦੇ ਨਾਮ 'ਤੇ ਜੀਵ-ਜੰਤੂਆਂ ਦੇ ਨਿਵਾਸ ਸਥਾਨ ਨਸ਼ਟ ਹੋ ਰਹੇ ਹਨ।

ਅਜਿਹੇ ਪ੍ਰਤੀਕੂਲ ਮਾਹੌਲ ਵਿਚ ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਨਸਲਾਂ ਦਾ ਖ਼ਾਤਮ ਹੋਣਾ ਤੈਅ ਹੈ। ਮਨੁੱਖ ਜਾਤੀ ਨੂੰ ਸੁੱਖ-ਸੁਵਿਧਾਵਾਂ ਤੇ ਪੈਸਾ ਤਾਂ ਨਜ਼ਰੀਂ ਪੈ ਰਿਹਾ ਹੈ ਪਰ ਸਿੱਕੇ ਦੇ ਦੂਜੇ ਪਾਸੇ 'ਤੇ ਮੁੱਲ ਲਏ ਖ਼ਤਰੇ ਦੀ ਚਿਤਾਵਨੀ ਨੂੰ ਜਾਣਬੁੱਝ ਕੇ ਅਣਗੌਲਿਆ ਜਾ ਰਿਹਾ ਹੈ। ਵਿਸ਼ਵ ਤਾਪਮਾਨ ਦਾ ਵਾਧਾ ਆਪਣੀ ਰਫ਼ਤਾਰ ਨਾਲ ਮੰਜ਼ਿਲ ਵੱਲ ਵਧ ਰਿਹਾ ਹੈ। ਵਿਗਿਆਨੀਆਂ ਅਨੁਸਾਰ ਜੇ ਔਸਤ ਤਾਪਮਾਨ 115 ਡਿਗਰੀ ਸੈਲਸੀਅਸ ਤੱਕ ਅੱਪੜਦਾ ਹੈ ਤਾਂ ਸੱਤਰ ਤੋਂ ਨੱਬੇ ਫ਼ੀਸਦੀ ਜੀਵਾਂ ਲਈ ਜਿਊਣ ਵਾਲੇ ਹਾਲਤ ਮੁਹਾਲ ਹੋ ਜਾਣਗੇ। ਮਾਹਰਾਂ ਅਨੁਸਾਰ ਧਰਤੀ ਉੱਪਰ ਮਨੁੱਖ ਦੀ ਪ੍ਰਤੀਸ਼ਤ ਮਾਤਰਾ ਸਿਰਫ਼ 0101 ਫ਼ੀਸਦੀ ਹੈ ਪਰ ਉਸ ਨੇ 83 ਫ਼ੀਸਦੀ ਥਣਧਾਰੀਆਂ ਤੇ 50 ਫ਼ੀਸਦੀ ਪੌਦਿਆਂ ਦੀਆਂ ਪ੍ਰਜਾਤੀਆਂ ਨੂੰ ਹੁਣ ਤੱਕ ਨਸ਼ਟ ਕਰ ਦਿੱਤਾ ਹੈ।

ਮਨੁੱਖ ਨੇ ਜੰਗਲਾਂ ਵਿੱਚੋਂ ਬਾਹਰ ਨਿਕਲ ਕੇ ਜਿਸ-ਜਿਸ ਟਾਪੂ 'ਤੇ ਵੀ ਕਦਮ ਰੱਖਿਆ, ਉੱਥੇ ਦੇ ਜੀਵ-ਜੰਤੂ ਤੇ ਬਨਸਪਤੀ ਹੌਲੀ-ਹੌਲੀ ਗ਼ਾਇਬ ਹੋਣੇ ਸ਼ੁਰੂ ਹੋ ਗਏ। ਮਰਹੂਮ ਸੁਰਜੀਤ ਪਾਤਰ ਲਿਖਦੇ ਹਨ, ''ਏਥੇ ਕੁਲ ਪਰਿੰਦੇ ਹੀ ਉਡ ਗਏ, ਏਥੇ ਮੇਘ ਆਉਂਦੇ ਵੀ ਮੁੜ ਗਏ, ਏਥੇ ਕਰਨ ਅਜਕਲ ਬਿਰਖ ਵੀ ਕਿਤੇ ਹੋਰ ਜਾਣ ਦੇ ਮਸ਼ਵਰੇ।''

ਸੰਨ 2018 ਦੀ ਲਿਵਿੰਗ ਪਲਾਂਟ ਰਿਪੋਰਟ ਅਨੁਸਾਰ 1974-2014 ਦੇ ਸਮੇ ਦੌਰਾਨ ਥਣਧਾਰੀਆਂ, ਪੰਛੀਆਂ, ਮੱਛੀਆਂ, ਪਾਣੀ ਵਿਚਲੇ ਜੀਵਾਂ ਤੇ ਰੀਂਗਣ ਵਾਲੇ ਜੀਵਾਂ ਦੀ ਗਿਣਤੀ ਵਿਚ 60 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਹੈ। ਮਾਹਰਾਂ ਅਨੁਸਾਰ ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਜਿੰਨੀਆਂ ਵੀ ਕਿਸਮਾਂ ਹੁਣ ਤੱਕ ਲੁਪਤ ਹੋਈਆਂ ਹਨ, ਉਨ੍ਹਾਂ ਵਿਚ 75 ਫ਼ੀਸਦੀ ਮਾਤਰਾ ਦੇ ਲੁਪਤ ਹੋਣ ਵਿਚ ਮਨੁੱਖੀ ਲਾਲਚ ਜ਼ਿੰਮੇਵਾਰ ਹੈ। ਇਕ ਰਿਪੋਰਟ ਅਨੁਸਾਰ ਮੌਜੂਦਾ ਸਮੇਂ ਵਿਚ ਕੁੱਲ ਜੰਗਲੀ ਜੀਵਨ ਵਿਚ ਥਣਧਾਰੀ ਜੀਵਾਂ ਦੀ ਮਾਤਰਾ 4 ਫ਼ੀਸਦੀ ਹੈ ਤੇ ਮਨੁੱਖਾਂ ਦੀ 86 ਫ਼ੀਸਦੀ ਤੇ ਲਗਪਗ ਦਸ ਹਜ਼ਾਰ ਸਾਲ ਪਹਿਲਾਂ ਇਹ ਮਾਤਰਾਵਾਂ ਆਪਸ ਵਿਚ ਉਲਟ ਹੁੰਦੀਆਂ ਸਨ। ਧਰਤੀ 'ਤੇ ਮੁੜ ਉਹੀ ਹਾਲਾਤ ਬਣਾਉਣ ਲਈ ਪੰਜਾਹ ਤੋਂ ਸੱਤਰ ਸਾਲ ਦਾ ਸਮਾਂ ਲੱਗੇਗਾ।

ਦੂਜੇ ਪਾਸੇ ਪਲਾਸਟਿਕ ਦੀ ਵਰਤੋਂ ਅੱਜ ਰੋਜ਼ਮੱਰਾ ਦੇ ਕਈ ਕੰਮਾਂ ਵਿਚ ਬਹੁਤਾਤ ਵਿਚ ਹੋ ਰਹੀ ਹੈ। ਸਿਰਫ਼ ਇਕ ਵਾਰ ਵਰਤੋਂ ਵਿਚ ਆਉਣ ਵਾਲੀ ਪਲਾਸਟਿਕ ਨੇ ਕੂੜੇ ਦੇ ਢੇਰਾਂ ਨੂੰ ਉੱਚਾ ਕੀਤਾ ਹੈ। ਮਹਿਜ਼ ਇਕ ਫ਼ੀਸਦੀ ਮਾਤਰਾ ਹੀ ਦੁਬਾਰਾ ਵਰਤੋਂ ਵਿਚ ਆ ਰਹੀ ਹੈ, ਬਾਕੀ ਮਾਤਰਾ ਮਿੱਟੀ ਤੇ ਸਮੁੰਦਰਾਂ ਵਿਚ ਜਮ੍ਹਾ ਹੋ ਰਹੀ ਹੈ।

ਇਹ ਨਾ-ਗਲਣਯੋਗ ਪਦਾਰਥ ਜੈਵਿਕ ਵਿਭਿੰਨਤਾ ਲਈ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਅਸੀਂ ਕੂੜੇ ਦੇ ਢੇਰਾਂ 'ਤੇ ਆਮ ਹੀ ਅਵਾਰਾ ਪਸ਼ੂਆਂ ਨੂੰ ਖਾਣ ਵਾਲੇ ਪਦਾਰਥਾਂ ਨਾਲ ਪਲਾਸਟਿਕ (ਪੋਲੀਥੀਨ) ਦੇ ਲਿਫ਼ਾਫ਼ੇ ਨਿਗਲਦੇ ਦੇਖਦੇ ਹਾਂ ਤੇ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਜਲ ਸਰੋਤਾਂ ਰਾਹੀਂ ਬਹੁਤ ਸਾਰੀ ਪਲਾਸਟਿਕ ਸਮੁੰਦਰਾਂ ਵਿਚ ਜਾ ਰਹੀ ਹੈ। ਪਾਣੀ ਵਿਚ ਮਾਈਕ੍ਰੋਪਲਾਸਟਿਕ ਦੀ ਮਾਤਰਾ ਵਧ ਰਹੀ ਹੈ ਤੇ ਪਾਣੀ ਵਾਲੇ ਜੰਤੂ ਕਿਸੇ ਨਾ ਕਿਸੇ ਰੂਪ ਵਿਚ ਉਸ ਨੂੰ ਖਾ ਰਹੇ ਹਨ। ਸਮੁੰਦਰ ਵਿੱਚੋਂ ਪ੍ਰਾਪਤ ਹੋਣ ਵਾਲੇ ਨਮਕ ਵਿਚ ਵੀ ਮਾਈਕ੍ਰੋਪਲਾਸਟਿਕ ਦੀ ਮਾਤਰਾ ਮਿਲ ਰਹੀ ਹੈ। ਸਮੁੰਦਰੀ ਜੀਵ ਇਸ ਪਲਾਸਟਿਕ ਨਾਲ ਮਰ ਰਹੇ ਹਨ। ਉਨ੍ਹਾਂ ਦੇ ਪ੍ਰਜਣਨ 'ਤੇ ਅਸਰ ਪਿਆ ਹੈ। ਡਿਸਪੋਜ਼ੇਬਲ ਸੱਭਿਆਚਾਰ (ਇਕ ਵਾਰ ਵਰਤ ਕੇ ਸੁੱਟਣ ਵਾਲੀ ਤਰਕੀਬ) ਕਾਰਗਰ ਨਹੀਂ ਹੈ। ਇਸ ਨੂੰ ਅਸੀਂ ਆਪਣੇ ਕੰਮਾਂ ਨੂੰ ਆਸਾਨ ਕਰਨ ਲਈ ਵਰਤ ਜ਼ਰੂਰ ਰਹੇ ਹਾਂ ਪਰ ਇਹ ਧਰਤੀ ਦੀ ਗੰਦਗੀ ਵਿਚ ਇਜ਼ਾਫ਼ਾ ਕਰਨ ਦੇ ਨਾਲ-ਨਾਲ ਜੀਵਾਂ ਤੇ ਬਨਸਪਤੀ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਜਾਗਰੂਕਤਾ ਦੀ ਭਾਰੀ ਘਾਟ ਕਾਰਨ ਲੋਕ ਸਿੰਗਲ ਯੂਜ਼ ਪਲਾਸਟਿਕ ਦੀ ਧੜੱਲੇ ਨਾਲ ਵਰਤੋਂ ਕਰ ਰਹੇ ਹਨ। ਸਰਕਾਰਾਂ ਵੀ ਉਨ੍ਹਾਂ ਨੂੰ ਇਸ ਦੇ ਨੁਕਸਾਨ ਦੱਸ ਕੇ ਜਾਗਰੂਕ ਕਰਨ ਦੀ ਥਾਂ ਹੱਥ 'ਤੇ ਹੱਥ ਧਰ ਕੇ ਬੈਠੀਆਂ ਹੋਈਆਂ ਹਨ। ਮਨੀਪੁਰ ਰਾਜ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਘੱਟ ਹੈ ਜਿਸ ਨੇ ਪਾਣੀ ਵਾਲੀਆਂ ਬੋਤਲਾਂ 'ਤੇ ਸੰਪੂਰਨ ਪਾਬੰਦੀ ਲਗਾ ਕੇ ਵਧੀਆ ਉਦਾਹਰਨ ਪੇਸ਼ ਕੀਤੀ ਹੈ।

ਅੱਜ ਸੋਚ-ਵਿਚਾਰ ਨਹੀਂ ਸਗੋਂ ਮਨੀਪੁਰ ਵਰਗੀਆਂ ਨੀਤੀਆਂ ਜਲਦੀ ਅਤੇ ਸਖ਼ਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ ਤਾਂ ਕਿ ਆਪਣੇ ਆਲੇ-ਦੁਆਲੇ ਨੂੰ ਸਾਫ਼ ਤੇ ਸੁਰੱਖਿਅਤ ਰੱਖਿਆ ਜਾ ਸਕੇ। ਇਸ ਵਾਰ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਾ ਮੁੱਖ ਥੀਮ 'ਯੋਜਨਾ ਦਾ ਹਿੱਸਾ ਬਣੀਏ' ਹੈ। ਇਹ ਸਾਰੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਤੇ ਆਮ ਲੋਕਾਂ ਨੂੰ ਜੈਵ ਵਿਭਿੰਨਤਾ ਨੂੰ ਬਚਾਉਣ ਲਈ ਆਪਣਾ ਯੋਗਦਾਨ ਪਾਉਣ ਲਈ ਸੱਦਾ ਹੈ।

ਅੱਜ ਜ਼ਰੂਰਤ ਹੈ ਕਿ ਅਸੀਂ ਕਿਸੇ ਦੂਜੇ 'ਤੇ ਦੋਸ਼ ਮੜ੍ਹਨ ਦੀ ਥਾਂ ਆਪਣੇ ਅੰਦਰਲੇ ਲਾਲਚ ਤੇ ਜ਼ਿੰਦਗੀ ਸੌਖੀ ਕਰਨ ਤੇ ਕੁਦਰਤ ਪ੍ਰਤੀ ਗ਼ੈਰ ਜ਼ਿੰਮੇਵਾਰ ਰਵੱਈਏ ਖ਼ਿਲਾਫ਼ ਰਲ ਕੇ ਮੁਹਿੰਮ ਛੇੜੀਏ ਕਿਉਂਕਿ ਮੌਜੂਦਾ ਦੌਰ ਵਿਚ ਵਿਕਾਸ ਦੀ ਇਮਾਰਤ ਜੀਵਾਂ ਤੇ ਪੌਦਿਆਂ ਦੀਆਂ ਕਬਰਾਂ 'ਤੇ ਨਹੀਂ ਬਣਨੀ ਚਾਹੀਦੀ।

'ਜੀਓ ਤੇ ਜਿਊਣ ਦੇਣ' ਦੇ ਵਾਕ ਨੂੰ ਅਮਲੀ ਜ਼ਿੰਦਗੀ ਵਿਚ ਅਪਣਾਉਣ ਦੀ ਲੋੜ ਹੈ। ਚੇਤਨ ਸਿੰਘ ਸੋਲੰਕੀ ਜਿਨ੍ਹਾਂ ਨੂੰ ਅਸੀਂ ਸੋਲਰ ਗਾਂਧੀ ਦੇ ਨਾਮ ਨਾਲ ਜਾਣਦੇ ਹਾਂ, ਉਨ੍ਹਾਂ ਦੀ ਹਦਾਇਤ ਕਿ ਸਾਨੂੰ ਆਪਣੀਆਂ ਜ਼ਰੂਰਤਾਂ ਨੂੰ ਘਟਾਉਣਾ ਪਵੇਗਾ, ਨੂੰ ਸਮਝਣਾ ਹੋਵੇਗਾ। ਪਵਿੱਤਰ ਵਾਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੁਆਰਾ ਦਿੱਤੇ ਸੰਦੇਸ਼ ਨੂੰ ਆਤਮਸਾਤ ਕਰਨ ਦੀ ਜ਼ਰੂਰਤ ਹੈ।

# ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ ਵਿਚ ਕੀ ਚੱਲ ਰਿਹਾ ਹੈ?

ਪਾਕਿਸਤਾਨ 'ਚ ਬਲੋਚਿਸਤਾਨ ਤੇ ਪਸ਼ਤੂਨ ਇਲਾਕਿਆਂ ਵਿਚ ਤਾਂ ਸਾਲਾਂ ਤੋਂ ਬਗ਼ਾਵਤ ਦਾ ਦੌਰ ਚੱਲ ਰਿਹਾ ਸੀ, ਪਰ ਹੁਣ ਉਸ ਦੇ ਨਾਜਾਇਜ਼ ਕਬਜ਼ੇ ਵਾਲਾ ਮਕਬੂਜ਼ਾ ਜੰਮੂ-ਕਸ਼ਮੀਰ ਵੀ ਗੁੱਸੇ ਤੇ ਅਸੰਤੁਸ਼ਟੀ ਤੋਂ ਅਣਛੂਹਿਆ ਨਹੀਂ ਹੈ। ਮਕਬੂਜ਼ਾ ਜੰਮੂ-ਕਸ਼ਮੀਰ ਵਿਚ ਵਧਦੀ ਮਹਿੰਗਾਈ, ਬਿਜਲੀ-ਪਾਣੀ ਦੀ ਥੁੜ੍ਹ ਤੇ ਕੁਦਰਤੀ ਸਾਧਨਾਂ ਦੀ ਇਸਲਾਮਾਬਾਦ ਵੱਲੋਂ ਕੀਤੀ ਜਾ ਰਹੀ ਲੁੱਟ ਨੂੰ ਲੈ ਕੇ ਗੁੱਸਾ ਹੁਣ ਸਿਖਰ 'ਤੇ ਪੁੱਜ ਗਿਆ ਹੈ। ਇਸੇ ਲੜੀ 'ਚ ਇਕ ਸਥਾਨਕ ਪ੍ਰਭਾਵਸ਼ਾਲੀ ਸਮਾਜਿਕ ਸੰਗਠਨ ਅਵਾਮੀ ਐਕਸ਼ਨ ਕਮੇਟੀ ਨੇ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਮਕਬੂਜ਼ਾ ਜੰਮੂ-ਕਸ਼ਮੀਰ ਦੀ ਰਾਜਧਾਨੀ ਮੁਜ਼ੱਫਰਾਬਾਦ ਵੱਲ ਕੂਚ ਕਰਨ ਦਾ ਐਲਾਨ ਕਰ ਦਿੱਤਾ। ਇਸ ਮਾਰਚ ਨੂੰ ਭਾਰੀ ਜਨ ਸਮਰਥਨ ਮਿਲਿਆ ਤੇ ਪ੍ਰਦਰਸ਼ਨਕਾਰੀਆਂ ਤੇ

**ਦਿਵਿਆ ਕੁਮਾਰ ਸੋਤੀ**

ਪੁਲਿਸ ਵਿਚਾਲੇ ਝੜਪਾਂ ਕਾਰਨ ਪਾਕਿਸਤਾਨ ਸਰਕਾਰ ਨੂੰ ਪਾਕਿ ਰੇਂਜਰਜ਼ ਤੇ ਫ਼ੌਜ ਨੂੰ ਵੀ ਸੜਕਾਂ 'ਤੇ ਉਤਾਰਨਾ ਪਿਆ। ਇਸ ਹਿੰਸਾ ਵਿਚ ਚਾਰ ਲੋਕਾਂ ਦੀ ਮੌਤ ਹੋ ਗਈ ਤੇ ਦਰਜਨਾਂ ਲੋਕ ਜ਼ਖ਼ਮੀ ਹੋਏ। ਇਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਮਾਮਲਾ ਏਨਾ ਵਿਗੜ ਗਿਆ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਦਖ਼ਲ ਦੇਣਾ ਪਿਆ ਤੇ ਪ੍ਰਦਰਸ਼ਨਕਾਰੀਆਂ ਦੀਆਂ ਜ਼ਿਆਦਾਤਰ ਮੰਗਾਂ ਮੰਨਣੀਆਂ ਪਈਆਂ, ਜਿਨ੍ਹਾਂ ਵਿਚ ਆਟੇ ਦੀ ਹਰੇਕ ਬੋਰੀ 'ਤੇ 2100 ਪਾਕਿਸਤਾਨੀ ਰੁਪਏ ਦੀ ਸਬਸਿਡੀ ਦੇਣ ਦਾ ਵਾਅਦਾ ਵੀ ਸ਼ਾਮਲ ਹੈ। ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਇਸ ਵਿਰੋਧ-ਪ੍ਰਦਰਸ਼ਨ ਨੂੰ ਲੈ ਕੇ ਪਾਕਿਸਤਾਨ ਦੀ ਬੇਇੱਜ਼ਤੀ ਹੋ ਰਹੀ ਹੈ ਤਾਂ ਇਸ ਤੋਂ ਬਚਣ ਲਈ ਉਸ ਨੇ ਮਕਬੂਜ਼ਾ ਜੰਮੂ-ਕਸ਼ਮੀਰ ਵਿਚ ਮੌਜੂਦ ਮੰਗਲਾ ਤੇ ਨੀਲਮ-ਝੇਲਮ ਬਿਜਲੀ ਪ੍ਰਾਜੈਕਟਾਂ ਤੋਂ ਸਸਤੀ ਬਿਜਲੀ ਵੀ ਇਸ ਖੇਤਰ ਨੂੰ ਮੁਹੱਈਆ ਕਰਵਾਉਣ ਤੇ ਇੱਥੇ ਦੇ ਸਰੋਤ ਵੀ ਉੱਥੇ ਲਾਉਣ ਵਰਗੇ ਭਰੋਸੇ ਦਿੱਤੇ ਹਨ। ਹਾਲਾਂਕਿ ਪਾਕਿਸਤਾਨ ਦੇ ਮੂਲ ਚਰਿੱਤਰ ਤੇ ਉਸ ਦੀ ਵਿੱਤੀ ਸਥਿਤੀ ਨੂੰ ਦੇਖਦੇ ਹੋਏ ਇਹ ਸਭ ਵਾਅਦੇ ਸ਼ਾਇਦ ਹੀ ਕਦੀ ਪੂਰੇ ਕੀਤੇ ਜਾਣਗੇ।

ਜੇਕਰ ਇਹ ਵਾਅਦੇ ਪੂਰੇ ਨਾ ਹੋਏ ਤਾਂ ਭਵਿੱਖ




ਵਿਚ ਮਕਬੂਜ਼ਾ ਜੰਮੂ-ਕਸ਼ਮੀਰ ਵਿਚ ਇਸਲਾਮਾਬਾਦ ਪ੍ਰਤੀ ਅਸੰਤੁਸ਼ਟੀ ਹੋਰ ਵਧਣੀ ਤੈਅ ਹੈ। ਇਸ ਕਾਰਨ ਸਵਾਲ ਉੱਠਦਾ ਹੈ ਕਿ ਕੀ ਭਵਿੱਖ ਵਿਚ ਇਹ ਨਾਗਰਿਕ ਅਸੰਤੁਸ਼ਟੀ ਪਾਕਿਸਤਾਨ ਨਾਲ ਵੱਖਵਾਦ ਦੇ ਵਤੀਰੇ ਵਿਚ ਵੀ ਬਦਲ ਸਕਦੀ ਹੈ? ਤੇ ਕੀ ਮੌਕਾ ਮਿਲਣ 'ਤੇ ਮਕਬੂਜ਼ਾ ਜੰਮੂ-ਕਸ਼ਮੀਰ ਨੂੰ ਭਾਰਤ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ? ਜੇ ਹਾਂ ਤਾਂ ਕੀ ਅਜਿਹਾ ਕਰਨਾ ਸਹੀ ਹੋਵੇਗਾ? ਮਕਬੂਜ਼ਾ ਜੰਮੂ-ਕਸ਼ਮੀਰ ਨੂੰ ਪਾਕਿ ਦੇ ਕਬਜ਼ੇ ਵਾਲੇ ਗਿਲਗਿਟ-ਬਾਲਟਿਸਤਾਨ ਤੋਂ ਵੱਖ ਕਰ ਕੇ ਦੇਖਣ ਦੀ ਲੋੜ ਹੈ। ਮਕਬੂਜ਼ਾ ਜੰਮੂ-ਕਸ਼ਮੀਰ ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਨਾਲ ਕਸ਼ਮੀਰ ਨੂੰ ਲੈ ਕੇ 1947 ਵਿਚ ਹੋਈ ਪਹਿਲੀ ਜੰਗ ਤੋਂ ਬਹੁਤ ਪਹਿਲਾਂ ਤੋਂ ਇਸਲਾਮਿਕ ਕੱਟੜਪੰਥ ਦਾ ਗੜ੍ਹ ਰਿਹਾ ਹੈ। ਇਸ ਇਲਾਕੇ ਵਿਚ ਮੀਰਪੁਰੀ ਮੁਸਲਮਾਨਾਂ ਦੀ ਬਹੁਗਿਣਤੀ ਹੈ, ਜਿਨ੍ਹਾਂ ਦੀ ਭਾਸ਼ਾ ਕਸ਼ਮੀਰੀ ਨਹੀਂ ਹੈ।

ਮੀਰਪੁਰੀ ਮੁਸਲਿਮ ਸਮਾਜ ਇਸਲਾਮਿਕ ਕੱਟੜਪੰਥ ਤੋਂ ਪ੍ਰਭਾਵਿਤ ਰਿਹਾ ਹੈ ਤੇ ਪਾਕਿਸਤਾਨ ਦੇ ਜੰਮੂ-ਕਸ਼ਮੀਰ 'ਤੇ ਪਹਿਲੇ ਹਮਲੇ ਦੇ ਸਮੇਂ ਮੀਰਪੁਰੀ ਮੁਸਲਮਾਨਾਂ ਨੇ ਉੱਥੇ ਰਹਿਣ ਵਾਲੇ ਹਜ਼ਾਰਾਂ ਹਿੰਦੂਆਂ ਤੇ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ। ਬਾਕੀ ਬਚੇ ਲੋਕਾਂ ਨੂੰ ਭਾਰਤ ਵਿਚ ਸ਼ਰਣ ਲੈਣੀ ਪਈ ਸੀ। ਮੀਰਪੁਰੀ ਮੁਸਲਮਾਨਾਂ ਦਾ ਆਈਐੱਸਆਈ ਵੱਲੋਂ ਸਥਾਪਿਤ ਵਿਸ਼ਵ ਪੱਧਰੀ ਜਿਹਾਦ ਕੰਪਲੈਕਸ ਵਿਚ ਵੀ ਵੱਡਾ ਯੋਗਦਾਨ ਰਿਹਾ ਹੈ। ਭਾਰਤ ਵਿਚ ਹੋਏ ਜ਼ਿਆਦਾਤਰ ਆਤਮਘਾਤੀ ਅੱਤਵਾਦੀ ਹਮਲਿਆਂ ਵਿਚ ਮੀਰਪੁਰੀ ਤੇ ਪੰਜਾਬੀ ਮੁਸਲਮਾਨ ਅੱਤਵਾਦੀ ਹੀ ਸ਼ਾਮਲ ਰਹੇ ਹਨ।

ਮੀਰਪੁਰੀ ਸਮਾਜ ਵਿਚ ਕੱਟੜਪੰਥ ਕਿਸ ਕਦਰ ਡੂੰਘੀਆਂ ਜੜ੍ਹਾਂ ਜਮਾ ਚੁੱਕਾ ਹੈ, ਇਸ ਦਾ ਅੰਦਾਜ਼ਾ ਇਸ ਨਾਲ ਲਾ ਸਕਦੇ ਹਾਂ ਕਿ ਬਰਤਾਨੀਆ ਜਾ ਕੇ ਵਸੇ ਮੀਰਪੁਰੀ ਮੁਸਲਮਾਨਾਂ ਨੇ ਹੀ ਸੱਤ ਜੁਲਾਈ 2005 ਦੇ ਲੰਡਨ ਬੰਬ ਧਮਾਕਿਆਂ ਨੂੰ ਅੰਜਾਮ ਦਿੱਤਾ ਸੀ, ਜਿਸ ਵਿਚ 56 ਲੋਕ ਮਾਰੇ ਗਏ ਸਨ ਤੇ 784 ਲੋਕ ਜ਼ਖ਼ਮੀ ਹੋਏ ਸਨ। ਭਾਰਤ ਦੀ ਧਰਤੀ 'ਤੇ ਕਿਸੇ ਯੂਰਪੀ ਵਿਅਕਤੀ ਵੱਲੋਂ ਆਤਮਘਾਤੀ ਅੱਤਵਾਦੀ ਹਮਲਾ ਕਰਨ ਦੇ ਇੱਕੋ ਇਕ ਮਾਮਲੇ ਦਾ ਵੀ ਮੀਰਪੁਰੀ ਕੁਨੈਕਸ਼ਨ ਰਿਹਾ ਹੈ। ਬਰਤਾਨੀਆ ਦੇ ਬਰਮਿੰਘਮ ਵਿਚ ਪੈਦਾ ਹੋਏ ਮੀਰਪੁਰੀ ਮੁਸਲਿਮ ਅਬਦੁੱਲਾ ਨੇ ਸ੍ਰੀਨਗਰ ਦੇ ਵਿਚਾਲੇ ਖ਼ੁਦ ਨੂੰ ਬੰਬ ਨਾਲ ਉਡਾ ਦਿੱਤਾ ਸੀ।

ਰਾਅ ਦੇ ਸਾਬਕਾ ਅਧਿਕਾਰੀ ਤੇ ਅੱਤਵਾਦ ਰੋਕੂ ਮਾਮਲਿਆਂ ਦੇ ਮਾਹਿਰ ਬੀ। ਰਮਨ ਨੇ ਲਿਖਿਆ ਸੀ ਕਿ ਮੀਰਪੁਰੀ ਮੁਸਲਮਾਨ ਭਾਰਤ ਖ਼ਿਲਾਫ਼ ਜਿਹਾਦੀ ਕਾਰਵਾਈਆਂ ਵਿਚ ਹਿੰਸਾ ਲੈਣ ਵਿਚ ਸਭ ਤੋਂ ਅੱਗੇ ਰਹੇ ਹਨ। ਇਹ ਵੀ ਧਿਆਨ ਦੇਣ ਯੋਗ ਹੈ ਕਿ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ ਤੇ ਹਿਜ਼ਬੁਲ ਮੁਜਾਹਿਦੀਨ ਵਰਗੇ ਸਾਰੇ ਅੱਤਵਾਦੀ ਸੰਗਠਨਾਂ ਦੇ ਕੈਂਪ ਦਹਾਕਿਆਂ ਤੋਂ ਇਸ ਇਲਾਕੇ ਵਿਚ ਸਰਗਰਮ ਰਹੇ ਹਨ ਤੇ ਇਹ ਅੱਤਵਾਦੀ ਮਕਬੂਜ਼ਾ ਜੰਮੂ-ਕਸ਼ਮੀਰ ਦੇ ਮੀਰਪੁਰ ਸਮਾਜ ਵਿਚ ਰਲੇ-ਮਿਲੇ ਹਨ। ਇਸ ਕਾਰਨ 40 ਲੱਖ ਦੀ ਸੰਘਣੀ ਆਬਾਦੀ ਵਾਲੀ ਇਸ ਪੱਟੀ ਨੂੰ ਭਾਰਤ ਵਿਚ ਸ਼ਾਮਲ ਕਰਨਾ ਤੇ ਮੁੱਖਧਾਰਾ ਨਾਲ ਜੋੜ ਸਕਣਾ ਬਹੁਤ ਵੱਡਾ ਸਿਰਦਰਦ ਸਾਬਿਤ ਹੋ ਸਕਦਾ ਹੈ, ਕਿਉਂਕਿ ਸਦੀਆਂ ਦਾ ਕੱਟੜਪੰਥ ਕੁਝ ਸਾਲਾਂ ਵਿਚ ਖ਼ਤਮ ਨਹੀਂ ਹੋਣ ਵਾਲਾ ਹੈ। ਦੂਜੀ ਮੁਸ਼ਕਲ ਇਹ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਇਸ ਖੇਤਰ ਨੂੰ ਬਿਨਾਂ ਫ਼ੌਜੀ ਕਾਰਵਾਈ ਦੇ ਭਾਰਤ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ।

ਜੇ ਨਾਗਰਿਕਾਂ ਦੀ ਅਸੰਤੁਸ਼ਟੀ ਬਹੁਤ ਵੱਧ ਵੀ ਜਾਵੇ ਤਾਂ ਵੀ ਪਾਕਿਸਤਾਨੀ ਫ਼ੌਜ ਇਸ ਇਲਾਕੇ ਨੂੰ ਹੱਥ ਤੋਂ ਜਾਣ ਨਹੀਂ ਦੇਵੇਗੀ ਤੇ ਪਾਕਿਸਤਾਨ ਤੋਂ ਮੁਕਤ ਕਰਵਾਉਣ ਲਈ ਭਾਰਤ ਨੂੰ ਆਖ਼ਰ 1971 ਵਿਚ ਬੰਗਲਾਦੇਸ਼ ਦੇ ਮਾਮਲੇ

(ਬਾਕੀ ਅਗਲੇ ਸਫ਼ੇ 'ਤੇ)

# ਇਸ ਵਾਰ ਵੀ ਭਾਰੂ ਰਹੀ ਖ਼ਾਸ ਵਰਗ ਨੂੰ ਖ਼ੁਸ਼ ਕਰਨ ਦੀ ਸਿਆਸਤ



ਸੰਜੇ ਗੁਪਤ

ਮਮਤਾ ਬੈਨਰਜੀ ਸਰਕਾਰ ਵੱਲੋਂ 2010 ਤੋਂ ਬਾਅਦ ਮੁਸਲਿਮ ਜਾਤੀਆਂ ਨੂੰ ਓਬੀਸੀ ਸਰਟੀਫਿਕੇਟ ਦੇਣ ਦੇ ਫ਼ੈਸਲੇ ਨੂੰ ਕਲਕੱਤਾ ਹਾਈ ਕੋਰਟ ਨੇ ਰੱਦ ਕਰ ਦਿੱਤਾ। ਹਾਲਾਂਕਿ ਉਸ ਨੇ ਆਪਣੇ ਫ਼ੈਸਲੇ ਵਿਚ ਇਹ ਕਿਹਾ ਹੈ ਕਿ ਜਿਨ੍ਹਾਂ ਨੂੰ ਓਬੀਸੀ ਸਰਟੀਫਿਕੇਟ ਜ਼ਰੀਏ ਨੌਕਰੀਆਂ ਮਿਲ ਗਈਆਂ ਹਨ, ਉਨ੍ਹਾਂ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ ਪਰ ਉਸ ਦੇ ਫ਼ੈਸਲੇ ਕਾਰਨ ਲਗਪਗ 5 ਲੱਖ ਲੋਕ ਪ੍ਰਭਾਵਿਤ ਹੋਣਗੇ। ਕਲਕੱਤਾ ਹਾਈ ਕੋਰਟ ਨੇ ਮਮਤਾ ਸਰਕਾਰ ਦੇ ਫ਼ੈਸਲੇ ਨੂੰ ਮਨਮਰਜ਼ੀ ਵਾਲਾ ਦੱਸਦੇ ਹੋਏ ਖਾਰਜ ਕਰ ਦਿੱਤਾ ਹੈ।

ਹਾਈ ਕੋਰਟ ਦੇ ਫ਼ੈਸਲੇ ਤੋਂ ਨਾਰਾਜ਼ ਮਮਤਾ ਬੈਨਰਜੀ ਰਾਜਨੀਤਕ ਕਾਰਨਾਂ ਕਾਰਨ ਇਹ ਕਹਿ ਰਹੇ ਹਨ ਕਿ ਉਹ ਇਸ ਫ਼ੈਸਲੇ ਨੂੰ ਨਹੀਂ ਮੰਨਣਗੇ ਪਰ ਜੇ ਉਨ੍ਹਾਂ ਨੂੰ ਹਾਈ ਕੋਰਟ ਦਾ ਫ਼ੈਸਲਾ ਸਵੀਕਾਰ ਨਹੀਂ ਤਾਂ ਉਨ੍ਹਾਂ ਨੂੰ ਸੁਪਰੀਮ ਕੋਰਟ ਜਾਣਾ ਹੋਵੇਗਾ। ਇਹ ਫ਼ੈਸਲਾ ਕਿਉਂਕਿ ਮਮਤਾ ਦੀ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦੀ ਰਾਜਨੀਤੀ ਦਾ ਪ੍ਰਤੀਕ ਹੈ, ਇਸ ਲਈ ਇਸ 'ਤੇ ਹੈਰਾਨੀ ਨਹੀਂ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਨ੍ਹਾਂ 'ਤੇ ਰਾਜਨੀਤਕ ਹਮਲਾ ਬੋਲ ਦਿੱਤਾ ਹੈ। ਉਹ ਇਸ ਮੁੱਦੇ ਦਾ ਪੂਰਾ ਸਿਆਸੀ ਲਾਹਾ ਲੈਣ ਲਈ ਪੱਬਾਂ ਭਾਰ ਹੋਏ ਪਏ ਹਨ ਤੇ ਮਮਤਾ ਤੇ ਉਸ ਦੀ ਪਾਰਟੀ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਉਹ ਇਸ ਮੁੱਦੇ ਨੂੰ ਜਿੰਨਾ ਜ਼ਿਆਦਾ ਚੁੱਕਣਗੇ, ਭਾਜਪਾ ਨੂੰ ਹਿੰਦੂ ਵੋਟਰਾਂ ਦਾ ਓਨਾ ਹੀ ਜ਼ਿਆਦਾ ਸਾਥ ਮਿਲੇਗਾ। ਕੁਝ ਵੀ ਹੋਵੇ, ਇਸ ਮਸਲੇ ਨੂੰ ਹਰਗਿਜ਼ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਧਰਮ ਦੇ ਆਧਾਰ 'ਤੇ ਰਾਖਵਾਂਕਰਨ ਦੇਣਾ ਸਮਾਜਿਕ ਤਾਣੇ-ਬਾਣੇ ਦੀਆਂ ਚੂਲਾਂ ਹਿਲਾਉਣ ਦਾ ਕੰਮ ਕਰੇਗਾ। ਮਹੱਤਵਪੂਰਨ ਇਹ ਹੈ ਕਿ ਮੁਸਲਿਮ ਸਮਾਜ ਦੀਆਂ ਜਾਤੀਆਂ ਨੂੰ ਓਬੀਸੀ ਪ੍ਰਮਾਣ-ਪੱਤਰ ਦੇਣ ਦੇ ਮਮਤਾ ਸਰਕਾਰ ਦੇ ਫ਼ੈਸਲੇ ਨੂੰ ਕਲਕੱਤਾ ਹਾਈ ਕੋਰਟ ਨੇ ਇਕ ਅਜਿਹੇ ਸਮੇਂ ਰੱਦ ਕਰ ਦਿੱਤਾ ਹੈ ਜਦ ਸੂਬੇ ਵਿਚ ਚੋਣਾਂ ਹੋ ਰਹੀਆਂ ਹਨ। ਸਪਸ਼ਟ ਹੈ ਕਿ ਇਹ ਫ਼ੈਸਲਾ ਮਮਤਾ ਸਰਕਾਰ ਲਈ ਇਕ ਵੱਡਾ ਰਾਜਨੀਤਕ ਝਟਕਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹਾ ਹੀ ਝਟਕਾ ਕਲਕੱਤਾ ਹਾਈ ਕੋਰਟ ਦੇ ਉਸ ਫ਼ੈਸਲੇ ਨਾਲ ਵੀ ਲੱਗਾ ਸੀ ਜਿਸ ਵਿਚ ਉਸ ਨੇ 25,000 ਅਧਿਆਪਕਾਂ ਅਤੇ ਸਕੂਲੀ ਕਰਮਚਾਰੀਆਂ ਦੀਆਂ ਭਰਤੀਆਂ ਨੂੰ ਰੱਦ ਕਰ ਦਿੱਤਾ ਸੀ। ਹਾਲਾਂਕਿ ਬਾਅਦ ਵਿਚ ਸੁਪਰੀਮ ਕੋਰਟ ਨੇ ਮਮਤਾ ਸਰਕਾਰ ਨੂੰ ਥੋੜ੍ਹੀ ਰਾਹਤ ਦੇ ਦਿੱਤੀ ਪਰ ਹਾਈ ਕੋਰਟ ਦੇ ਉਸ ਫ਼ੈਸਲੇ ਨੇ ਉਨ੍ਹਾਂ ਅੱਗੇ ਇਕ ਸਿਆਸੀ ਸੰਕਟ ਤਾਂ ਖੜ੍ਹਾ ਕਰ ਹੀ ਦਿੱਤਾ ਹੈ। ਮਮਤਾ ਸਰਕਾਰ ਨੂੰ ਹਾਈ ਕੋਰਟ ਦੇ ਕੁਝ ਹੋਰ ਫ਼ੈਸਲਿਆਂ ਕਾਰਨ ਝਟਕਾ ਲੱਗ ਚੁੱਕਾ ਹੈ। ਇਨ੍ਹਾਂ ਵਿਚ ਇਕ ਸੰਦੇਸ਼ਖਾਲੀ ਵਿਚ ਤ੍ਰਿਣਮੂਲ ਕਾਂਗਰਸ ਦੇ ਨੇਤਾ ਸ਼ਾਹਜਹਾਂ ਸ਼ੇਖ ਵੱਲੋਂ ਜ਼ਮੀਨਾਂ 'ਤੇ ਕਬਜ਼ਾ ਅਤੇ ਮਹਿਲਾਵਾਂ ਪ੍ਰਤੀ ਅੱਤਿਆਚਾਰ ਨਾਲ ਵੀ ਜੁੜਿਆ ਹੈ। ਇਸ ਮਾਮਲੇ ਵਿਚ ਮਮਤਾ ਸਰਕਾਰ ਨੂੰ ਹਾਈ ਕੋਰਟ ਦੀ ਫਿਟਕਾਰ ਸੁਣਨੀ ਪਈ ਸੀ ਅਤੇ ਸੁਪਰੀਮ ਕੋਰਟ ਦੀ ਵੀ।

ਮਮਤਾ ਸਰਕਾਰ 'ਤੇ ਮੁਸਲਿਮਾਂ ਨੂੰ ਖ਼ੁਸ਼ ਕਰਨ ਦੇ ਦੋਸ਼ ਉਦੋਂ ਤੋਂ ਹੀ ਲੱਗ ਰਹੇ ਹਨ ਜਦ ਤੋਂ ਉਹ ਸੱਤਾ ਵਿਚ ਆਈ ਹੈ। ਬੰਗਾਲ ਦੀ ਰਾਜਨੀਤੀ ਵਿਚ ਮੁਸਲਿਮਾਂ ਨੂੰ ਖ਼ੁਸ਼ ਰੱਖਣਾ ਇਕ ਮੁੱਖ ਮੁੱਦਾ ਰਿਹਾ ਹੈ। ਭਾਜਪਾ ਇਸੇ ਨੂੰ ਇਕ ਮੁੱਦਾ ਬਣਾ ਕੇ ਮਮਤਾ ਸਰਕਾਰ ਨੂੰ ਘੇਰਦੀ ਰਹੀ ਹੈ। ਬੰਗਾਲ ਵਿਚ ਪਹਿਲਾਂ ਮੁਸਲਿਮ ਸਮੁਦਾਇ ਨੂੰ ਖ਼ੁਸ਼ ਕਰਨ ਦਾ ਕੰਮ ਕਾਂਗਰਸ ਵੱਲੋਂ ਕੀਤਾ ਜਾਂਦਾ ਸੀ, ਫਿਰ ਖੱਬੇ-ਪੱਖੀ ਪਾਰਟੀਆਂ ਵੱਲੋਂ ਕੀਤਾ ਜਾਣ ਲੱਗਾ। ਖੱਬੇ-ਪੱਖੀ ਪਾਰਟੀਆਂ ਨੂੰ ਹਰਾ ਕੇ ਸੱਤਾ ਵਿਚ ਆਈ ਮਮਤਾ ਬੈਨਰਜੀ ਵੀ ਇਹੀ ਕੰਮ ਕਰਨ ਲੱਗੀ। ਸੰਨ 1947 ਵਿਚ ਜਦ ਮਜ਼ਹਬ ਦੇ ਆਧਾਰ 'ਤੇ ਭਾਰਤ ਦੀ ਵੰਡ ਹੋਈ ਤਦ ਪੰਜਾਬ ਵਿਚ ਤਾਂ ਦੋਵੇਂ ਪਾਸੇ ਦੀ ਆਬਾਦੀ ਦਾ ਇਕ-ਦੂਜੇ ਹਿੱਸੇ ਵਿਚ ਪਲਾਇਨ ਹੋਇਆ ਪਰ ਬੰਗਾਲ ਵਿਚ ਪੂਰਬੀ ਪਾਕਿਸਤਾਨ ਅਰਥਾਤ ਅੱਜ ਦੇ ਬੰਗਲਾਦੇਸ਼ ਵਿਚ ਰਹਿਣ ਵਾਲੇ ਹਿੰਦੂ ਹੀ ਵੱਡੀ ਗਿਣਤੀ ਵਿਚ ਹਿਜਰਤ ਕਰ ਕੇ ਭਾਰਤ ਆਏ। ਬੰਗਾਲ ਵਿਚ ਰਹਿਣ ਵਾਲੇ ਕੁਝ ਹੀ ਮੁਸਲਿਮ ਨਵੇਂ ਦੇਸ਼ ਵਿਚ ਵਸਣ ਗਏ। ਬੰਗਾਲ ਦੀ ਹੱਦ ਬੰਗਲਾਦੇਸ਼ ਨਾਲ ਲੱਗਦੀ ਹੈ ਅਤੇ ਸਰਹੱਦੀ ਇਲਾਕੇ ਅਜਿਹੇ ਹਨ ਕਿ ਦੋਵੇਂ ਪਾਸੇ ਆਵਾਜਾਈ ਕਿਤੇ ਜ਼ਿਆਦਾ ਆਸਾਨ ਹੈ। ਇਸ ਕਾਰਨ ਬੰਗਲਾਦੇਸ਼ ਤੋਂ ਵੱਡੀ ਗਿਣਤੀ ਵਿਚ ਹਿੰਦੂਆਂ ਦੇ ਨਾਲ-ਨਾਲ ਮੁਸਲਿਮ ਵੀ ਬੰਗਾਲ ਵਿਚ ਆ ਕੇ ਵਸਦੇ ਰਹੇ।

ਬੰਗਲਾਦੇਸ਼ ਤੋਂ ਵੱਡੀ ਗਿਣਤੀ ਵਿਚ ਮੁਸਲਿਮ ਬੰਗਾਲ ਵਿਚ ਵੀ ਆ ਕੇ ਵਸੇ ਅਤੇ ਅਸਾਮ ਤੇ ਤ੍ਰਿਪੁਰਾ ਵਿਚ ਵੀ। ਅੱਜ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਬੰਗਲਾਦੇਸ਼ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਆਏ ਮੁਸਲਮਾਨਾਂ ਦੀ ਗਿਣਤੀ ਕਿੰਨੀ ਹੈ, ਇਸ ਦਾ ਅਨੁਮਾਨ ਲਗਾਉਣਾ ਆਸਾਨ ਨਹੀਂ। ਬੰਗਲਾਦੇਸ਼ ਤੋਂ ਆਏ ਮੁਸਲਮਾਨਾਂ ਨੇ ਵੋਟਰ ਪਛਾਣ ਪੱਤਰ, ਆਧਾਰ ਕਾਰਡ ਅਤੇ ਰਾਸ਼ਨ ਕਾਰਡ ਆਦਿ ਬਣਵਾ ਲਏ ਹਨ। ਉਹ ਉਨ੍ਹਾਂ ਨੂੰ ਖ਼ੁਸ਼ ਕਰਨ ਵਾਲੀਆਂ ਸਿਆਸੀ ਪਾਰਟੀਆਂ ਲਈ ਵੱਡਾ ਵੋਟ ਬੈਂਕ ਬਣ ਗਏ ਹਨ। ਬੰਗਲਾਦੇਸ਼ ਤੋਂ ਆਈ ਮੁਸਲਿਮ ਆਬਾਦੀ ਨੇ ਬੰਗਾਲ ਦੇ ਨਾਲ-ਨਾਲ ਅਸਾਮ ਵਿਚ ਸਮਾਜਿਕ ਤਾਣੇ-ਬਾਣੇ ਨੂੰ ਬਦਲ ਦਿੱਤਾ ਹੈ ਅਤੇ ਕਈ ਚੋਣ ਹਲਕਿਆਂ ਵਿਚ ਉਹ ਫ਼ੈਸਲਾਕੁੰਨ ਸਥਿਤੀ ਵਿਚ ਆ ਗਈ ਹੈ। ਇਸੇ ਲਈ ਉਨ੍ਹਾਂ ਦੀ ਪਛਾਣ ਕਰਨ ਦੀ ਮੰਗ ਅਕਸਰ ਹੁੰਦੀ ਰਹੀ ਹੈ। ਮੋਦੀ ਸਰਕਾਰ ਨੇ ਇਸੇ ਸਿਲਸਿਲੇ ਵਿਚ ਨਾਗਰਿਕਤਾ ਸੋਧ ਕਾਨੂੰਨ ਵਿਚ ਤਰਮੀਮ ਕੀਤੀ ਤਾਂ ਜੋ ਬੰਗਲਾਦੇਸ਼ ਤੋਂ ਆਏ ਗ਼ੈਰ-ਮੁਸਲਿਮ ਲੋਕਾਂ ਨੂੰ ਦੇਸ਼ ਦੀ ਨਾਗਰਿਕਤਾ ਦਿੱਤੀ ਜਾ ਸਕੇ। ਬੰਗਲਾਦੇਸ਼ ਤੋਂ ਆਏ ਮੁਸਲਿਮ ਕਿਉਂਕਿ ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਖੱਬੇ-ਪੱਖੀ ਪਾਰਟੀਆਂ ਲਈ ਵੋਟ ਬੈਂਕ ਬਣ ਗਏ ਹਨ, ਇਸੇ ਲਈ ਇਨ੍ਹਾਂ ਪਾਰਟੀਆਂ ਨੇ ਇਹ ਭਰਮ ਫੈਲਾਇਆ ਕਿ ਨਾਗਰਿਕਤਾ ਤਰਮੀਮ ਕਾਨੂੰਨ ਦਾ ਮਕਸਦ ਭਾਰਤ ਦੇ ਮੁਸਲਮਾਨਾਂ ਦੀ ਨਾਗਰਿਕਤਾ ਖੋਹਣਾ ਹੈ ਜਦਕਿ ਇਹ ਕਾਨੂੰਨ ਨਾਗਰਿਕਤਾ ਖੋਹਣ ਦਾ ਨਹੀਂ ਬਲਕਿ ਦੇਣ ਦਾ ਹੈ।



ਇਸ ਦੇ ਬਾਵਜੂਦ ਭਾਜਪਾ ਵਿਰੋਧੀ ਪਾਰਟੀਆਂ ਇਹ ਵਾਅਦਾ ਕਰਨ ਵਿਚ ਲੱਗੀਆਂ ਹੋਈਆਂ ਹਨ ਕਿ ਜੇ ਉਹ ਸੱਤਾ ਵਿਚ ਆਈਆਂ ਤਾਂ ਇਸ ਕਾਨੂੰਨ ਨੂੰ ਖ਼ਤਮ ਕਰ ਦੇਣਗੀਆਂ। ਬੰਗਾਲ ਵਿਚ ਕਿਉਂਕਿ ਲਗਪਗ 27 ਪ੍ਰਤੀਸ਼ਤ ਮੁਸਲਿਮ ਆਬਾਦੀ ਹੈ ਅਤੇ ਬੰਗਲਾਦੇਸ਼ ਨਾਲ ਲੱਗਦੇ ਕੁਝ ਜ਼ਿਲ੍ਹੇ ਅਜਿਹੇ ਹਨ ਜਿੱਥੇ ਮੁਸਲਿਮ ਆਬਾਦੀ 50% ਤੋਂ ਵੱਧ ਹੈ, ਇਸ ਲਈ ਖ਼ੁਦ ਨੂੰ ਸੈਕੂਲਰ ਦੱਸਣ ਵਾਲੀਆਂ ਪਾਰਟੀਆਂ ਮੁਸਲਿਮਾਂ ਨੂੰ ਖ਼ੁਸ਼ ਕਰਨ ਦੀ ਰਾਜਨੀਤੀ ਕਰਦੀਆਂ ਹਨ। ਇਸੇ ਰਾਜਨੀਤੀ ਤਹਿਤ ਮਮਤਾ ਸਰਕਾਰ ਨੇ ਮੁਸਲਿਮ ਸਮਾਜ ਨੂੰ ਓਬੀਸੀ ਰਾਖਵਾਂਕਰਨ ਦਾ ਵੱਧ ਤੋਂ ਵੱਧ ਲਾਭ ਦੇਣ ਲਈ ਮਨਮਾਨੇ ਤਰੀਕੇ ਨਾਲ ਅਨੇਕ ਮੁਸਲਿਮ ਜਾਤੀਆਂ ਨੂੰ ਓਬੀਸੀ ਰਾਖਵਾਂਕਰਨ ਦਾ ਵੱਧ ਤੋਂ ਵੱਧ ਲਾਹਾ ਦੇਣ ਲਈ ਮਨਮਰਜ਼ੀ ਨਾਲ ਅਨੇਕ ਮੁਸਲਿਮ ਜਾਤੀਆਂ ਨੂੰ ਓਬੀਸੀ ਪ੍ਰਮਾਣ-ਪੱਤਰ ਦੇ ਦਿੱਤੇ। ਸਾਫ਼ ਹੈ ਕਿ ਇਸ ਨਾਲ ਹਿੰਦੂ ਸਮਾਜ ਦੀਆਂ ਓਬੀਸੀ ਜਾਤੀਆਂ ਦੇ ਹਿਤਾਂ ਨੂੰ ਢਾਹ ਲੱਗੀ। ਵੋਟ ਬੈਂਕ ਦੀ ਇਸੇ ਰਾਜਨੀਤੀ ਕਾਰਨ ਇਕ ਸਮੇਂ ਆਂਧਰ ਪ੍ਰਦੇਸ਼ ਵਿਚ ਵੀ ਮੁਸਲਿਮ ਸਮਾਜ ਨੂੰ ਰਾਖਵਾਂਕਰਨ ਦਿੱਤਾ ਗਿਆ। ਇਹੀ ਕੰਮ ਕਰਨਾਟਕ ਦੀ ਕਾਂਗਰਸ ਸਰਕਾਰ ਨੇ ਕੀਤਾ। ਉਸ ਨੇ ਸਾਰੇ ਮੁਸਲਿਮ ਸਮਾਜ ਨੂੰ ਪੱਛੜਾ ਮੰਨ ਕੇ ਉਸ ਨੂੰ ਓਬੀਸੀ ਰਾਖਵਾਂਕਰਨ ਦੇ ਦਿੱਤਾ।

ਸ 'ਤੇ ਰਾਸ਼ਟਰੀ ਪੱਛੜਾ ਵਰਗ ਕਮਿਸ਼ਨ ਨੇ ਇਤਰਾਜ਼ ਪ੍ਰਗਟਾਇਆ ਅਤੇ ਪ੍ਰਧਾਨ ਮੰਤਰੀ ਮੋਦੀ ਲਗਾਤਾਰ ਇਹ ਕਹਿ ਰਹੇ ਹਨ ਕਿ ਕਾਂਗਰਸ ਤੇ ਉਸ ਦੀ ਅਗਵਾਈ ਵਾਲਾ ਵਿਰੋਧੀ ਮੋਰਚਾ ਆਈਐੱਨਡੀਆਈਏ ਮਜ਼ਹਬ ਦੇ ਆਧਾਰ 'ਤੇ ਰਾਖਵਾਂਕਰਨ ਦੇਣ ਦਾ ਇਰਾਦਾ ਰੱਖਦਾ ਹੈ। ਕਲਕੱਤਾ ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਰਾਜਸਥਾਨ ਸਰਕਾਰ ਇਹ ਪਤਾ ਲਗਾਉਣ ਜਾ ਰਹੀ ਹੈ ਕਿ ਕਿਤੇ ਪਿਛਲੀ ਕਾਂਗਰਸ ਸਰਕਾਰ ਨੇ ਕਿਸੇ ਖ਼ਾਸ ਵਰਗ ਨੂੰ ਖ਼ੁਸ਼ ਕਰਨ ਦੀ ਰਾਜਨੀਤੀ ਤਹਿਤ ਗ਼ੈਰ-ਵਾਜਬ ਤਰੀਕੇ ਨਾਲ ਮੁਸਲਿਮ ਜਾਤੀਆਂ ਨੂੰ ਤਾਂ ਓਬੀਸੀ ਰਾਖਵਾਂਕਰਨ ਨਹੀਂ ਦੇ ਦਿੱਤਾ।

ਕਲਕੱਤਾ ਹਾਈ ਕੋਰਟ ਦੇ ਫ਼ੈਸਲੇ ਨੇ ਭਾਜਪਾ ਦੇ ਇਸ ਦੋਸ਼ ਨੂੰ ਮਜ਼ਬੂਤੀ ਬਖ਼ਸ਼ੀ ਹੈ ਕਿ ਆਈਐੱਨਡੀਆਈਏ ਵਿਚ ਸ਼ਾਮਲ ਪਾਰਟੀਆਂ ਸੰਵਿਧਾਨ ਵਿਰੁੱਧ ਜਾ ਕੇ ਮਜ਼ਹਬ ਦੇ ਆਧਾਰ 'ਤੇ ਰਾਖਵਾਂਕਰਨ ਦੇ ਰਹੀਆਂ ਹਨ। ਇਹ ਲੋਕ ਸਭਾ ਚੋਣਾਂ ਦੇ ਨਤੀਜੇ ਹੀ ਦੱਸਣਗੇ ਕਿ ਭਾਜਪਾ ਨੇ ਮਜ਼ਹਬ ਆਧਾਰਤ ਰਾਖਵਾਂਕਰਨ ਦਾ ਮੁੱਦਾ ਚੁੱਕ ਕੇ ਕਾਂਗਰਸ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੀ ਜੋ ਘੇਰਾਬੰਦੀ ਕੀਤੀ, ਉਸ ਦਾ ਉਸ ਨੂੰ ਕਿੰਨਾ ਲਾਭ ਹੋਵੇਗਾ ਪਰ ਇਹ ਕਿਸੇ ਤੋਂ ਲੁਕਿਆ ਨਹੀਂ ਕਿ ਕਥਿਤ ਸੈਕੂਲਰ ਪਾਰਟੀਆਂ ਮੁਸਲਿਮ ਵੋਟ ਬੈਂਕ ਦੀ ਰਾਜਨੀਤੀ ਕਰਦੀਆਂ ਹਨ। ਮੁਸਲਮਾਨਾਂ ਨੂੰ ਖ਼ੁਸ਼ ਕਰਨ ਦੀ ਇਹ ਰਾਜਨੀਤੀ ਭਾਰਤੀਅਤਾ ਦੇ ਨਾਲ-ਨਾਲ ਕੌਮੀ ਹਿਤਾਂ ਨੂੰ ਢਾਹ ਲਾਉਣ ਤੇ ਸਰਹੱਦ ਪਾਰ ਤੋਂ ਗ਼ੈਰ-ਕਾਨੂੰਨੀ ਘੁਸਪੈਠ ਨੂੰ ਹੱਲਾਸ਼ੇਰੀ ਦੇਣ ਵਾਲੀ ਵੀ ਹੈ।

# ਵਿਕਸਤ ਦੇਸ਼ ਦੇ ਸੁਪਨੇ ਤੋੜਦੀਆਂ ਦੁਰਘਟਨਾਵਾਂ

ਰਾਜੀਵ ਸਚਾਨ

ਬੀਤੇ ਹਫ਼ਤੇ ਗੁਜਰਾਤ ਦੇ ਰਾਜਕੋਟ ਸ਼ਹਿਰ 'ਚ ਇਕ ਗੇਮਿੰਗ ਜ਼ੋਨ 'ਚ 35 ਲੋਕ ਸੜ ਕੇ ਮਰ ਗਏ। ਇਸ ਭਿਆਨਕ ਘਟਨਾ ਤੋਂ ਕੁਝ ਦਿਨਾਂ ਬਾਅਦ ਦਿੱਲੀ ਦੇ ਇਕ ਬੇਬੀ ਕੇਅਰ ਸੈਂਟਰ ਵਿਚ ਸੱਤ ਬੱਚੇ ਅੱਗ ਲੱਗਣ ਕਾਰਨ ਕਾਲ ਦਾ ਗ੍ਰਾਸ ਬਣ ਗਏ। ਇਨ੍ਹਾਂ ਦੋਵਾਂ ਘਟਨਾਵਾਂ ਵਿਚ ਸਾਂਝੀ ਗੱਲ ਸਿਰਫ਼ ਇਹੀ ਨਹੀਂ ਕਿ ਘਟਨਾ ਦਾ ਕਾਰਨ ਅੱਗ ਲੱਗਣਾ ਰਿਹਾ। ਇਸ ਤੋਂ ਇਲਾਵਾ ਵੀ ਬਹੁਤ ਕੁਝ ਸਾਂਝਾ ਹੈ ਜਿਵੇਂ ਇਹ ਕਿ ਰਾਜਕੋਟ ਦੇ ਗੇਮਿੰਗ ਜ਼ੋਨ ਨੇ ਫਾਇਰ ਬ੍ਰਿਗੇਡ ਵਿਭਾਗ ਤੋਂ ਕੋਈ ਇਤਰਾਜ਼ ਨਹੀਂ ਪ੍ਰਮਾਣ ਪੱਤਰ (ਐਨਓਸੀ) ਹਾਸਲ ਨਹੀਂ ਕੀਤਾ ਸੀ।

ਇਹੀ ਗੱਲ ਦਿੱਲੀ ਦੇ ਬੇਬੀ ਕੇਅਰ ਸੈਂਟਰ ਬਾਰੇ ਵੀ ਸਾਹਮਣੇ ਆਈ। ਇਸ ਨੇ ਵੀ ਨਾ ਤਾਂ ਅੱਗ ਤੋਂ ਬਚਾਅ ਦੇ ਉਪਾਅ ਕੀਤੇ ਹੋਏ ਸਨ ਤੇ ਨਾ ਹੀ ਫਾਇਰ ਬ੍ਰਿਗੇਡ ਮਹਿਕਮੇ ਤੋਂ ਐਨਓਸੀ ਲਈ ਹੋਈ ਸੀ। ਗੇਮਿੰਗ ਜ਼ੋਨ ਦੇ ਮਾਮਲੇ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਰਾਜਕੋਟ ਨਗਰ ਨਿਗਮ ਨੇ ਉਸ ਦੇ ਸੰਚਾਲਨ ਲਈ ਨਾ ਤਾਂ ਕੋਈ ਲਾਇਸੈਂਸ ਦਿੱਤਾ ਹੋਇਆ ਸੀ ਅਤੇ ਨਾ ਹੀ ਸੰਚਾਲਕਾਂ ਨੇ ਹੋਰ ਕਿਸੇ ਰੈਗੂਲੇਟਰੀ ਸੰਸਥਾ ਤੋਂ ਕੋਈ ਪ੍ਰਵਾਨਗੀ ਹਾਸਲ ਕੀਤੀ ਸੀ। ਇਹੀ ਕਹਾਣੀ ਦਿੱਲੀ ਦੇ ਬੇਬੀ ਕੇਅਰ ਸੈਂਟਰ ਦੀ ਵੀ ਹੈ। ਉਸ ਦੇ ਲਾਇਸੈਂਸ ਦਾ ਅਰਸਾ ਸਮਾਪਤ ਹੋ ਗਿਆ ਸੀ ਪਰ ਇਸ ਦੇ ਬਾਵਜੂਦ ਉਹ ਗ਼ੈਰ-ਕਾਨੂੰਨੀ ਤੌਰ 'ਤੇ ਚੱਲ ਰਿਹਾ ਸੀ। ਸਪਸ਼ਟ ਹੈ ਕਿ ਕੋਈ ਵੀ ਇਹ ਦੇਖਣ-ਜਾਂਚਣ ਵਾਲਾ ਨਹੀਂ ਸੀ ਕਿ ਉਸ ਦੇ ਇਲਾਕੇ ਵਿਚ ਕੋਈ ਨਾਜਾਇਜ਼ ਕੰਮ ਤਾਂ ਨਹੀਂ ਹੋ ਰਿਹਾ ਹੈ। ਗੇਮਿੰਗ ਜ਼ੋਨ ਜਾਂ ਬੇਬੀ ਕੇਅਰ ਸੈਂਟਰ ਚਲਾਉਣਾ ਕੋਈ ਅਜਿਹਾ ਕੰਮ ਨਹੀਂ ਜਿਸ ਨੂੰ ਚੁੱਪ-ਚਪੀਤੇ ਕੀਤਾ ਜਾ ਸਕੇ। ਬੇਬੀ ਕੇਅਰ ਸੈਂਟਰ ਵਿਚ ਪੰਜ ਬੱਚਿਆਂ ਦੀ ਦੇਖਭਾਲ ਦੀ ਸਹੂਲਤ ਸੀ ਪਰ ਉਸ ਵਿਚ 12 ਨਵਜੰਮੇ ਭਰਤੀ ਸਨ। ਕਿਸੇ ਨੂੰ ਕਿਉਂਕਿ ਪਰਵਾਹ ਨਹੀਂ ਸੀ, ਇਸ ਲਈ ਇਸ ਸੈਂਟਰ ਵਿਚ ਨਾ ਤਾਂ ਅੱਗ ਬੁਝਾਊ ਯੰਤਰ ਸੀ ਅਤੇ ਨਾ ਹੀ ਕੋਈ ਐਮਰਜੈਂਸੀ ਨਿਕਾਸ। ਇਸ ਤੋਂ ਗੰਭੀਰ ਗੱਲ ਇਹ ਸੀ ਕਿ ਇੱਥੇ ਆਕਸੀਜਨ ਦੇ ਸਿਲੰਡਰ ਰੱਖੇ ਹੋਏ ਸਨ। ਇਸ ਦਾ ਮਤਲਬ ਹੈ ਕਿ ਹਾਦਸੇ ਨੂੰ ਸੱਦਾ ਦੇਣ ਦੀ ਤਿਆਰੀ ਸੀ। ਅਜਿਹੀ ਹੀ ਤਿਆਰੀ ਰਾਜਕੋਟ ਗੇਮਿੰਗ ਜ਼ੋਨ ਵਿਚ ਵੀ ਦਿਸੀ। ਉੱਥੇ ਲੋਕਾਂ ਦਾ ਪ੍ਰਵੇਸ਼ ਹੋ ਰਿਹਾ ਸੀ ਅਤੇ ਵੈਲਡਿੰਗ ਦਾ ਕੰਮ ਵੀ ਚੱਲ ਰਿਹਾ ਸੀ।

ਇਨ੍ਹੀਂ ਦਿਨੀਂ ਕਿਉਂਕਿ ਲੋਕ ਸਭਾ ਚੋਣਾਂ ਚੱਲ ਰਹੀਆਂ ਹਨ, ਇਸ ਲਈ ਰਾਜਕੋਟ ਦੀ ਘਟਨਾ 'ਤੇ ਵੀ ਨੇਤਾਵਾਂ ਨੇ ਆਪਣੀ ਸੰਵੇਦਨਾ ਪ੍ਰਗਟ ਕੀਤੀ ਅਤੇ ਦਿੱਲੀ ਦੀ ਘਟਨਾ ਉੱਪਰ ਵੀ। ਦੋਵੇਂ ਜਗ੍ਹਾ ਸ਼ਾਸਨ-ਪ੍ਰਸ਼ਾਸਨ ਨੇ ਥੋੜ੍ਹੀ ਸਖ਼ਤੀ ਦਾ ਸਬੂਤ ਤਾਂ ਦਿੱਤਾ ਪਰ ਇਸ ਦੇ ਨਤੀਜੇ ਵਿਚ ਅਜਿਹਾ ਕੁਝ ਖ਼ਾਸ ਨਹੀਂ ਹੋਇਆ ਜੋ ਨਜ਼ੀਰ ਬਣ ਸਕੇ। ਰਾਜਕੋਟ 'ਚ ਗੇਮਿੰਗ ਜ਼ੋਨ ਚਲਾਉਣ ਵਾਲੇ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਦਿੱਲੀ ਵਿਚ ਬੇਬੀ ਕੇਅਰ ਸੈਂਟਰ ਚਲਾਉਣ ਵਾਲੇ ਡਾਕਟਰ ਨੂੰ। ਸਵਾਲ ਹੈ ਕਿ ਦੋਵੇਂ ਹੀ ਜਗ੍ਹਾ ਫਾਇਰ ਬ੍ਰਿਗੇਡ ਵਿਭਾਗ ਅਤੇ ਲੋਕਲ ਬਾਡੀਜ਼ ਮਹਿਕਮੇ ਦੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ?

ਜਿਵੇਂ ਗੁਜਰਾਤ ਸਰਕਾਰ ਤੋਂ ਕੋਈ ਇਹ ਨਹੀਂ ਪੁੱਛ ਰਿਹਾ ਕਿ ਨਗਰ ਨਿਗਮ ਅਤੇ ਫਾਇਰ ਬ੍ਰਿਗੇਡ ਵਿਭਾਗ ਦੇ ਕਿਸੇ ਅਧਿਕਾਰੀ-ਕਰਮਚਾਰੀ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ, ਤਿਵੇਂ ਹੀ ਦਿੱਲੀ ਸਰਕਾਰ ਤੋਂ ਕੋਈ ਇਹ ਸਵਾਲ ਨਹੀਂ ਕਰ ਰਿਹਾ ਕਿ ਫਾਇਰ ਬ੍ਰਿਗੇਡ ਵਿਭਾਗ, ਨਗਰ ਨਿਗਮ ਤੇ ਸਿਹਤ ਵਿਭਾਗ ਦੇ ਕਿਸੇ ਅਧਿਕਾਰੀ-ਕਰਮਚਾਰੀ ਦੀ ਗ੍ਰਿਫ਼ਤਾਰੀ ਦੀ ਜ਼ਰੂਰਤ ਕਿਉਂ ਨਹੀਂ ਸਮਝੀ ਗਈ? ਜਾਇਦੇ ਨਾਲ ਤਾਂ ਦੋਵਾਂ ਸ਼ਹਿਰਾਂ ਦੇ ਸਬੰਧਤ ਅਧਿਕਾਰੀਆਂ-ਕਰਮਚਾਰੀਆਂ ਵਿਰੁੱਧ ਗ਼ੈਰ-ਇਰਾਦਤਨ ਹੱਤਿਆ ਦਾ ਮੁਕੱਦਮਾ ਚੱਲਣਾ ਚਾਹੀਦਾ ਹੈ। ਰਾਜਕੋਟ ਤੇ ਦਿੱਲੀ ਦੇ ਮਾਮਲੇ ਇਕਲੌਤੇ ਅਜਿਹੇ ਕਾਂਡ ਨਹੀਂ ਜਿਨ੍ਹਾਂ ਵਿਚ ਸਰਕਾਰੀ ਤੰਤਰ ਨੂੰ ਜਵਾਬਦੇਹੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਇਸ ਤਰ੍ਹਾਂ ਦੇ ਮਾਮਲੇ ਅਕਸਰ ਵਾਪਰਦੇ ਹੀ ਰਹਿੰਦੇ ਹਨ ਅਤੇ ਉਨ੍ਹਾਂ ਵਿਚ ਵੱਡੀ ਗਿਣਤੀ ਵਿਚ ਲੋਕ ਜਾਨ ਗੁਆਉਂਦੇ ਹਨ ਜਾਂ ਜ਼ਖ਼ਮੀ ਹੁੰਦੇ ਹਨ ਪਰ ਰੈਗੂਲੇਟਰੀ ਤੰਤਰ ਦੇ ਉਨ੍ਹਾਂ ਲੋਕਾਂ ਨੂੰ ਕਦੇ ਵੀ ਕਟਹਿਰੇ ਵਿਚ ਨਹੀਂ ਖੜ੍ਹਾ ਕੀਤਾ ਜਾਂਦਾ ਜਿਨ੍ਹਾਂ ਦੀ ਅਣਦੇਖੀ ਤੇ ਲਾਪਰਵਾਹੀ ਕਾਰਨ ਜਾਨਲੇਵਾ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਇਸ ਦੀ ਮਿਸਾਲ ਹੈ ਮੁੰਬਈ ਵਿਚ ਇਕ ਵੱਡ ਆਕਾਰੀ ਹੋਰਡਿੰਗ ਡਿੱਗਣ ਕਾਰਨ ਕਈ ਲੋਕਾਂ ਦੀ ਮੌਤ।

ਇਹ ਵੱਡ ਆਕਾਰੀ ਹੋਰਡਿੰਗ ਗ਼ੈਰ-ਕਾਨੂੰਨੀ ਤੌਰ 'ਤੇ ਲਗਾਇਆ ਹੋਇਆ ਸੀ ਪਰ ਕਿਸੇ ਨੂੰ ਨਜ਼ਰ ਨਹੀਂ ਆ ਰਿਹਾ ਸੀ। ਜਦ ਇਹ ਡਿੱਗ ਗਿਆ ਅਤੇ ਉਸ ਵਿਚ ਕਈ ਲੋਕਾਂ ਦੀ ਜਾਨ ਚਲੀ ਗਈ ਤਾਂ ਸਰਕਾਰੀ ਤੰਤਰ ਨੇ ਉਸ ਤੋਂ ਆਪਣਾ ਪੱਲਾ ਝਾੜ ਲਿਆ। ਹੋਰਡਿੰਗ ਲਗਵਾਉਣ ਵਾਲਾ ਤਾਂ ਗ੍ਰਿਫ਼ਤਾਰ ਹੋ ਗਿਆ ਪਰ ਲੋਕਲ ਬਾਡੀਜ਼ ਦੇ ਕਿਸੇ ਅਧਿਕਾਰੀ-ਕਰਮਚਾਰੀ ਨੂੰ ਗ੍ਰਿਫ਼ਤਾਰ ਕਰਨ ਦੀ ਜ਼ਰੂਰਤ ਨਹੀਂ ਸਮਝੀ ਗਈ। ਕੋਈ ਨਹੀਂ ਜਾਣਦਾ ਕਿ ਕਿਉਂ?

# ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ ਵਿਚ ਕੀ ਚੱਲ ਰਿਹਾ ਹੈ?

(ਸਫਾ 10 ਦੀ ਬਾਕੀ)

ਵਾਂਗ ਹੀ ਫ਼ੌਜੀ ਦਖ਼ਲ ਦੇਣਾ ਪਵੇਗਾ।

ਹਾਲਾਂਕਿ ਇਸ ਇਲਾਕੇ ਦੇ ਪਹਾੜੀ ਭੂਗੋਲ ਕਾਰਨ ਇਹ ਲੰਬੇ ਛਾਪਾਮਾਰ ਸੰਘਰਸ਼ ਵਿਚ ਬਦਲ ਸਕਦਾ ਹੈ। ਨਾਲ ਹੀ ਇਸ ਜੰਗ ਵਿਚ ਚੀਨ ਵੱਲੋਂ ਵੀ ਮੋਰਚਾ ਖੋਲ੍ਹੇ ਜਾਣ ਦੇ ਸ਼ੱਕ ਨੂੰ ਨਕਾਰਿਆ ਨਹੀਂ ਜਾ ਸਕਦਾ। ਆਰਟੀਕਲ-370 ਹਟਾਏ ਜਾਣ ਤੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਸੰਵਿਧਾਨਕ ਦਰਜੇ ਵਿਚ ਤਬਦੀਲੀ ਨੇ ਹੀ ਚੀਨ ਦੀ ਫ਼ੌਜ ਨੂੰ ਪੂਰਬੀ ਲੱਦਾਖ ਵਿਚ ਲਿਆ ਖੜ੍ਹਾ ਕੀਤਾ ਹੈ।

ਜੇ ਭਾਰਤ ਮਕਬੂਜ਼ਾ ਜੰਮੂ-ਕਸ਼ਮੀਰ ਦੇ ਹਿੱਸਿਆਂ ਨੂੰ ਆਪਣੇ ਕੰਟਰੋਲ ਵਿਚ ਲੈ ਲੈਂਦਾ ਹੈ ਤਾਂ ਚੀਨ ਦਾ ਫ਼ੌਜੀ ਦਖ਼ਲ ਜ਼ਰੂਰ ਹੋਵੇਗਾ ਕਿਉਂਕਿ ਅਮਰੀਕਾ ਨਾਲ ਕਿਸੇ ਸੰਭਾਵੀ ਜੰਗ ਵਿਚ ਚੀਨ ਦੇ ਪੂਰਤੀ ਮਾਰਗ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦੇ ਇਨ੍ਹਾਂ ਹਿੱਸਿਆਂ 'ਚੋਂ ਹੋ ਕੇ ਜਾਂਦੇ ਹਨ ਤੇ ਉਹ ਉਨ੍ਹਾਂ ਵਿਚ ਅਰਬਾਂ ਡਾਲਰ ਨਿਵੇਸ਼ ਕਰ ਚੁੱਕਾ ਹੈ।

ਇਸ ਕਾਰਨ ਚੰਗਾ ਇਹ ਹੋਵੇਗਾ ਕਿ ਭਾਰਤ ਮੌਕਾ ਆਉਣ 'ਤੇ ਤੁਰੰਤ ਫ਼ੌਜੀ ਕਾਰਵਾਈ ਕਰ ਕੇ ਹਾਜੀ ਪੀਰ ਦੱਰੇ ਵਰਗੇ ਰਣਨੀਤਕ ਇਲਾਕਿਆਂ ਨੂੰ ਕਾਬੂ ਵਿਚ ਲਵੇ, ਜਿਨ੍ਹਾਂ ਰਾਹੀਂ ਪਾਕਿਸਤਾਨ ਭਾਰਤ ਵਿਚ ਅੱਤਵਾਦੀ ਘੁਸਪੈਠ ਕਰਵਾਉਂਦਾ ਹੈ। ਇਸ ਨਾਲ ਜੰਮੂ-ਕਸ਼ਮੀਰ ਵਿਚ ਅੱਤਵਾਦੀ ਘੁਸਪੈਠ ਲਗਪਗ ਬੰਦ ਹੋ ਜਾਵੇਗੀ ਤੇ ਭਵਿੱਖ ਦੇ ਕਿਸੇ ਵੱਡੇ ਫ਼ੌਜੀ ਸੰਘਰਸ਼ ਵਿਚ ਭਾਰਤ ਦੀ ਸਥਿਤੀ ਮਜ਼ਬੂਤ ਹੋਵੇਗੀ। ਨਾਲ ਹੀ, ਭਾਰਤ 'ਤੇ ਨਵੀਂ ਜਨਸੰਖਿਆ ਦਾ ਭਾਰ ਵੀ ਨਹੀਂ ਆਏਗਾ।

ਮੀਰਪੁਰ ਵਰਗੇ ਖੇਤਰਾਂ ਦੀ ਜਿਹਾਦੀ ਵਿਚਾਰਧਾਰਾ ਨਾਲ ਭਰੀ ਆਬਾਦੀ ਨੂੰ ਪਾਕਿਸਤਾਨ ਦੇ ਮਾੜੇ ਸ਼ਾਸਨ ਵਿਚ ਤਦ ਤੱਕ ਰਹਿਣ ਦਿੱਤਾ ਜਾਣਾ ਚਾਹੀਦਾ ਹੈ ਜਦ ਤੱਕ ਉਹ ਆਪਣੇ ਆਪ ਆਤਮ-ਮੰਥਨ ਕਰ ਕੇ ਇਸ ਜ਼ਹਿਰੀਲੀ ਵਿਚਾਰਧਾਰਾ ਨੂੰ ਨਕਾਰਦੇ ਹੋਏ ਨਾ ਦਿਖਾਈ ਦੇਣ।

ਹਾਂ, ਤਦ ਤੱਕ ਭਾਰਤ ਨੂੰ ਮਕਬੂਜ਼ਾ ਜੰਮੂ-ਕਸ਼ਮੀਰ ਵਿਚ ਹੋ ਰਹੀ ਮਨੁੱਖੀ ਹੱਕਾਂ ਦੀ ਉਲੰਘਣਾ 'ਤੇ ਜ਼ਰੂਰ ਆਵਾਜ਼ ਉਠਾਉਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਤਕਨੀਕੀ ਤੌਰ 'ਤੇ ਉਹ ਸਾਡੀ ਹੀ ਜ਼ਮੀਨ ਹੈ। ਇਸ ਲਈ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਇਸ ਖੇਤਰ ਦੀਆਂ ਖ਼ਾਲੀ ਪਈਆਂ ਸੀਟਾਂ 'ਚੋਂ ਕੁਝ 'ਤੇ ਵਿਧਾਇਕ ਵੀ ਨਾਮਜ਼ਦ ਕੀਤੇ ਜਾ ਸਕਦੇ ਹਨ ਜਿਨ੍ਹਾਂ ਨੇ ਪਾਕਿਸਤਾਨ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਭਾਰਤ ਤੋਂ ਸ਼ਰਨ ਮੰਗੀ ਹੋਵੇ। ਇਹ ਕਸ਼ਮੀਰ ਨੂੰ ਲੈ ਕੇ ਪਾਕਿਸਤਾਨ ਵੱਲੋਂ ਅੰਤਰਰਾਸ਼ਟਰੀ ਮੰਚਾਂ 'ਤੇ ਕੀਤੇ ਜਾਣ ਵਾਲੇ ਪ੍ਰਾਪੇਗੰਡਾ ਦੀ ਸਹੀ ਕਾਟ ਸਾਬਤ ਹੋਵੇਗਾ।



# NEW India SWEETS SPICES CHAT HOUSE

WHOLESALE PRICES



(559) 225-2824

Shaw & Feland, Next to FOODMAXX







3225 W SHAW AVE. # 103 FRESNO CA 93711



# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager

tennysonauto1@gmail.com

510-330-7112, 510-757-6775

691 W. Tennyson Rd Hayward, CA 94544



VETERINARIAN UNITED PET HOSPITAL

# United Pet Hospital

Dr. Mandeep Bhullar DVM

510-363-9980

1641 Industrial Pkwy W. Hayward, CA. 94544



unitepets@gmail.com Fax : 510-397-0142






# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

Under New Management

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111



# CALIFORNIA

CISI

IMMIGRATION SERVICES INC.

Your Registered & Bonded 'Immigration-Consultants'



## ROSY (Kanwal) KAUR

Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



MOON indian cuisine

# Moon Indian Cuisine

510-780-9233



ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170

www.moonindiancuisine.net



# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day


DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# ਭਗਤ ਪੂਰਨ ਸਿੰਘ ਨੂੰ ਚੇਤੇ ਕਰਦਿਆਂ....



Bhagat Puran Singh 1902 - 1992

ਭਗਤ ਪੂਰਨ ਸਿੰਘ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਤੋਂ ਤ੍ਰਿਸਕਾਰੇ, ਦੀਨ-ਦੁਖੀਆਂ, ਅਪਾਹਜਾਂ, ਮੰਦਬੁੱਧੀ, ਲਾਵਾਰਸਾਂ ਦੀ ਨਿਸ਼ਕਾਮ ਸੇਵਾ ਲਈ ਅਰਪਣ ਕਰ ਦਿੱਤੀ। ਉਹ ਦੀਨ-ਦੁਖੀਆਂ ਦੀ ਸੇਵਾ ਕਰਨ ਦੇ ਨਾਲ-ਨਾਲ ਲੋਕਾਂ ਵਿਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਵੀ ਨਿਰੰਤਰ ਆਪਣੀਆਂ ਲਿਖਤਾਂ ਰਾਹੀਂ ਯਤਨ ਕਰਦੇ ਰਹਿੰਦੇ ਸਨ। ਉਹ ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਵਾਤਾਵਰਨ ਸਬੰਧੀ ਲਿਖਤਾਂ ਨੂੰ ਪੰਜਾਬੀ ਵਿਚ ਤਰਜਮਾ ਕਰਵਾ ਕੇ ਲੋਕਾਂ ਵਿਚ ਮੁਫ਼ਤ ਵੰਡਦੇ ਰਹਿੰਦੇ ਸਨ। 'ਪਿੰਗਲਵਾੜੇ' ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ ਇਕ ਹਿੰਦੂ ਪਰਿਵਾਰ ਵਿਚ ਪਿਤਾ ਸ਼ਿੱਬੂ ਮੱਲ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖੋਂ 4 ਜੂਨ 1904 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੇਵਾਲ ਰੋਹਣੋਂ ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਸ਼ਾਹੂਕਾਰੇ ਦਾ ਕੰਮ ਕਰਦੇ ਸਨ। ਭਗਤ ਜੀ ਦੇ ਬਚਪਨ ਦਾ ਨਾਮ 'ਰਾਮਜੀ ਦਾਸ' ਸੀ।

ਉਨ੍ਹਾਂ ਨੂੰ ਮਨੁੱਖੀ ਸੇਵਾ-ਭਾਵ ਦੇ ਸੰਸਕਾਰ ਆਪਣੀ ਮਾਤਾ ਜੀ ਕੋਲੋਂ ਮਿਲੇ ਸਨ। ਉਹ ਆਪ ਜੀ ਨੂੰ ਸਾਖੀਆਂ ਸੁਣਾਉਂਦੇ ਰਹਿੰਦੇ ਸਨ ਤੇ ਘਰ ਆਏ ਹਰ ਲੋੜਵੰਦ ਨੂੰ ਦਾਨ-ਪੁੰਨ ਭਗਤ ਜੀ ਦੇ ਹੀ ਹੱਥੋਂ ਕਰਵਾਉਂਦੇ ਸਨ। ਇਸ ਤਰ੍ਹਾਂ ਭਗਤ ਜੀ ਨੂੰ ਬਚਪਨ ਤੋਂ ਹੀ ਸੇਵਾ-ਭਾਵ ਦੀ ਲਗਨ ਲੱਗ ਚੁੱਕੀ ਸੀ ਜੋ ਅਗਾਂਹ ਚੱਲ ਕੇ 'ਪਿੰਗਲਵਾੜੇ' ਦੇ ਰੂਪ ਵਿਚ ਪੂਰੇ ਸੰਸਾਰ ਸਾਹਮਣੇ ਪ੍ਰਗਟ ਹੋਈ। ਸੰਨ 1905 'ਚ ਜਦੋਂ ਪੰਜਾਬ ਵਿਚ ਪਲੇਗ ਫੈਲ ਗਈ ਤਾਂ ਭਗਤ ਜੀ ਦੇ ਮਾਤਾ-ਪਿਤਾ ਬਿਮਾਰਾਂ ਦੀ ਸੇਵਾ ਵਿਚ ਜੁਟ ਗਏ। ਫਿਰ ਜਦੋਂ ਪਿਤਾ ਜੀ ਦੁਆਰਾ ਲੋੜਵੰਦਾਂ ਨੂੰ ਦਿੱਤੇ ਹੋਏ ਕਰਜ਼ੇ ਦੇ ਰੂਪ ਵਿਚ ਪੈਸੇ ਵਾਪਸ ਨਾ ਮੁੜੇ ਤਾਂ ਉਨ੍ਹਾਂ ਦਾ ਸ਼ਾਹੂਕਾਰੇ ਦਾ ਕੰਮ ਖ਼ਤਮ ਹੋ ਗਿਆ ਤੇ ਘਰ ਵਿਚ ਗ਼ਰੀਬੀ ਆ ਗਈ।

ਉਨ੍ਹਾਂ ਦੀ ਮਾਤਾ ਨੇ ਮਿੰਟਗੁਮਰੀ ਵਿਖੇ ਨੌਕਰੀ ਕਰ ਕੇ ਆਪ ਨੂੰ ਹਾਈ ਸਕੂਲ ਖੰਨੇ ਦੇ ਹੋਸਟਲ ਵਿਚ ਦਾਖ਼ਲ ਕਰਵਾ ਦਿੱਤਾ। ਸੰਨ 1923 'ਚ ਉਹ ਮੈਟ੍ਰਿਕ ਦਾ ਇਮਤਿਹਾਨ ਦੇਣ ਲੁਧਿਆਣੇ ਗਏ। ਵਾਪਸ ਆਉਣ ਸਮੇਂ ਰਾਮਜੀ ਦਾਸ ਗੁਰਦੁਆਰਾ ਰੇਰੂ ਸਾਹਿਬ ਪਹੁੰਚ ਗਏ ਜਿੱਥੇ ਆਪ ਲੰਗਰ ਘਰ ਵਿਚ ਸੇਵਾਦਾਰਾਂ ਦੀ ਸੇਵਾ ਅਤੇ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਏ। ਸ਼ਾਮ ਨੂੰ ਉਨ੍ਹਾਂ ਨੇ ਕੀਰਤਨ ਸਰਵਣ ਕੀਤਾ। ਸੋ, ਗੁਰਦੁਆਰਾ ਰੇਰੂ ਸਾਹਿਬ ਵਿਖੇ ਬਿਤਾਏ ਇਕ ਦਿਨ ਨੇ ਰਾਮਜੀ ਦਾਸ ਦੇ ਜੀਵਨ 'ਚ ਬਦਲਾਅ ਲਿਆ ਦਿੱਤਾ।

ਸਿੱਖੀ ਸਰੂਪ ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੇ ਵੀ ਆਪ ਨੂੰ ਸਿੱਖ ਧਰਮ ਵੱਲ ਪ੍ਰੇਰਿਤ ਕੀਤਾ। ਭਗਤ ਪੂਰਨ ਸਿੰਘ ਦਾ ਦੀਨ-ਦੁਖੀਆਂ ਦੀ ਸੇਵਾ ਕਰਨ ਦਾ ਸਫ਼ਰ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਤੋਂ ਆਰੰਭ ਹੋਇਆ। ਹੋਇਆ ਇੰਜ ਕਿ 1934 'ਚ ਚਾਰ ਕੁ ਸਾਲ ਦੇ ਅਪੰਗ ਲੂਲ੍ਹੇ-ਲੰਗੜੇ ਬੱਚੇ ਨੂੰ ਕੋਈ ਰਾਤ ਸਮੇਂ ਗੁਰਦੁਆਰਾ ਸਾਹਿਬ 'ਚ ਹੀ ਛੱਡ ਗਿਆ ਸੀ। ਗ੍ਰੰਥੀ ਸਿੰਘ ਨੇ ਆਪ ਜੀ ਦੀ ਨਿਸ਼ਕਾਮ ਸੇਵਾ ਭਾਵਨਾ ਨੂੰ ਦੇਖਦੇ ਹੋਏ ਉਸ ਬੱਚੇ ਦੀ ਦੇਖ-ਰੇਖ ਦੀ ਸੇਵਾ ਆਪ ਜੀ ਨੂੰ ਦੇ ਦਿੱਤੀ। ਭਗਤ ਜੀ ਨੇ ਖਿੜੇ-ਮੱਥੇ ਇਹ ਸੇਵਾ ਪ੍ਰਵਾਨ ਕਰ ਲਈ ਅਤੇ ਬੱਚੇ ਦਾ ਨਾਮ 'ਪਿਆਰਾ ਸਿੰਘ' ਰੱਖਿਆ।

ਇਸ ਤਰ੍ਹਾਂ ਭਗਤ ਜੀ ਦੇ ਇਸ ਮਾਨਵਤਾ ਦੀ ਭਲਾਈ ਵਾਲੇ ਪਰਉਪਕਾਰੀ ਸਫ਼ਰ ਦੀ ਸ਼ੁਰੂਆਤ ਹੋਈ। ਇਸ ਅਸਥਾਨ 'ਤੇ ਹੀ ਆਪ ਜੀ ਦਾ ਨਾਮ 'ਪੂਰਨ ਸਿੰਘ' ਰੱਖਿਆ ਗਿਆ ਤੇ ਅਗਾਂਹ ਚੱਲ ਕੇ 'ਪੰਥ ਦੇ ਦਿਮਾਗ' ਗਿਆਨੀ ਕਰਤਾਰ ਸਿੰਘ ਨੇ ਆਪ ਦੇ ਨਾਮ ਅੱਗੇ 'ਭਗਤ' ਜੋੜ ਦਿੱਤਾ। ਭਗਤ ਜੀ ਅਗਲੇ 14 ਸਾਲਾਂ ਤੱਕ ਜਿੱਥੇ ਵੀ ਗਏ ਉਸ ਬੱਚੇ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਨਾਲ ਹੀ ਲੈ ਕੇ ਗਏ। ਉਹ ਕਹਿੰਦੇ ਸਨ ਕਿ ਜੇ ਮੈਨੂੰ ਪਿਆਰਾ ਨਾ ਮਿਲਦਾ ਤਾਂ ਪਿੰਗਲਵਾੜਾ ਹੋਂਦ ਵਿਚ ਨਹੀਂ ਆ ਸਕਦਾ ਸੀ ਅਤੇ ਮੈਂ ਇਸ ਹੱਦ ਤੱਕ ਲੋਕਾਂ ਦੀ ਸੇਵਾ ਨਹੀਂ ਕਰ ਸਕਦਾ ਸੀ। ਸੰਨ 1947 'ਚ ਦੇਸ਼ ਦੀ ਵੰਡ ਸਮੇਂ ਭਗਤ ਪੂਰਨ ਸਿੰਘ ਲਾਹੌਰ ਤੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫਿਊਜੀ ਕੈਂਪ 'ਚ ਪਹੁੰਚੇ।

ਇੱਥੇ ਵੀ ਉਹ ਰੋਗੀਆਂ, ਅਪਾਹਜਾਂ ਤੇ ਬਜ਼ੁਰਗਾਂ ਦੀ ਸੇਵਾ ਵਿਚ ਜੁਟ ਗਏ। ਕੈਂਪ ਖ਼ਤਮ ਹੋਣ ਮਗਰੋਂ ਆਪ ਜੀ ਆਪਣੇ ਮਰੀਜ਼ਾਂ ਦੀ ਸਾਂਭ-ਸੰਭਾਲ ਲਈ ਘਰ-ਘਰ ਜਾ ਕੇ ਉਗਰਾਹੀ ਕਰਦੇ ਤੇ ਕੋਈ ਪੱਕਾ ਟਿਕਾਣਾ ਨਾ ਹੋਣ ਕਾਰਨ ਆਪ ਜੀ ਨੂੰ ਜਿੱਥੇ ਕਿਤੇ ਵੀ ਖ਼ਾਲੀ ਸਥਾਨ ਮਿਲਦਾ, ਉੱਥੇ ਹੀ ਮਰੀਜ਼ਾਂ ਸਮੇਤ ਟਿਕਾਣਾ ਬਣਾ ਲੈਂਦੇ। ਭਗਤ ਜੀ ਕੋਲ ਬੇਸਹਾਰਾ, ਅਪਾਹਜਾਂ ਤੇ ਯਤੀਮਾਂ ਦੀ ਗਿਣਤੀ ਵਧਣ ਕਾਰਨ ਸਥਾਈ ਟਿਕਾਣੇ ਦੀ ਲੋੜ ਮਹਿਸੂਸ ਹੋ ਰਹੀ ਸੀ।

ਫਿਰ ਇਕ ਲੰਬੇ ਸੰਘਰਸ਼ ਤੋਂ ਬਾਅਦ 1957 'ਚ ਅਧਿਕਾਰਤ ਤੌਰ 'ਤੇ ਪਿੰਗਲਵਾੜਾ ਹੋਂਦ ਵਿਚ ਆਇਆ। ਭਗਤ ਜੀ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਉੱਤੇ ਅਮਲ ਕਰਦਿਆਂ ਜਾਤ-ਪਾਤ, ਰੰਗ-ਰੂਪ, ਧਰਮ-ਨਸਲ ਤੋਂ ਉੱਪਰ ਉੱਠ ਕੇ ਅੰਗਹੀਣਾਂ ਅਤੇ ਨਿਥਾਵਿਆਂ ਦੀ ਸੇਵਾ ਕੀਤੀ। ਅੰਤ 5 ਅਗਸਤ 1992 ਨੂੰ ਲੰਬੀ ਬਿਮਾਰੀ ਕਾਰਨ ਉਹ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਰੁਖ਼ਸਤ ਹੋ ਗਏ।

ਆਪ ਜੀ ਨੂੰ ਆਪਣੀਆਂ ਮਨੁੱਖਤਾ ਦੇ ਭਲੇ ਲਈ ਨਿਭਾਈਆਂ ਸੇਵਾਵਾਂ ਲਈ ਅਨੇਕਾਂ ਮਾਣ-ਸਨਮਾਨ ਮਿਲੇ ਜਿਨ੍ਹਾਂ 'ਚ ਪਦਮਸ਼੍ਰੀ, ਲੋਕ ਰਤਨ ਪੁਰਸਕਾਰ, ਹਾਰਮਨੀ ਐਵਾਰਡ, ਭਾਈ ਘਨ੍ਹੱਈਆ ਜੀ ਪੁਰਸਕਾਰ ਆਦਿ ਸ਼ਾਮਲ ਹਨ। ਭਗਤ ਪੂਰਨ ਸਿੰਘ ਨੇ ਪਦਮਸ਼੍ਰੀ ਦੀ ਉਪਾਧੀ ਜੂਨ 1984 ਵਿਚ ਹੋਏ 'ਸਾਕਾ ਨੀਲਾ ਤਾਰਾ' ਦੇ ਰੋਸ ਵਜੋਂ ਵਾਪਸ ਕਰ ਦਿੱਤੀ ਸੀ। ਭਾਰਤ ਸਰਕਾਰ ਵੱਲੋਂ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਮੌਕੇ 2004 'ਚ ਉਨ੍ਹਾਂ ਬਾਰੇ ਇਕ ਡਾਕ ਟਿਕਟ ਜਾਰੀ ਕੀਤੀ ਗਈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਆਪ ਜੀ ਦੇ ਨਾਮ 'ਤੇ ਚੇਅਰ ਸਥਾਪਤ ਕੀਤੀ ਗਈ ਹੈ।

ਪਿੰਗਲਵਾੜਾ ਵਿਖੇ ਸਥਾਪਤ ਕੀਤਾ ਗਿਆ ਅਜਾਇਬਘਰ ਭਗਤ ਪੂਰਨ ਸਿੰਘ ਦੁਆਰਾ ਮਨੁੱਖਤਾ ਲਈ ਕੀਤੀਆਂ ਘਾਲਣਾਵਾਂ ਨੂੰ ਰੂਪਮਾਨ ਕਰਦਾ ਹੈ। ਭਗਤ ਜੀ ਕਿਹਾ ਕਰਦੇ ਸਨ ਕਿ ਜੇ ਮਨੁੱਖ ਨੇ ਕੁਦਰਤ ਨਾਲ ਖਿਲਵਾੜ ਬੰਦ ਨਾ ਕੀਤਾ ਤਾਂ ਬਹੁਤ ਹੀ ਖ਼ਤਰਨਾਕ ਨਤੀਜੇ ਭੁਗਤਣੇ ਪੈਣਗੇ।

# ਨਾਗਰਿਕਾਂ ਦੇ ਫ਼ਰਜ਼ਾਂ 'ਚ ਸ਼ਾਮਲ ਹੋਵੇ ਵੋਟ ਪਾਉਣ ਦੀ ਜ਼ਿੰਮੇਵਾਰੀ

ਪ੍ਰੋ. ਰਸਾਲ ਸਿੰਘ

ਆਮ ਚੋਣਾਂ ਦੇ ਸ਼ੁਰੂਆਤੀ ਦੋ ਗੇੜਾਂ ਵਿਚ ਹੋਏ ਘੱਟ ਮਤਦਾਨ ਨੇ ਲਾਜ਼ਮੀ ਮਤਦਾਨ ਸਬੰਧੀ ਪ੍ਰਸਤਾਵ 'ਤੇ ਬਹਿਸ ਨੂੰ ਹਵਾ ਦਿੱਤੀ। ਹਾਲਾਂਕਿ ਚੋਣ ਕਮਿਸ਼ਨ ਵੱਲੋਂ ਥੋੜ੍ਹੀ ਦੇਰੀ ਨਾਲ ਜਾਰੀ ਕੀਤੇ ਗਏ ਆਖ਼ਰੀ ਅੰਕੜਿਆਂ ਨੇ ਘਟਦੇ ਮਤਦਾਨ ਦੀ ਚਿੰਤਾ ਨੂੰ ਕੁਝ ਘੱਟ ਕੀਤਾ। ਇਸ ਤੋਂ ਬਾਅਦ ਮਤਦਾਨ ਦੇ ਅੰਕੜਿਆਂ ਵਿਚ ਪਿਛਲੀਆਂ ਚੋਣਾਂ ਦੀ ਤੁਲਨਾ ਵਿਚ ਬਹੁਤ ਵੱਧ ਫ਼ਰਕ ਨਹੀਂ ਦਿਸਿਆ। ਸ਼ੁਰੂਆਤੀ ਦੋ ਗੇੜਾਂ ਤੋਂ ਬਾਅਦ ਮਤਦਾਨ ਫ਼ੀਸਦੀ ਵਧਾਉਣ ਵਿਚ ਚੋਣ ਕਮਿਸ਼ਨ ਵੱਲੋਂ ਚਲਾਈ ਗਈ ਜਾਗਰੂਕਤਾ ਮੁਹਿੰਮ, ਪ੍ਰਧਾਨ ਮੰਤਰੀ ਵੱਲੋਂ ਵਾਰ-ਵਾਰ ਕੀਤੀ ਗਈ ਅਪੀਲ ਤੇ ਵੱਖ-ਵੱਖ ਸੰਗਠਨਾਂ ਤੇ ਸਮਾਜ ਦੇ ਪ੍ਰਬੁੱਧ ਵਰਗ ਵੱਲੋਂ ਸ਼ੁਰੂ ਕੀਤੇ ਗਏ ਜਨ ਜਾਗਰਣ ਦੀ ਅਹਿਮ ਭੂਮਿਕਾ ਰਹੀ। ਇਸ ਦੇ ਬਾਵਜੂਦ ਕੁੱਲ ਮਤਦਾਨ ਫ਼ੀਸਦੀ ਉਤਸ਼ਾਹਜਨਕ ਨਹੀਂ ਹੈ। ਚੰਗਾ ਮਤਦਾਨ ਲੋਕਤੰਤਰ ਦੀ ਮਜ਼ਬੂਤੀ ਤੇ ਗਤੀਸ਼ੀਲਤਾ ਦੀ ਮੁੱਢਲੀ ਸ਼ਰਤ ਹੈ। ਭਾਰਤੀ ਲੋਕਤੰਤਰ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਕਾਫ਼ੀ ਕੋਸ਼ਿਸ਼ ਕਰਨੀ ਪਵੇਗੀ।

ਮਤਦਾਨ ਨੂੰ ਵਧਾਉਣ ਲਈ ਕੁਝ 'ਥਿੰਕ ਟੈਂਕ' ਪੱਛਮੀ ਦੇਸ਼ਾਂ ਦੀ ਮਿਸਾਲ ਦਿੰਦੇ ਹੋਏ ਮਤਦਾਨ ਨੂੰ ਲਾਜ਼ਮੀ ਬਣਾਉਣ ਦਾ ਸੁਝਾਅ ਦਿੰਦੇ ਹਨ ਪਰ ਮਤਦਾਨ ਨੂੰ ਲਾਜ਼ਮੀ ਕਰਨਾ ਲੋਕਤੰਤਰ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ। ਇਹ ਕਦਮ ਸੰਵਿਧਾਨ ਵੱਲੋਂ ਦਿੱਤੇ 'ਆਜ਼ਾਦੀ ਦੇ ਮੌਲਿਕ ਅਧਿਕਾਰ' ਵਿਚ ਸੰਨ੍ਹਮਾਰੀ ਹੋਵੇਗਾ। ਇਸ ਨੂੰ ਨਾਗਰਿਕ ਫ਼ਰਜ਼ਾਂ ਵਿਚ ਜ਼ਰੂਰ ਸ਼ਾਮਲ ਕੀਤਾ ਜਾ ਸਕਦਾ ਹੈ। ਮਤਦਾਨ ਫ਼ੀਸਦੀ ਵਧਾਉਣ ਸਬੰਧੀ ਟੀਚੇ ਦੀ ਪ੍ਰਾਪਤੀ ਲਈ ਮਤਦਾਨ ਨੂੰ ਲਾਜ਼ਮੀ ਬਣਾਉਣ ਦੀ ਥਾਂ ਘੱਟ ਮਤਦਾਨ ਦੇ ਕਾਰਨਾਂ ਦਾ ਪਤਾ ਕਰਨ ਅਤੇ ਉਨ੍ਹਾਂ ਦਾ ਵਿਵਹਾਰਕ ਹੱਲ ਕਰਨਾ ਕਿਤੇ ਵੱਧ ਠੀਕ ਹੋਵੇਗਾ।

ਉਮੀਦ ਮੁਤਾਬਕ ਮਤਦਾਨ ਨਾ ਹੋਣ ਦੇ ਕਾਰਨਾਂ ਦੀ ਪੜਤਾਲ ਕੀਤੀ ਜਾਵੇ ਤਾਂ ਰੁਜ਼ਗਾਰ ਦੇ ਚੱਲਦੇ ਆਪਣੇ ਪਿੰਡ-ਸ਼ਹਿਰ ਤੋਂ ਦੂਰ ਕਿਸੇ ਹੋਰ ਸਥਾਨ 'ਤੇ ਅਸਥਾਈ ਤੌਰ 'ਤੇ ਰਹਿਣ ਵਾਲਿਆਂ ਦੀ ਗਿਣਤੀ ਭਾਰਤ ਵਿਚ ਬਹੁਤ ਜ਼ਿਆਦਾ ਹੈ। ਮਤਦਾਨ ਲਈ ਉਨ੍ਹਾਂ ਦਾ ਆਪਣੇ ਪਿੰਡ ਜਾਂ ਘਰ ਆਉਣਾ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਦੀ ਗ਼ੈਰ-ਮੌਜੂਦਗੀ ਮਤਦਾਨ ਫ਼ੀਸਦੀ ਨੂੰ ਪ੍ਰਭਾਵਿਤ ਕਰਦੀ ਹੈ। ਉਦਾਰੀਕਰਨ ਤੋਂ ਬਾਅਦ ਇਹ ਪ੍ਰਕਿਰਿਆ ਬਹੁਤ ਵਧੀ ਹੈ। ਫ਼ੌਜ ਤੇ ਨੀਮ ਫ਼ੌਜੀ ਬਲਾਂ 'ਚ ਕੰਮ ਕਰ ਰਹੇ ਲੱਖਾਂ ਭਾਰਤੀਆਂ ਨੂੰ ਆਪਣੀ ਕੰਮ ਵਾਲੀ ਥਾਂ ਤੋਂ ਹੀ ਮਤਦਾਨ ਦੀ ਸਹੂਲਤ ਮਿਲੀ ਹੋਈ ਹੈ।

ਅਜਿਹੇ ਵਿਚ ਇਹ ਸਹੂਲਤ ਸਾਰੇ ਪਰਵਾਸੀ ਵੋਟਰਾਂ ਨੂੰ ਦਿੱਤੇ ਜਾਣ ਦੇ ਬਦਲ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਸਾਹਮਣੇ ਨਾ ਸਿਰਫ਼ ਕਿਰਾਏ ਦੀ ਬਲਕਿ ਕੰਮ ਵਾਲੀ ਥਾਂ ਤੋਂ ਛੁੱਟੀ ਲੈਣ ਦੀ ਚੁਣੌਤੀ ਵੀ ਹੁੰਦੀ ਹੈ। ਦੇਸ਼ ਵਿਚ ਕਾਫ਼ੀ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਵੀ ਹੈ ਜੋ ਮਤਦਾਨ ਦੇ ਮਹੱਤਵ ਤੋਂ ਜਾਣੂ ਨਹੀਂ ਹਨ। ਉਹ ਮੰਨਦੇ ਹਨ ਕਿ ਉਨ੍ਹਾਂ ਦੇ ਮਤਦਾਨ ਕਰਨ ਜਾਂ ਨਾ ਕਰਨ ਨਾਲ ਕੋਈ ਫ਼ਰਕ ਨਹੀਂ ਪੈਣ ਵਾਲਾ। ਅਜਿਹੇ ਲੋਕਾਂ ਦੀ ਗਿਣਤੀ ਵੀ ਕਾਫ਼ੀ ਵੱਧ ਹੈ ਜੋ ਸ਼ੱਕੀ ਜਾਂ ਸਥਿਤੀ ਨੂੰ ਜਿਵੇਂ ਹੈ ਉਵੇਂ ਹੀ ਕਾਇਮ ਰੱਖਣ ਦੀ ਧਾਰਨਾ ਵਾਲੇ ਹੋ ਗਏ ਹਨ। ਅਜਿਹੇ ਨਾਗਰਿਕਾਂ ਨੂੰ ਵਿਵਸਥਾ ਤਬਦੀਲੀ ਤੋਂ ਕੋਈ ਉਮੀਦ ਨਜ਼ਰ ਨਹੀਂ ਆਉਂਦੀ ਜਾਂ ਫਿਰ ਉਨ੍ਹਾਂ ਦੇ ਹਿਸਾਬ ਨਾਲ ਜੋ ਚੱਲ ਰਿਹਾ ਹੈ, ਅਜਿਹਾ ਹੀ ਠੀਕ ਹੈ। ਅਜਿਹੀ ਭਾਵਨਾ ਨੇ ਉਨ੍ਹਾਂ ਵਿਚ ਮਤਦਾਨ ਪ੍ਰਤੀ



ਦਿਲਚਸਪੀ ਖ਼ਤਮ ਕਰ ਦਿੱਤੀ ਹੈ। ਇਹ ਨਜ਼ਰੀਆ ਨਕਾਰਾਤਮਕ ਹੈ ਕਿਉਂਕਿ ਸਾਰੀਆਂ ਪਾਰਟੀਆਂ ਤੇ ਆਗੂਆਂ ਨੂੰ ਇੱਕੋ ਜਿਹਾ ਨਹੀਂ ਮੰਨਿਆ ਜਾ ਸਕਦਾ। ਫਿਰ ਵੀ ਇਸ ਦਾ ਦਾਰੋਮਦਾਰ ਆਗੂਆਂ ਤੇ ਸਿਆਸੀ ਪਾਰਟੀਆਂ 'ਤੇ ਹੀ ਹੈ ਕਿ ਆਖ਼ਰ ਅਜਿਹੀ ਧਾਰਨਾ ਬਣਦੀ ਹੀ ਕਿਉਂ ਹੈ। ਇਸ ਲਈ ਉਨ੍ਹਾਂ ਨੂੰ ਆਤਮ-ਮੰਥਨ ਕਰਨਾ ਚਾਹੀਦਾ ਹੈ।

ਲੋਕਤੰਤਰ ਅੱਜ ਅਪਰਾਧੀਆਂ, ਭ੍ਰਿਸ਼ਟਾਚਾਰੀਆਂ ਅਤੇ ਪੈਸੇ ਦੇ ਸ਼ਿਕੰਜੇ ਵਿਚ ਫਸਦਾ ਜਾ ਰਿਹਾ ਹੈ। ਉਮੀਦਵਾਰਾਂ ਦੀ ਚੋਣ ਲਈ ਪਾਰਟੀਆਂ ਸਿਰਫ਼ 'ਜਿਤਾਊ ਸਮਰੱਥਾ' ਨੂੰ ਪੈਮਾਨਾ ਮੰਨਦੀਆਂ ਹਨ। ਉਮੀਦਵਾਰ ਦੀ ਯੋਗਤਾ, ਵਿਵਹਾਰ, ਸਮਾਜਿਕ-ਸਿਆਸੀ ਪ੍ਰਤੀਬੱਧਤਾ ਦਾ ਕੋਈ ਖ਼ਾਸ ਮੁੱਲ ਜਾਂ ਮਹੱਤਵ ਨਹੀਂ ਰਹਿ ਗਿਆ। ਸਿਆਸੀ ਚਰਚਾ ਅਤੇ ਚੋਣ ਪ੍ਰਚਾਰ ਵਿਚ ਵਰਤੀ ਜਾਣ ਵਾਲੀ ਭਾਸ਼ਾ ਅਤੇ ਭਾਵਨਾ ਦਾ ਵੀ ਨੁਕਸਾਨ ਹੁੰਦਾ ਜਾ ਰਿਹਾ ਹੈ। ਇਕ-ਦੂਜੇ 'ਤੇ ਨਿੱਜੀ ਹਮਲੇ ਅਤੇ ਹਵਾ-ਹਵਾਈ ਵਾਲੇ ਐਲਾਨ ਵੀ ਵੋਟਰਾਂ ਨੂੰ ਚੋਣਾਂ ਪ੍ਰਤੀ ਉਦਾਸੀਨ ਬਣਾ ਦਿੰਦੇ ਹਨ। ਇਸ ਲਈ ਸਾਰੀਆਂ ਸਿਆਸੀ ਪਾਰਟੀਆਂ ਨੂੰ ਚੋਣ ਵਿਚਾਰ-ਚਰਚਾ ਦੇ ਨਾਲ-ਨਾਲ ਆਪਣੀ ਭਾਸ਼ਾ ਅਤੇ ਭਾਵਨਾ ਦੀ 'ਲਛਮਣ-ਰੇਖਾ' ਤੈਅ ਕਰਨੀ ਚਾਹੀਦੀ ਹੈ।

ਮੌਸਮ ਦੀ ਮਾਰ ਨਾਲ ਵੀ ਮਤਦਾਨ ਪ੍ਰਭਾਵਿਤ ਹੁੰਦਾ ਹੈ। ਗਰਮੀਆਂ ਦੇ ਮਹੀਨਿਆਂ ਦੀ ਤੇਜ਼ ਧੁੱਪ ਤੇ ਚੜ੍ਹਦੇ ਪਾਰੇ ਦੇ ਕਹਿਰ ਨੇ ਵੀ ਮਤਦਾਨ ਨੂੰ ਪ੍ਰਭਾਵਿਤ ਕੀਤਾ ਹੈ। ਇਹ ਵੀ ਸਹੀ ਹੈ ਕਿ ਦੇਸ਼ ਵਿਚ ਪਹਿਲੀ ਵਾਰ ਇਸ ਮੌਸਮ ਵਿਚ ਚੋਣਾਂ ਨਹੀਂ ਹੋ ਰਹੀਆਂ। ਫਿਰ ਵੀ ਇਸ ਦਾ ਅਸਰ ਤਾਂ ਪੈਂਦਾ ਹੀ ਹੈ। ਇਸ ਕਾਰਨ ਚੋਣ ਲਈ ਇਕ ਠੀਕ ਮੌਸਮ ਦੀ ਪਛਾਣ ਕਰਨੀ ਪਵੇਗੀ ਪਰ ਭਾਰਤ ਦੀਆਂ ਵੱਖ-ਵੱਖ ਥਾਵਾਂ ਦੇ ਮੌਸਮ ਨੂੰ ਦੇਖਦੇ ਹੋਏ ਇਹ ਆਪਣੇ-ਆਪ ਵਿਚ ਇਕ ਵੱਡੀ ਚੁਣੌਤੀ ਹੈ। ਫਿਰ ਵੀ ਦੀਵਾਲੀ ਦੇ ਆਲੇ-ਦੁਆਲੇ ਦਾ ਸਮਾਂ ਜ਼ਿਆਦਾਤਰ ਭਾਰਤੀਆਂ ਲਈ ਢੁੱਕਵਾਂ ਹੋਵੇਗਾ। ਵੱਡਾ ਤਿਉਹਾਰ ਹੋਣ ਕਾਰਨ ਇਸ ਮੌਕੇ ਪਰਵਾਸੀ ਆਮ ਤੌਰ 'ਤੇ ਆਪਣੇ ਘਰ ਜਾਂ ਪਿੰਡ ਆਉਂਦੇ ਹਨ। ਘੱਟ ਗੇੜਾਂ ਵਿਚ ਮਤਦਾਨ ਕਰਵਾਉਂਦੇ ਹੋਏ ਇਕ ਵੱਡਾ ਗੇੜ ਦੀਵਾਲੀ ਤੋਂ ਠੀਕ ਪਹਿਲਾਂ ਤੇ ਦੂਜਾ ਵੱਡਾ ਗੇੜ ਦੀਵਾਲੀ ਤੋਂ ਠੀਕ ਬਾਅਦ ਕਰਵਾਉਣ ਨਾਲ ਮਤਦਾਨ ਵਿਚ ਵਾਧਾ ਹੋ ਸਕਦਾ ਹੈ।

ਇਸ ਤੋਂ ਇਲਾਵਾ ਸਰਕਾਰਾਂ, ਗ਼ੈਰ-ਸਰਕਾਰੀ ਸੰਗਠਨਾਂ, ਵਪਾਰਕ ਅਦਾਰਿਆਂ, ਕਾਰਖਾਨਿਆਂ ਆਦਿ ਵੱਲੋਂ ਮਤਦਾਨ ਕਰਨ ਵਾਲੇ ਜਾਗਰੂਕ ਨਾਗਰਿਕਾਂ ਨੂੰ ਵੱਖ-ਵੱਖ ਲਾਭ, ਛੋਟਾਂ ਤੇ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਯਕੀਨੀ ਤੌਰ 'ਤੇ ਇਹ ਯੋਜਨਾਵਾਂ ਨਾਗਰਿਕਾਂ ਨੂੰ ਮਤਦਾਨ ਲਈ ਉਤਸ਼ਾਹਤ ਕਰਨਗੀਆਂ।

ਵੱਡੇ ਪੱਧਰ 'ਤੇ ਸਮਾਜਿਕ ਅਸਰ ਵਾਲੇ ਸੈਲੇਬ੍ਰਿਟੀਜ਼, ਇੰਟਰਨੈੱਟ ਮੀਡੀਆ ਇਨਫਲੂਐਂਸਰਾਂ, ਸਵੈ-ਸੇਵੀ ਸੰਗਠਨਾਂ ਤੇ ਸਿੱਖਿਆ ਸੰਸਥਾਵਾਂ ਆਦਿ ਨੂੰ ਵੀ ਨਾਗਰਿਕਾਂ ਨੂੰ ਮਤਦਾਨ ਦੇ ਮਹੱਤਵ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ। ਇਨ੍ਹਾਂ ਸਭ ਦੀ ਸਰਗਰਮ ਭੂਮਿਕਾ ਤੇ ਹਿੱਸੇਦਾਰੀ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਨੂੰ ਵਿਆਪਕ ਯੋਜਨਾ ਬਣਾਉਣੀ ਚਾਹੀਦੀ ਹੈ। ਪਿਛਲੇ ਦਿਨੀਂ ਕੇਂਦਰ ਸਰਕਾਰ ਨੇ ਚੋਣ ਸੁਧਾਰਾਂ ਦੀ ਦਿਸ਼ਾ ਵਿਚ ਇਕ ਫ਼ੈਸਲਾਕੁਨ ਪਹਿਲ ਕਰਦੇ ਹੋਏ ਮਤਦਾਨ ਪਛਾਣ-ਪੱਤਰ ਨੂੰ ਆਧਾਰ ਕਾਰਡ ਨਾਲ ਜੋੜਨ, ਪੰਚਾਇਤੀ/ਨਿਗਮ ਚੋਣਾਂ ਤੇ ਵਿਧਾਨ ਸਭਾ/ਲੋਕ ਸਭਾ ਚੋਣਾਂ ਦੀਆਂ ਮਤਦਾਨ ਸੂਚੀਆਂ ਨੂੰ ਇਕ ਕਰਨ ਵਰਗੇ ਮਹੱਤਵਪੂਰਨ ਕੰਮ ਕੀਤੇ ਹਨ।

ਵੋਟਰਾਂ ਦੇ ਨਾਂ ਦੇ ਦੁਹਰਾਅ ਤੇ ਵੋਟਰ ਸੂਚੀਆਂ ਦੇ ਦੁਹਰਾਅ ਨੂੰ ਰੋਕਣ ਲਈ ਕੀਤੇ ਗਏ ਇੰਤਜ਼ਾਮ ਵਾਂਗ ਚੋਣ ਪ੍ਰਕਿਰਿਆ ਦੇ ਦੁਹਰਾਅ ਨੂੰ ਰੋਕਣ ਦੀ ਦਿਸ਼ਾ ਵਿਚ ਵੀ ਕੰਮ ਕੀਤਾ ਜਾਣਾ ਚਾਹੀਦਾ ਹੈ। ਇਸ ਦਿਸ਼ਾ ਵਿਚ 'ਇਕ ਦੇਸ਼-ਇਕ ਚੋਣ' ਅਸਰਦਾਰ ਹੱਲ ਹੋ ਸਕਦਾ ਹੈ। ਵਾਰ-ਵਾਰ ਹੋਣ ਵਾਲੀਆਂ ਚੋਣਾਂ ਦੀ ਥਾਂ ਪੰਜ ਸਾਲ ਵਿਚ ਇਕ ਵਾਰ ਹੋਣ ਵਾਲੀਆਂ ਚੋਣਾਂ ਲਈ ਲੋਕ ਵਾਧੂ ਮਿਹਨਤ, ਸਮਾਂ ਅਤੇ ਸਾਧਨ ਲਾ ਕੇ ਵੀ ਮਤਦਾਨ ਲਈ ਅੱਗੇ ਆਉਣਗੇ ਅਤੇ ਉਸ ਨਾਲ ਮਤਦਾਨ ਫ਼ੀਸਦੀ ਵਿਚ ਵਾਧਾ ਹੋਣ ਦੇ ਪੂਰੇ ਆਸਾਰ ਹਨ।

ਮਤਦਾਨ ਵਧਾਉਣ ਦੀ ਦਿਸ਼ਾ ਵਿਚ ਬਹੁਤ ਜ਼ਿਆਦਾ ਕੋਸ਼ਿਸ਼ਾਂ ਕਰਨ ਦੀ ਲੋੜ ਹੈ। ਮਤਦਾਨ ਜਮਹੂਰੀ ਪ੍ਰਕਿਰਿਆ ਦਾ ਮੂਲ ਆਧਾਰ ਹੈ। ਇਹ ਜਮਹੂਰੀ ਪ੍ਰਕਿਰਿਆ ਵਿਚ ਨਾਗਰਿਕਾਂ ਦੇ ਪੱਕੇ ਵਿਸ਼ਵਾਸ ਤੇ ਡੂੰਘੀ ਆਸਥਾ ਤੋਂ ਜਾਣੂ ਕਰਵਾਉਂਦਾ ਹੈ। ਇਸ ਭਾਵਨਾ ਦੀ ਥੁੜ੍ਹ ਵਿਚ ਲੋਕਤੰਤਰ ਨਾ ਤਾਂ ਸੁਰੱਖਿਅਤ ਰਹਿ ਸਕਦਾ ਹੈ ਅਤੇ ਨਾ ਹੀ ਮਜ਼ਬੂਤ ਤੇ ਵਿਕਸਤ ਹੋ ਸਕਦਾ ਹੈ। ਲੋਕਤੰਤਰ ਦੀ ਮੂਲ ਭਾਵਨਾ ਹੈ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਉਣਾ।

ਘੱਟ ਮਤਦਾਨ ਨਾਲ ਲੋਕਤੰਤਰ ਦੀ ਇਹ ਮੂਲ ਭਾਵਨਾ ਸਵਾਲਾਂ ਦੇ ਘੇਰੇ ਵਿਚ ਖੜ੍ਹੀ ਹੁੰਦੀ ਹੈ। ਹੁਕਮਰਾਨ ਸਿਆਸੀ ਪਾਰਟੀਆਂ ਦੇ ਕੰਮਕਾਜ ਦੇ ਤੌਰ-ਤਰੀਕਿਆਂ ਤੋਂ ਵੀ ਕਾਫ਼ੀ ਵੋਟਰ ਨਾਰਾਜ਼ ਹੁੰਦੇ ਹਨ। ਉਹ ਉਨ੍ਹਾਂ ਦੇ ਲਾਰਿਆਂ ਤੋਂ ਵੀ ਤੰਗ ਹੁੰਦੇ ਹਨ ਜਿਸ ਕਾਰਨ ਵੋਟ ਪਾਉਣ ਵਿਚ ਰੁਚੀ ਨਹੀਂ ਲੈਂਦੇ।

ਅਜਿਹੇ ਵਿਚ ਚੋਣ ਕਮਿਸ਼ਨ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ਤੇ ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਬਣਨੇ ਚਾਹੀਦੇ ਹਨ ਤੇ ਜਿੱਤਣ 'ਤੇ ਉਨ੍ਹਾਂ ਵਿਚ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਸਬੰਧਤ ਪਾਰਟੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ।

# ਭਾਰਤੀ ਲੋਕਰਾਜ ’ਚ ਔਰਤਾਂ ਦੀ ਭੂਮਿਕਾ



ਕੰਵਲਜੀਤ ਕੌਰ ਗਿੱਲ

ਭਾਰਤ ਨੂੰ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਆਖਿਆ ਜਾਂਦਾ ਹੈ। 26 ਜਨਵਰੀ 1950 ਨੂੰ ਦੇਸ਼ ਦਾ ਸੰਵਿਧਾਨ ਲਾਗੂ ਹੋਣ ਪਿੱਛੋਂ ਹਰ ਨਾਗਰਿਕ ਨੂੰ ਰੰਗ, ਜਾਤ ਬਿਰਾਦਰੀ, ਧਰਮ, ਨਸਲ, ਕਬੀਲੇ ਜਾਂ ਲਿੰਗ ਆਦਿ ਦੇ ਭੇਦ-ਭਾਵ ਤੋਂ ਬਗੈਰ ਬਰਾਬਰ ਦਰਜਾ ਦਿੱਤਾ ਗਿਆ। ਸੰਵਿਧਾਨ ਅਨੁਸਾਰ ਲੋਕਾਂ ਨੂੰ ਵੋਟ ਪਾਉਣ ਅਤੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਚੁਣੇ ਜਾਣ ਦਾ ਅਧਿਕਾਰ ਵੀ ਮਿਲ ਗਿਆ ਸੀ। ਇਉਂ ਇਹ ਤੈਅ ਹੋ ਗਿਆ ਕਿ ਲੋਕਾਂ ਦੁਆਰਾ ਚੁਣੀ, ਲੋਕਾਂ ਦੀ ਸਰਕਾਰ, ਲੋਕ ਹਿੱਤ ਲਈ ਦੇਸ਼ ਦਾ ਰਾਜ ਪ੍ਰਬੰਧ ਚਲਾਵੇਗੀ। ਪਹਿਲੀ ਵਾਰ ਲੋਕ ਸਭਾ ਚੋਣਾਂ 1952 ਵਿੱਚ ਹੋਈਆਂ। ਉਸ ਪ੍ਰਕਿਰਿਆ ਅੱਜ ਵੀ ਜਾਰੀ ਹੈ। ਲੋਕ ਜਿਸ ਪਾਰਟੀ ਦੀ ਸੋਚ ਅਤੇ ਪ੍ਰੋਗਰਾਮ ਨੂੰ ਸਹੀ ਸਮਝਦੇ ਹਨ, ਉਸ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਸੱਤਾ ਸੌਂਪ ਦਿੰਦੇ ਹਨ। ਚੋਣਾਂ ਤੋਂ ਪਹਿਲਾਂ ਹਰ ਪਾਰਟੀ ਚੋਣ ਮਨੋਰਥ ਪੱਤਰ ਜਾਰੀ ਕਰਦੀ ਹੈ। ਵੱਧ ਤੋਂ ਵੱਧ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੇ ਯਤਨਾਂ ਤਹਿਤ ਇਸ ਵਿੱਚ ਵਿੱਤੋਂ ਬਾਹਰੇ ਅਤੇ ਲੁਭਾਉਣੇ ਵਾਅਦੇ ਤੱਕ ਕੀਤੇ ਜਾਂਦੇ ਹਨ। ਇਨ੍ਹਾਂ ਵਾਅਦਿਆਂ ਵਿੱਚ ਮੁਫ਼ਤ ਸਹੂਲਤਾਂ ਦੇ ਨਾਲ-ਨਾਲ ਵੋਟਰਾਂ ਦੇ ਕਿਸੇ ਵਰਗ ਵਿਸ਼ੇਸ਼ ਜਾਂ ਹਿੱਸੇ ਨੂੰ ਪ੍ਰਭਾਵਿਤ ਕਰਦੇ ਇਕਰਾਰ ਵੀ ਕੀਤੇ ਜਾਂਦੇ ਹਨ। ਔਰਤ ਵੋਟਰਾਂ ਨੂੰ ਲੁਭਾਉਣ ਵਾਸਤੇ ਰਸੋਈ ਗੈਸ ਦੇ ਸਿਲੰਡਰ ਸਸਤੇ ਕਰਨਾ, ਸਰਕਾਰੀ ਬੱਸਾਂ ਵਿੱਚ ਸਫ਼ਰ ਦੀ ਮੁਫ਼ਤ ਸਹੂਲਤ ਦੇਣਾ ਜਾਂ ਬਿਨਾਂ ਕੋਈ ਘੱਟੋ-ਘੱਟ ਰਕਮ ਜਮ੍ਹਾਂ ਕਰਵਾਏ ਬੈਂਕ ਖਾਤੇ ਖੁਲ੍ਹਵਾਉਣ ਵਿੱਚ ਸਹਾਇਤਾ ਕਰਨਾ, ਸਕੂਲ ਜਾਣ ਵਾਲੀਆਂ ਲੜਕੀਆਂ ਨੂੰ ਸਾਈਕਲ ਮੁਹੱਈਆ ਕਰਾਉਣਾ ਆਦਿ ਵਾਅਦੇ ਕੀਤੇ ਜਾਂਦੇ ਰਹੇ ਹਨ।

ਹਰ ਪਾਰਟੀ ਜਾਣਦੀ ਹੈ ਕਿ ਕੁੱਲ ਆਬਾਦੀ ਦਾ ਲਗਭਗ ਅੱਧਾ ਹਿੱਸਾ ਔਰਤਾਂ ਹਨ ਅਤੇ ਹੁਣ ਉਹ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਸੁਤੰਤਰ ਵਰਤੋਂ ਕਰਨ ਲੱਗੀਆਂ ਹਨ। ਔਰਤਾਂ ਦੇ ਸਿੱਖਿਅਤ ਹੋਣ ਦੀ ਇਸ ਵਿੱਚ ਅਹਿਮ ਭੂਮਿਕਾ ਹੈ ਜਿਹੜੀ ਅਧਿਕਾਰਾਂ ਤੇ ਫ਼ਰਜ਼ਾਂ ਬਾਰੇ ਉਨ੍ਹਾਂ ਨੂੰ ਜਾਗਰੂਕ ਕਰਦੀ ਹੈ ਕਿ ਕਿਸੇ ਦੀ ਧੀ, ਪਤਨੀ, ਭੈਣ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਆਪਣੀ ਸੁਤੰਤਰ ਹੋਂਦ ਵੀ ਹੈ। ਇਸ ਲਈ ਔਰਤ ਵੋਟਰਾਂ ਦੀ ਗਿਣਤੀ ਪਿਛਲੀਆਂ ਮੁੱਖ ਚੋਣਾਂ ਦੇ ਮੁਕਾਬਲੇ ਲਗਾਤਾਰ ਵਧ ਰਹੀ ਹੈ। ਵੋਟਰਾਂ ਦੀ ਗਿਣਤੀ ਵਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਚੋਣ ਕਮਿਸ਼ਨ ਔਰਤਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਯਤਨ ਕਰ ਰਿਹਾ ਹੈ। ਇਸ ਵਿੱਚ ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਲਈ ਬੈਠਣ ਆਦਿ ਦਾ ਲੋੜੀਂਦਾ ਪ੍ਰਬੰਧ ਕਰਨਾ ਸ਼ਾਮਲ ਹੈ।

ਸਿਆਸੀ ਖੇਤਰ ਵਿੱਚ ਔਰਤਾਂ ਦੀ ਕਿੰਨੀ ਕੁ ਹਿੱਸੇਦਾਰੀ ਹੈ? ਔਰਤਾਂ ਨੂੰ ਵੋਟਰ ਵਜੋਂ ਆਪਣੇ ਹੱਕ ਵਿੱਚ ਭੁਗਤਾਉਣ ਲਈ ਔਰਤ ਪੱਖੀ ਮੁਫ਼ਤ ਯੋਜਨਾਵਾਂ, ਪ੍ਰੋਗਰਾਮ ਜਾਂ ਇਕਰਾਰ ਕਰਨ ਵਾਲੀਆਂ ਮੁੱਖ ਪਾਰਟੀਆਂ ਕਿੰਨੀਆਂ ਕੁ ਔਰਤਾਂ ਨੂੰ ਟਿਕਟ ਦਿੰਦੀਆਂ ਹਨ? ਮਹਿਲਾ ਰਾਖਵਾਂਕਰਨ ਬਿੱਲ ਤਹਿਤ ਔਰਤ ਮਰਦ ਬਰਾਬਰੀ ਜਾਂ ਲਿੰਗਕ ਸਮਾਨਤਾ, ਨਾਰੀ ਸ਼ਕਤੀ ਆਦਿ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਦੁਆਰਾ ਔਰਤਾਂ ਦੀਆਂ ਕੀਤੀਆਂ ਨਾਮਜ਼ਦਗੀਆਂ ਉੱਪਰ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਦਾਅਵਿਆਂ ਅਤੇ ਹਕੀਕਤ ਵਿੱਚ ਚੋਖਾ ਅੰਤਰ ਹੈ। 1962 ਵਿੱਚ ਕੁੱਲ 42 ਫ਼ੀਸਦੀ ਮਹਿਲਾ ਵੋਟਰ ਸਨ ਜਿਨ੍ਹਾਂ ਦੀ ਗਿਣਤੀ 2019 ਵਿੱਚ ਵਧ ਕੇ 48।2 ਫ਼ੀਸਦੀ ਹੋ ਗਈ। ਇਹ ਆਬਾਦੀ ਦੇ ਵਾਧੇ ਅਤੇ ਇਸ ਦੀ ਬਣਤਰ (ਕੁੱਲ ਵਸੋਂ ਵਿੱਚ ਮਰਦਾਂ ਤੇ ਔਰਤਾਂ ਦੀ ਕੁੱਲ ਸੰਖਿਆ) ਨਾਲ ਮੇਲ ਖਾਂਦੀ ਹੈ। ਇਉਂ ਹੀ 1962 ਵਿੱਚ ਮਹਿਲਾ ਸੰਸਦ ਮੈਂਬਰਾਂ ਦੀ ਗਿਣਤੀ 6.3 ਫ਼ੀਸਦੀ ਸੀ ਜਿਹੜੀ ਵਧ ਕੇ 2019 ਵਿੱਚ 14.4 ਫ਼ੀਸਦੀ ਹੋ ਗਈ। ਇਹ ਅੰਕੜਾ ਮਹਿਲਾ ਰਾਖਵਾਂਕਰਨ ਬਿੱਲ ਦੇ 33 ਫ਼ੀਸਦੀ ਵਾਲੇ ਮਾਪਦੰਡ ਤੋਂ ਬਹੁਤ ਘੱਟ ਹੈ। ਇਹ ਬਿੱਲ ਕੇਂਦਰ ਸਰਕਾਰ ਨੇ ਸਤੰਬਰ 2023 ਵਿੱਚ ਦੋਵਾਂ ਸਦਨਾਂ ਵਿੱਚੋਂ ਪਾਸ ਕਰਵਾ ਲਿਆ ਸੀ। ਇਹ ਬਿੱਲ ਮੁੱਖ ਰੂਪ ਵਿੱਚ ਸੰਸਦ ਵਿੱਚ ਔਰਤਾਂ ਦੀ 33 ਫ਼ੀਸਦੀ ਨੁਮਾਇੰਦਗੀ ਨਾਲ ਸਬੰਧਿਤ ਹੈ। ਬਿੱਲ ਪਾਸ ਕਰਵਾਉਣ ਦਾ ਸਭ ਨੇ ਸਵਾਗਤ ਕੀਤਾ ਪਰ ਛੇਤੀ ਹੀ ਸਪੱਸ਼ਟ ਹੋ ਗਿਆ ਕਿ ਇਹ ਬਿੱਲ 2024 ਦੀਆਂ ਚੋਣਾਂ ਦਾ ਕੰਮ ਸਮੇਟ ਕੇ 2026 ਤੋਂ ਬਾਅਦ ਲਾਗੂ ਕਰਨ ਬਾਰੇ ਸੋਚਿਆ ਜਾਵੇਗਾ। ਇਉਂ ਇਹ ਗੱਲ ਸਾਹਮਣੇ ਆਈ ਕਿ ਕੇਂਦਰ ਸਰਕਾਰ ਨੇ ਮਹਿਲਾ ਰਾਖਵਾਂਕਰਨ ਬਿੱਲ ਸਿਰਫ਼ ਔਰਤ ਵੋਟਰਾਂ ਨੂੰ ਲੁਭਾਉਣ ਅਤੇ ਔਰਤ ਵਿਰੋਧੀ ਵਰਤਾਰੇ ਤੇ ਘਟਨਾਵਾਂ ਵੱਲੋਂ ਧਿਆਨ ਹਟਾਉਣ ਲਈ ਲਿਆਂਦਾ ਸੀ। ਇਸ ਨੂੰ ਸਾਰਥਕ ਰੂਪ ਵਿੱਚ ਲਾਗੂ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਜ਼ਰ ਨਹੀਂ ਆਉਂਦਾ। ਇਸ ਦਾ ਸਬੂਤ ਮੌਜੂਦਾ ਚੋਣਾਂ ਦੌਰਾਨ ਵੰਡੀਆਂ ਗਈਆਂ ਟਿਕਟਾਂ ਅਤੇ ਸੀਟਾਂ ਦੀ ਵੰਡ ਹੈ। ਦਰਅਸਲ ਕੋਈ ਵੀ ਪਾਰਟੀ ਔਰਤਾਂ ਦੀ 33 ਫ਼ੀਸਦੀ ਨੁਮਾਇੰਦਗੀ ਲਈ ਸੁਹਿਰਦ ਨਹੀਂ।



2019 ਵਿੱਚ ਵੀ ਭਾਜਪਾ ਅਤੇ ਕਾਂਗਰਸ ਨੇ ਕ੍ਰਮਵਾਰ 12.6 ਫ਼ੀਸਦੀ ਤੇ 12.8 ਫ਼ੀਸਦੀ ਔਰਤ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਸਨ। ਸਿਰਫ਼ 11 ਸੂਬਿਆਂ ਵਿੱਚ 10 ਤੋਂ 15 ਫ਼ੀਸਦੀ ਔਰਤਾਂ ਵਿਧਾਇਕ ਸਨ। 2024 ਵਾਲੀਆਂ ਚੋਣਾਂ ਦੌਰਾਨ ਭਾਜਪਾ ਨੇ ਲੋਕ ਸਭਾ ਦੀਆਂ ਕੁੱਲ 417 ਸੀਟਾਂ ਲਈ ਸਿਰਫ਼ 68 ਮਹਿਲਾ ਉਮੀਦਵਾਰਾਂ ਦਾ ਐਲਾਨ ਕੀਤਾ; ਭਾਵ 16 ਫ਼ੀਸਦੀ ਸੀਟਾਂ ’ਤੇ ਔਰਤਾਂ ਉਮੀਦਵਾਰ ਹਨ। ਇਨ੍ਹਾਂ ਵਿੱਚੋਂ 40 ਉਹ ਹਨ ਜਿਨ੍ਹਾਂ ਦਾ ਸਬੰਧ ਪਹਿਲਾਂ ਹੀ ਸਿਆਸੀ ਘਰਾਣਿਆਂ ਜਾਂ ਪਾਰਟੀਆਂ ਨਾਲ ਹੈ। ਕਾਂਗਰਸ ਦੀਆਂ 14 ਫ਼ੀਸਦੀ ਮਹਿਲਾ ਉਮੀਦਵਾਰ ਹਨ।

ਪੰਜਾਬ ਵਿੱਚ ਵੀ ਇਹੀ ਹਾਲਤ ਹੈ। ‘ਪਾਇਨੀਅਰ’ ਅਖ਼ਬਾਰ ਦੀ ਰਿਪੋਰਟ ਅਨੁਸਾਰ ਭਾਜਪਾ ਨੇ ਸਾਰੀਆਂ 13 ਲੋਕ ਸਭਾ ਸੀਟਾਂ ਵਿੱਚੋਂ 3’ਤੇ ਔਰਤਾਂ ਨੂੰ ਉਮੀਦਵਾਰ ਬਣਾਇਆ: ਪਟਿਆਲਾ ਤੋਂ ਪਰਨੀਤ ਕੌਰ, ਬਠਿੰਡਾ ਤੋਂ ਪਰਮਪਾਲ ਕੌਰ ਸਿੱਧੂ ਅਤੇ ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼। ਕਾਂਗਰਸ ਦੀਆਂ ਸਿਰਫ਼ ਦੋ ਸੀਟਾਂ ਤੋਂ ਮਹਿਲਾਵਾਂ ਉਮੀਦਵਾਰ ਹਨ: ਫ਼ਰੀਦਕੋਟ ਤੋਂ ਅਮਰਜੀਤ ਕੌਰ ਅਤੇ ਹੁਸ਼ਿਆਰਪੁਰ ਤੋਂ ਯਾਮਿਨੀ ਗੋਮਰ। ਅਕਾਲੀ ਦਲ ਦੀ ਇੱਕੋ-ਇੱਕ ਮਹਿਲਾ ਉਮੀਦਵਾਰ ਬਠਿੰਡੇ ਤੋਂ ਹਰਸਿਮਰਤ ਕੌਰ ਬਾਦਲ ਹੈ। ਸੀਪੀਆਈ(ਐੱਮ) ਨੇ ਵੀ ਇੱਕ ਔਰਤ ਨੂੰ ਖਡੂਰ ਸਾਹਿਬ ਤੋਂ ਮੈਦਾਨ ਵਿੱਚ ਉਤਾਰਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ ‘ਆਪ’ ਨੇ ਕਿਸੇ ਵੀ ਔਰਤ ਨੂੰ ਉਮੀਦਵਾਰ ਨਹੀਂ ਬਣਾਇਆ।

ਮੁਲਕ ਦੇ ਸਿਆਸੀ ਖੇਤਰ ਵਿੱਚ ਔਰਤਾਂ ਦੀ ਨੁਮਾਇੰਦਗੀ ਮਹਿਜ਼ 14।4 ਫ਼ੀਸਦੀ ਹੈ। ਦੂਜੇ ਪਾਸੇ, ਹਕੀਕਤ ਇਹ ਹੈ ਕਿ ਔਰਤਾਂ ਦੀਆਂ ਵੋਟਾਂ ਦੀ ਗਿਣਤੀ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਇਸੇ ਲਈ ਸਿਆਸੀ ਪਾਰਟੀਆਂ ਆਪਣੇ ਚੋਣ ਮੈਨੀਫੈਸਟੋ ਵਿੱਚ ਔਰਤ ਵੋਟਰਾਂ ਦੀ ਅਣਦੇਖੀ ਕਰਨ ਦਾ ਜੋਖ਼ਮ ਨਹੀਂ ਲੈ ਸਕਦੀਆਂ। ਉਹ ਔਰਤ ਵੋਟਰਾਂ ਨੂੰ ਖ਼ੁਸ਼ ਕਰਨ ਦਾ ਹਰ ਸੰਭਵ ਯਤਨ ਕਰਦੀਆਂ ਹਨ। ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦਾਅਵੇ ਕਰਦੀਆਂ ਹਨ ਕਿ ਉਹ ਮਰਦ ਔਰਤ ਬਰਾਬਰੀ ਦੇ ਹੱਕ ਵਿੱਚ ਹਨ। ਦੁਨੀਆ ਭਰ ਦੇ ਅਧਿਐਨ ਇਹ ਹਾਮੀ ਭਰਦੇ ਹਨ ਕਿ ਸਮਾਜਿਕ-ਆਰਥਿਕ ਬਰਾਬਰੀ ਔਰਤ ਵੋਟਰਾਂ ਨੂੰ ਮੱਤਦਾਨ ਕੇਂਦਰਾਂ ਤੱਕ ਲੈ ਜਾਂਦੀ ਹੈ ਪਰ ਮਹਿਲਾ ਸ਼ਕਤੀਕਰਨ ਦਾ ਸਿੱਧਾ ਸਬੰਧ ਮਰਦ ਔਰਤ ਦੀ ਬਰਾਬਰੀ ਨਾਲ ਵਧੇਰੇ ਜੁੜਿਆ ਹੈ। ਇਸੇ ਲਈ ਸਾਰੀਆਂ ਪਾਰਟੀਆਂ ਮਹਿਲਾ ਰਾਖਵਾਂਕਰਨ ਦੀ ਹਮਾਇਤ ਅਤੇ ਔਰਤ ਪੱਖੀ ਪ੍ਰੋਗਰਾਮਾਂ ਤੇ ਯੋਜਨਾਵਾਂ ਦੇ ਐਲਾਨ ਕਰਦੀਆਂ ਹਨ। ਇਸ ਦੇ ਬਾਵਜੂਦ ਔਰਤਾਂ ਨੂੰ ਅਗਲੀ ਕਤਾਰ ਵਿੱਚ ਲਿਆਉਣਾ ਜਾਂ ਸਿਆਸੀ ਫ਼ੈਸਲਿਆਂ ਵਿੱਚ ਭਾਗੀਦਾਰ ਬਣਾਉਣਾ ਉਨ੍ਹਾਂ ਨੂੰ ਗਵਾਰਾ ਨਹੀਂ ਜਾਪਦਾ। ਇਸ ਬਿਰਤੀ ਵਾਲੇ ਮਰਦ ਔਰਤਾਂ ਨੂੰ ਸਕੂਲ ਅਧਿਆਪਕ, ਨਰਸ, ਏਅਰ ਹੋਸਟੈੱਸ ਜਾਂ ਨਿੱਜੀ ਕੰਪਨੀਆਂ ਦੀ ਰਿਸੈਪਸ਼ਨਿਸਟ ਵਜੋਂ ਹੀ ਦੇਖਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਦੇਸ਼ ਦੀਆਂ 31 ਵਿਧਾਨ ਸਭਾਵਾਂ ਵਿੱਚੋਂ ਸਿਰਫ਼ 13 ਸੂਬਿਆਂ ’ਚ ਹੀ ਮਹਿਲਾਵਾਂ ਮੁੱਖ ਮੰਤਰੀ ਰਹੀਆਂ ਹਨ।

ਸੱਤਾਧਾਰੀ ਪਾਰਟੀ ਨੇ ਕੁਝ ਅਜਿਹੇ ਮਰਦਾਂ ਨੂੰ ਵੀ ਟਿਕਟਾਂ ਦਿੱਤੀਆਂ ਜਿਨ੍ਹਾਂ ਉੱਪਰ ਬਲਾਤਕਾਰ ਕਰਨ ਦੇ ਦੋਸ਼ ਸਾਬਤ ਹੋ ਚੁੱਕੇ ਹਨ। ਪ੍ਰਜਵਲ ਰੇਵੰਨਾ ਕਰਨਾਟਕ ਦੇ ਸਾਬਕਾ ਮੰਤਰੀ ਐੱਚਡੀ ਰੇਵੰਨਾ ਦਾ ਪੁੱਤਰ ਹੈ ਜਿਸ ਨੂੰ ਹਾਸਨ ਲੋਕ ਸਭਾ ਸੀਟ ਤੋਂ ਜਨਤਾ ਦਲ (ਸੈਕੂਲਰ) ਅਤੇ ਭਾਜਪਾ ਗੱਠਜੋੜ ਨੇ ਉਮੀਦਵਾਰ ਬਣਾਇਆ ਹੈ। ਪ੍ਰਜਵਲ ਵਿਰੁੱਧ ਦੋਸ਼ ਹੈ ਕਿ ਉਸ ਨੇ 400 ਤੋਂ ਵੱਧ ਔਰਤਾਂ ਨਾਲ ਦੁਸ਼ਕਰਮ ਤਾਂ ਕੀਤਾ ਹੀ, ਉਨ੍ਹਾਂ ਦੀਆਂ ਵੀਡੀਓਜ਼ ਵੀ ਬਣਾਉਂਦਾ ਜਾਂ ਬਣਵਾਉਂਦਾ ਰਿਹਾ। 16 ਅਪਰੈਲ ਨੂੰ ਪ੍ਰਧਾਨ ਮੰਤਰੀ ਨੇ ਉਸ ਦੇ ਹੱਕ ਵਿੱਚ ਹੋਈ ਚੋਣ ਰੈਲੀ ਦੌਰਾਨ ਉਸ ਨਾਲ ਸਟੇਜ ਸਾਂਝੀ ਕੀਤੀ। ਇਉਂ ਹੀ ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਮੁਲਜ਼ਮ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਪੁੱਤਰ ਕਰਨ ਭੂਸ਼ਣ ਸਿੰਘ ਨੂੰ ਉੱਤਰ ਪ੍ਰਦੇਸ਼ ਦੇ ਕੇਸਰਜੰਗ ਲੋਕ ਸਭਾ ਹਲਕੇ ਤੋਂ ਟਿਕਟ ਦੇ ਕੇ ਸਰਕਾਰ ਕੀ ਸਿੱਧ ਕਰਨਾ ਚਾਹੁੰਦੀ ਹੈ?

ਇਸ ਸਮੁੱਚੇ ਵਰਤਾਰੇ ਨੂੰ ਵੋਟਰ, ਖ਼ਾਸਕਰ ਔਰਤਾਂ, ਭਲੀਭਾਂਤ ਜਾਣ ਚੁੱਕੇ ਹਨ। ਔਰਤਾਂ ਨੂੰ ਹੁਣ ਮੁਫ਼ਤ ਸਹੂਲਤਾਂ ਆਦਿ ਨਾਲ ਛੇਤੀ ਕੀਤੇ ਪ੍ਰਭਾਵਿਤ ਕਰਨਾ ਅਸੰਭਵ ਜਾਪਦਾ ਹੈ। ਔਰਤ ਭਾਵੇਂ ਅਨਪੜ੍ਹ ਹੋਵੇ, ਘਰੇਲੂ ਜਾਂ ਕੰਮਕਾਜੀ, ਉਹ ਜਾਣਦੀ ਹੈ ਕਿ ਉਸ ਨੇ ਵੋਟ ਕਿਸ ਨੂੰ ਅਤੇ ਕਿਉਂ ਵੋਟ ਪਾਉਣੀ ਹੈ।

ਚੋਣ ਪ੍ਰਕਿਰਿਆ ਵਿੱਚ ਵਧਦੇ ਮਹੱਤਵ ਦੇ ਮੱਦੇਨਜ਼ਰ ਅੱਜ ਦੀ ਜਾਗਰੂਕ ਔਰਤ ਨੂੰ ਸਿਆਸਤ ਬਾਰੇ ਆਪਣਾ ਨਜ਼ਰੀਆ ਬਦਲਣਾ ਪਵੇਗਾ। ਕਿਸਾਨ ਅੰਦੋਲਨ ਵਿੱਚ ਔਰਤਾਂ ਦੀ ਸ਼ਮੂਲੀਅਤ ਨੇ ਸਿੱਧ ਕੀਤਾ ਹੈ ਕਿ ਆਪਣੇ ਫ਼ਰਜ਼ਾਂ ਦੇ ਨਾਲ-ਨਾਲ ਅਧਿਕਾਰਾਂ ਬਾਰੇ ਚੇਤੰਨ ਔਰਤ ਲਈ ਘਰ ਤੋਂ ਬਾਹਰ ਨਿਕਲ ਕੇ ਰੈਲੀਆਂ, ਜਲਸਿਆਂ, ਮੁਜ਼ਾਹਰਿਆਂ ਜਾਂ ਇਕੱਠਾਂ ਵਿੱਚ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਸਮੇਂ ਦੀ ਜ਼ਰੂਰਤ ਹੈ। ਭਾਰਤੀ ਸਟੇਟ ਬੈਂਕ ਦੇ ਇਕਨਾਮਿਕ ਰਿਸਰਚ ਡਿਪਾਰਟਮੈਂਟ ਦੀ ਆਮ ਚੋਣਾਂ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਰਿਪੋਰਟ ਮੁਤਾਬਿਕ ਵੱਖ-ਵੱਖ ਸਰਕਾਰੀ ਯੋਜਨਾਵਾਂ ਵਿੱਚ ਔਰਤਾਂ ਦੀ ਭੂਮਿਕਾ ਪਹਿਲਾਂ ਦੇ ਮੁਕਾਬਲੇ ਵਧ ਰਹੀ ਹੈ।

ਇਸ ਪ੍ਰਸੰਗ ਵਿੱਚ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਿਰਫ਼ ਔਰਤਾਂ ਦੇ ਵਿੰਗ, ਔਰਤ ਯੂਨੀਵਰਸਿਟੀਆਂ, ਔਰਤਾਂ ਦੇ ਬੈਂਕ/ਬੱਸਾਂ ਆਦਿ ਦੀ ਥਾਂ ਇਨ੍ਹਾਂ ਸਮਾਜਿਕ ਸੰਸਥਾਵਾਂ ਵਿੱਚ ‘ਜੈਂਡਰ ਸੈੱਲ’ ਬਣਾਏ ਜਾਣ ਜਿੱਥੇ ਸੰਵੇਦਨਸ਼ੀਲ ਅਤੇ ਜਵਾਬਦੇਹ ਕਾਰਜ ਪ੍ਰਣਾਲੀ ਹੋਵੇ। ਮਹਿਲਾ ਰਾਖਵਾਂਕਰਨ ਬਿੱਲ ਦੀਆਂ ਹਮਾਇਤੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਔਰਤ ਉਮੀਦਵਾਰਾਂ ਨੂੰ ਵੀ ਮਰਦਾਂ ਵਾਂਗ ਉਸੇ ਅਨੁਪਾਤ ਅਨੁਸਾਰ ਮੈਦਾਨ ਵਿੱਚ ਉਤਾਰਨ। ਰਾਜਨੀਤੀ ਵਿੱਚ ਦਾਖ਼ਲ ਹੋਣ ਲਈ ਔਰਤਾਂ ਨੂੰ ਹੀ ਨਹੀਂ, ਮਰਦਾਂ ਨੂੰ ਵੀ ਓਨੀ ਹੀ ਕਾਬਲੀਅਤ ਉਸਾਰੀ (ਚਅਪਅਚਿਟੇ ਬੁਲਿਦਿਨਗ) ਦੀ ਜ਼ਰੂਰਤ ਹੈ। ਜਾਗਰੂਕ ਮਹਿਲਾ ਜਥੇਬੰਦੀਆਂ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

# ਰੈੱਡ ਸਿਗਨਲ ਪਾਰ ਕਰਨ ਨਾਲ ਹੋਇਆ ਪੰਜਾਬ 'ਚ ਰੇਲ ਹਾਦਸਾ !

ਅੰਬਾਲਾ- ਪੰਜਾਬ ਦੇ ਸਰਹਿੰਦ ਅਤੇ ਸਾਧੂਗੜ੍ਹ ਵਿਚਕਾਰ ਵਾਪਰਿਆ ਵੱਡਾ ਰੇਲ ਹਾਦਸਾ ਮਨੁੱਖੀ ਗਲਤੀ ਵੱਲ ਇਸ਼ਾਰਾ ਕਰ ਰਿਹਾ ਹੈ। ਕੋਲੇ ਨਾਲ ਲੱਦੀ ਇੱਕ ਮਾਲ ਗੱਡੀ ਡੇਡੀਕੇਟਿਡ ਰੇਲ ਫਰੇਟ ਕੋਰੀਡੋਰ (ਡੀਐੱਫਸੀ) 'ਤੇ ਲਾਲ ਸਿਗਨਲ ਪਾਰ ਕਰ ਗਈ, ਜਿਸ ਤੋਂ ਚਾਰ ਸੌ ਮੀਟਰ ਬਾਅਦ ਹੀ ਹਾਦਸਾ ਵਾਪਰ ਗਿਆ। ਖੁਸ਼ਕਿਸਮਤੀ ਰਹੀ ਕਿ ਯਾਤਰੀ ਵਾਹਨ ਦੇ ਇੰਜਣ ਨਾਲ ਟਕਰਾਉਣ ਦੇ ਬਾਵਜੂਦ ਵੱਡਾ ਹਾਦਸਾ ਹੋਣੋਂ ਟਲ ਗਿਆ। ਵਿਸ਼ੇਸ਼ ਮਾਲ ਗੱਡੀਆਂ ਲਈ ਵਿਛਾਈ ਗਈ ਰੇਲਵੇ ਲਾਈਨ 'ਤੇ ਦੇਸ਼ 'ਚ ਇਹ ਪਹਿਲਾ ਅਜਿਹਾ ਰੇਲ ਹਾਦਸਾ ਹੈ। ਰੇਲਵੇ ਮੰਤਰਾਲਾ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ ਅਤੇ ਇਸ ਦੀ ਜਾਂਚ ਕਮਿਸ਼ਨਰ ਰੇਲਵੇ ਸੇਫਟੀ (ਸੀਆਰਐੱਸ) ਦਿਨੇਸ਼ ਚੰਦ ਦੇਸਵਾਲ ਕਰਨਗੇ। ਸੀਆਰਐੱਸ ਮੰਗਲਵਾਰ ਨੂੰ ਅੰਬਾਲਾ ਆਵੇਗਾ ਅਤੇ ਘਟਨਾ ਵਾਲੀ ਥਾਂ ਦਾ ਮੁਆਇਨਾ ਕਰਨ ਤੋਂ ਬਾਅਦ ਇਸ ਹਾਦਸੇ ਨਾਲ ਸਬੰਧਤ ਸਾਰੇ ਕਰਮਚਾਰੀਆਂ ਤੋਂ ਪੁੱਛਗਿੱਛ ਕੀਤੀ ਜਾਵੇਗੀ। ਲੁਧਿਆਣਾ ਤੋਂ ਕੋਲਕਾਤਾ ਤੱਕ ਡੀਐੱਫਸੀ ਤਹਿਤ ਰੇਲਵੇ ਲਾਈਨ ਵਿਛਾਈ ਗਈ ਹੈ। ਇਸ ਲਾਈਨ 'ਤੇ ਸਿਰਫ਼ ਮਾਲ ਗੱਡੀਆਂ ਹੀ ਚੱਲ ਰਹੀਆਂ ਹਨ। ਇਹ ਪ੍ਰੋਜੈਕਟ ਯਾਤਰੀ ਵਾਹਨਾਂ ਦੀ ਰਫ਼ਤਾਰ ਵਧਾਉਣ, ਕਾਰੋਬਾਰੀਆਂ ਦਾ ਸਮਾਨ ਸਮੇਂ ਸਿਰ ਪਹੁੰਚਾਉਣ ਅਤੇ ਯਾਤਰੀ ਵਾਹਨਾਂ ਲਈ ਵਿਕਲਪ ਖੋਲ੍ਹਣ ਲਈ ਤਿਆਰ ਕੀਤਾ ਗਿਆ ਹੈ।



# ਬਦਲਦੇ ਹਾਲਾਤਾਂ ਵਿਚ ਪੱਛਮ ’ਤੇ ਭਾਰੀ ਪੈਣ ਲੱਗਾ ਪੂਰਬ



ਟੀਐੱਨ ਨੈਨਾਨ

ਪੱਛਮ ਅਤੇ ਬਾਕੀ ਦੁਨੀਆ ਵਿਚਕਾਰ ਤਣਾਤਣੀ ਤਿੱਖੀ ਹੋ ਰਹੀ ਹੈ। ਹੁਣ ਸਪੱਸ਼ਟ ਹੋ ਗਿਆ ਹੈ ਕਿ ਪੱਛਮ ਭਾਵੇਂ ਜ਼ੋਰਦਾਰ ਢੰਗ ਨਾਲ ਮੁੱਕੇ ਜੜ ਰਿਹਾ ਹੈ ਪਰ ਇਹ ਛਿੱਥਾ ਪੈ ਰਿਹਾ ਹੈ। ਕਿਸੇ ਵੇਲੇ ਏਸ਼ੀਆ ਪ੍ਰਸ਼ਾਂਤ ਖਿੱਤੇ ਅੰਦਰ ਅਮਰੀਕੀ ਜਲ ਸੈਨਾ ਦਾ ਦਬਦਬਾ ਸੀ, ਹੁਣ ਇਸ ਨੇ ਡਰਾਵੇ (ਡੈਟਰੈਂਸ) ਵਾਲਾ ਪੈਂਤੜਾ ਅਪਣਾ ਲਿਆ ਹੈ। ਆਰਥਿਕ ਖੇਤਰ ਵਿਚ ਹੀ ਅਮਰੀਕਾ ਨੇ ਹਮਲਾਵਰ ਰੁਖ਼ ਛੱਡ ਕੇ (ਪਾਬੰਦੀਆਂ) ਬਚਾਅ ਦੀ ਮੁਦਰਾ (ਅਮਰੀਕੀ ਮੰਡੀਆਂ ਦੁਆਲੇ ਮਹਿਸੂਲਾਂ ਦੀ ਕੰਧ ਖੜ੍ਹੀ ਕਰ ਕੇ) ਅਖ਼ਤਿਆਰ ਕਰ ਲਈ ਹੈ ਅਤੇ ਯੂਕਰੇਨ ਦੇ ਹੱਕ ਵਿੱਚ ਪੱਛਮ ਦੀ ਇਮਦਾਦ ਰੂਸ ਨੂੰ ਡੱਕ ਨਹੀਂ ਪਾਈ। ਮਾਓ ਜ਼ੇ ਤੁੰਗ ਨੇ ਕਾਫ਼ੀ ਚਿਰ ਪਹਿਲਾਂ ਕਿਹਾ ਸੀ ਕਿ ਪੂਰਬ ਦੀ ਪੌਣ ਪੱਛਮ ’ਤੇ ਭਾਰੂ ਹੋ ਗਈ ਹੈ, ਇਹ ਸ਼ਾਇਦ ਹੁਣ ਵਾਪਰਨਾ ਸ਼ੁਰੂ ਹੋ ਗਿਆ ਹੈ।

ਕਈ ਸਾਲਾਂ ਤੱਕ ਪੱਛਮੀ ਵਿਸ਼ਲੇਸ਼ਕ ਅਤੇ ਪੱਤਰਕਾਰ ਚੀਨ ਤੇ ਰੂਸ ਬਾਰੇ ਗ਼ਲਤ ਪੜ੍ਹਤ ਲੈਂਦੇ ਰਹੇ ਹਨ। ਰੂਸ ਨੂੰ ਇੰਝ ਪੇਸ਼ ਕੀਤਾ ਜਾਂਦਾ ਰਿਹਾ ਕਿ ਇਹ ਆਰਥਿਕ ਤੌਰ ’ਤੇ ਅਸਥਿਰ ਹੈ; ਵਲਾਦੀਮੀਰ ਪੂਤਿਨ ਨੂੰ ਸਿਆਸੀ ਚੁਣੌਤੀਆਂ ਵਿੱਚ ਘਿਰਿਆ ਅਤੇ ਸ਼ਾਇਦ ਗੰਭੀਰ ਰੂਪ ’ਚ ਬਿਮਾਰ ਆਗੂ ਆਖਿਆ ਜਾਂਦਾ ਰਿਹਾ। ਚੀਨ ਦੇ ਚੌਫ਼ਾਲ ਡਿੱਗਣ ਦੇ ਕਿਆਫ਼ੇ ਦੋ ਦਹਾਕਿਆਂ ਤੋਂ ਲਾਏ ਜਾ ਰਹੇ ਹਨ। ਕੁਝ ਸਮਾਂ ਪਹਿਲਾਂ ਕਿਹਾ ਗਿਆ ਸੀ ਕਿ ਇਹ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਫਿਰ ਵੀ ਰੂਸ ਨੇ ਹੈਰਾਨਕੁਨ ਢੰਗ ਨਾਲ ਪੱਛਮੀ ਪਾਬੰਦੀਆਂ ਦਾ ਸਾਹਮਣਾ ਕੀਤਾ। ਇਸ ਨੇ ਯੂਕਰੇਨ ਵਿੱਚ ਆਪਣਾ ਹੱਥ ਉਤਾਂਹ ਕਰ ਲਿਆ ਅਤੇ ਪੂਤਿਨ ਨੂੰ ਇੱਕ ਹੋਰ ਕਾਰਜਕਾਲ ਲਈ ਚੁਣ ਲਿਆ ਗਿਆ। ਇਸ ਦੌਰਾਨ ਚੀਨ ਆਪਣੇ ਹਾਣੀ ਆਮਦਨ ਪੱਧਰਾਂ ਵਾਲੇ ਅਰਥਚਾਰਿਆਂ ’ਚੋਂ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਅਰਥਚਾਰਾ ਬਣਿਆ ਹੋਇਆ ਹੈ।

**ਰੂਸ ਤੇ ਚੀਨ ਇਕ ਦੂਜੇ ਦੇ ਕਾਫ਼ੀ ਕਰੀਬ ਆ ਚੁੱਕੇ ਹਨ ਅਤੇ ਦੁਨੀਆ ਦੇ ਕਈ ਖੇਤਰਾਂ ਵਿਚ ਕੂਟਨੀਤਕ ਜਿੱਤਾਂ ਵੀ ਦਰਜ ਕਰ ਰਹੇ ਹਨ। ਰੂਸ ਨੇ ਸੀਰੀਆ ਵਿਚ ਆਪਣਾ ਪੱਤਾ ਬਾਖ਼ੂਬੀ ਵਰਤਿਆ ਹੈ ਅਤੇ ਹੁਣ ਇਸ ਨੂੰ ਇਰਾਨ ਤੋਂ ਡਰੋਣ ਮਿਲ ਰਹੇ ਹਨ। ਪਿਛਲੇ ਸਾਲ ਚੀਨ ਨੇ ਇਰਾਨ ਅਤੇ ਸਾਊਦੀ ਅਰਬ ਵਿਚਕਾਰ ਸੁਲ੍ਹਾ ਕਰਵਾ ਕੇ ਇਨ੍ਹਾਂ ਦੇ ਦੁਵੱਲੇ ਸਬੰਧ ਆਮ ਵਰਗੇ ਬਣਾ ਦਿੱਤੇ ਹਨ। ਅਫਰੀਕੀ ਮਹਾਂਦੀਪ ਵਿੱਚ ਇਸ ਵਕਤ ਚੀਨ ਅਮਰੀਕਾ ਨਾਲੋਂ ਜ਼ਿਆਦਾ ਖਰਚਾ ਕਰ ਰਿਹਾ ਹੈ ਅਤੇ ਉਸ ਨੂੰ ਇਸ ਦੀ ਲੋੜ ਵੀ ਹੈ; ਇੱਕ ਤੋਂ ਬਾਅਦ ਇੱਕ ਮੁਲਕ ਫਰਾਂਸੀਸੀ ਅਤੇ ਅਮਰੀਕੀ ਫ਼ੌਜੀਆਂ ਨੂੰ ਦੁਤਕਾਰ ਰਹੇ ਹਨ ਤੇ ਸੁਰੱਖਿਆ ਇਮਦਾਦ ਲਈ ਰੂਸੀ ਫ਼ੌਜੀਆਂ ਨੂੰ ਸੱਦਿਆ ਜਾ ਰਿਹਾ ਹੈ।**

ਹਾਲ ਹੀ ਵਿੱਚ ਅਮਰੀਕਾ ਨੇ ਚੀਨ ਦੀਆਂ ਕੁਝ ਵਸਤਾਂ ਉਪਰ ਮਹਿਸੂਲ ਦਰਾਂ ਵਿੱਚ ਜੋ ਤਿੱਖਾ ਵਾਧਾ ਕਰਨ ਦਾ ਐਲਾਨ ਕੀਤਾ ਹੈ, ਉਹ ਕੋਈ ਮੁਕੰਮਲ ਵਪਾਰ ਯੁੱਧ ਦਾ ਸੰਕੇਤ ਨਹੀਂ ਕਿਉਂਕਿ ਉਨ੍ਹਾਂ ਦਾ ਨਿਸ਼ਾਨਾ ਉਨ੍ਹਾਂ ਚੀਜ਼ਾਂ ’ਤੇ ਹੈ ਜੋ ਚੀਨ ਅਮਰੀਕਾ ਵਿਚ ਬਹੁਤਾ ਵੇਚ ਹੀ ਨਹੀਂ ਰਿਹਾ। ਇਸ ਕਿਸਮ ਦੇ ਬਚਾਓਵਾਦੀ ਹਥਕੰਡੇ ਪਹਿਲਾਂ ਵਾਲੀਆਂ ਜ਼ਾਹਿਰਾਨਾ ਪੇਸ਼ਕਦਮੀਆਂ ’ਤੇ ਦਿੱਤੇ ਜਾਂਦੇ ਜ਼ੋਰ ਨਾਲ ਮੇਲ ਨਹੀਂ ਖਾਂਦੇ। ਉਮੀਦ ਕੀਤੀ ਜਾਂਦੀ ਸੀ ਕਿ ਉਨ੍ਹਾਂ ਜ਼ਾਹਿਰਾਨਾ ਪੇਸ਼ਕਦਮੀਆਂ ਨਾਲ ਅਮਰੀਕਾ ਦੇ ਦੁਸ਼ਮਣਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਵੇਗੀ। ਇਸ ਲਈ ਇਸ ਸੰਕੇਤ ਦਾ ਧੁਰਾ ਮੁੱਖ ਤੌਰ ’ਤੇ ਰਾਸ਼ਟਰਪਤੀ ਜੋਅ ਬਾਇਡਨ ਦਾ ਘਰੋਗੀ ਸਿਆਸੀ ਆਧਾਰ ਹੈ। ਇਸ ਦੇ ਹੁੰਦਿਆਂ-ਸੁੰਦਿਆਂ ਚੀਨ ਨਿਸ਼ਾਨੇ ’ਤੇ ਰੱਖੀਆਂ ਜ਼ਿਆਦਾਤਰ ਵਸਤੂਆਂ ਦਾ ਮੁੱਖ ਉਤਪਾਦਕ ਹੈ ਅਤੇ ਇਹ ਹੋਰ ਮੰਡੀਆਂ ਲੱਭ ਸਕਦਾ ਹੈ। ਇਸ ਦਾ ਖਮਿਆਜ਼ਾ ਅਮਰੀਕੀ ਦਰਾਮਦਕਾਰਾਂ ਨੂੰ ਭੁਗਤਣਾ ਪਵੇਗਾ ਜਿਨ੍ਹਾਂ ਨੂੰ ਕੁਝ ਆਈਟਮਾਂ ਦੀ ਸਪਲਾਈ ਦਾ ਬਦਲਵਾਂ ਸਰੋਤ ਨਹੀਂ ਮਿਲ ਸਕਣਾ। ਚੀਨ ਤੀਜੀ ਦੁਨੀਆ ਦੇ ਦੇਸ਼ਾਂ ਵਿਚਲੀਆਂ ਫੈਕਟਰੀਆਂ ਰਾਹੀਂ ਵੀ ਸਪਲਾਈ ਭੇਜ ਸਕਦਾ ਹੈ। ਇਸ ਦੌਰਾਨ ਅਮਰੀਕੀ ਖਪਤਕਾਰਾਂ ਨੂੰ ਮਹਿੰਗਾਈ ਦਰ ਦੀ ਕੀਮਤ ਤਾਰਨੀ ਪਵੇਗੀ। ਬਿਨਾਂ ਸ਼ੱਕ ਪਾਬੰਦੀਆਂ ਨੇ ਸੱਟ ਮਾਰੀ ਸੀ ਪਰ ਇਸ ਦਾ ਅਸਰ ਅੰਸ਼ਕ ਸਾਬਿਤ ਹੋਇਆ। ਰੂਸ ਨੇ ਆਪਣੇ ਤੇਲ ਤੇ ਗੈਸ ਦੇ ਨਵੇਂ ਗਾਹਕ ਲੱਭ ਲਏ; ਯੂਰੋਪ ਨੇ ਸਸਤੀ ਊਰਜਾ ਦਾ ਅਹਿਮ ਸਰੋਤ ਗੁਆ ਲਿਆ ਜਿਸ ਕਰ ਕੇ ਜਰਮਨੀ ਜਿਹੇ ਕਈ ਅਰਥਚਾਰੇ ਡਾਵਾਂਡੋਲ ਹੋ ਗਏ। ਇਸ ਦੌਰਾਨ ਰੂਸੀ ਅਰਥਚਾਰੇ ਅਜੇ ਵੀ ਪ੍ਰਫੁੱਲਤ ਹੋ ਰਿਹਾ ਹੈ।

ਰੂਸ ਅਤੇ ਚੀਨ ਨੇ ਅਜਿਹੀਆਂ ਅਦਾਇਗੀ ਪ੍ਰਣਾਲੀਆਂ ਵਿਕਸਤ ਕਰ ਲਈਆਂ ਜੋ ਡਾਲਰ (ਰੂਸ ਤੇ ਚੀਨ ਦਾ 95 ਫ਼ੀਸਦ ਵਪਾਰ ਇਸ ਵੇਲੇ ਮੁਕਾਮੀ ਕਰੰਸੀਆਂ ਵਿੱਚ ਹੋ ਰਿਹਾ ਹੈ) ਅਤੇ ਇੱਥੋਂ ਤੱਕ ‘ਸਵਿਫਟ’ ਜਿਹੀਆਂ ਬੈਂਕਿੰਗ ਸੰਚਾਰ ਪ੍ਰਣਾਲੀਆਂ ਨੂੰ ਵੀ ਬਾਈਪਾਸ ਕਰਦੀਆਂ ਹਨ। ਰੂਸ ਦੇ ਰਾਖਵੇਂ ਭੰਡਾਰਾਂ ਵਿੱਚ ਇਸ ਸਮੇਂ ਡਾਲਰ ਨਾਲੋਂ ਰੈਨਮਿਨਬੀਜ਼ (ਚੀਨੀ ਕਰੰਸੀ ਯੁਆਨ ਦਾ ਇੱਕ ਹੋਰ ਨਾਂ) ਜ਼ਿਆਦਾ ਹਨ ਤੇ ਚੀਨ ਨੇ ਪਿਛਲੇ ਅਠਾਰਾਂ ਕੁ ਮਹੀਨਿਆਂ ਤੋਂ ਭਾਰੀ ਮਾਤਰਾ ਵਿੱਚ ਸੋਨਾ ਖਰੀਦਿਆ ਹੈ। ਪੀਪਲਜ਼ ਬੈਂਕ ਆਫ ਚਾਈਨਾ ਕੋਲ ਪਿਆ 2250 ਟਨ ਸੋਨਾ ਆਪਣੇ ਉਚਤਮ ਪੱਧਰ ’ਤੇ ਹੈ, ਫਿਰ ਵੀ ਇਹ ਇਸ ਦੇ ਕੁੱਲ ਭੰਡਾਰਾਂ ਦੇ ਪੰਜ ਫ਼ੀਸਦ ਹਿੱਸੇ ਤੋਂ ਵੀ ਘੱਟ ਹੈ।

ਜਿੱਥੋਂ ਤੱਕ ਤਕਨਾਲੋਜੀ ਦਾ ਸਵਾਲ ਹੈ, ਚੀਨ ਪਹਿਲਾਂ ਅੱਗੇ ਚੱਲ ਰਿਹਾ ਹੈ ਅਤੇ ਇਹ ਹੋਰ ਮੁਲਕਾਂ ਨਾਲੋਂ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਨੇ ਬਿਜਲਈ ਵਾਹਨਾਂ, ਸੌਰ ਊਰਜਾ ਅਤੇ ਲਿਥੀਅਮ ਬੈਟਰੀਆਂ ਦੇ ਸਵੱਛ ਊਰਜਾ ਖੇਤਰ ਵਿਚ ਮੋਹਰੀ ਪੁਜ਼ੀਸ਼ਨ ਬਣਾ ਲਈ ਹੈ। ਚੀਨ ਇਨ੍ਹਾਂ ਸਨਅਤਾਂ ਲਈ ਵਿਸ਼ੇਸ਼ ਪਦਾਰਥਾਂ ਦੀ ਸਪਲਾਈ ਯਕੀਨੀ ਬਣਾਉਣ ਵਿਚ ਬਾਕੀਆਂ ਨਾਲੋਂ ਕਾਫ਼ੀ ਅੱਗੇ ਹੈ ਅਤੇ ਉਨ੍ਹਾਂ ’ਚੋਂ ਕੁਝ ਮੰਡੀਆਂ ’ਤੇ ਇਸ ਦੀ ਅਜਾਰੇਦਾਰੀ ਬਣ ਚੁੱਕੀ ਹੈ। ਇਹ ਹੁਣ ਇਲੈਕਟ੍ਰੌਨਿਕਸ, ਜੀਵ ਵਿਗਿਆਨਾਂ ਅਤੇ ਰੱਖਿਆ ਉਤਪਾਦਨ ਵਿੱਚ ਤਕਨੀਕੀ ਮਾਅਰਕੇ ਮਾਰਨ ਦੀ ਤਿਆਰੀ ਕਰ ਰਿਹਾ ਹੈ। ਮਿਸਾਲ ਦੇ ਤੌਰ ’ਤੇ ਹੁਆਵੇ ਨੇ ਹਾਲ ਹੀ ਵਿੱਚ 7-ਐੱਨਐੱਮ (ਨੈਨੋਮੀਟਰ) ਚਿੱਪਾਂ ਵਾਲਾਂ ਸਮਾਰਟ-ਫੋਨ ਤਿਆਰ ਕਰ ਕੇ ਪੱਛਮ ਨੂੰ ਦੰਗ ਕਰ ਦਿੱਤਾ ਹੈ; ਇਹ ਹੁਣ 5 ਐੱਨਐੱਮ ਚਿੱਪਾਂ ਵਾਲਾ ਸਮਾਰਟਫੋਨ ਬਣਾਉਣ ਦੀ ਤਿਆਰੀ ਵਿੱਚ ਹੈ। ਚੀਨ ਨੇ ਅਗਲੇ ਸਾਲ ਤੱਕ ਚਿੱਪ ਨਿਰਮਾਣ ਵਿੱਚ 70 ਫ਼ੀਸਦੀ ਆਤਮ-ਨਿਰਭਰਤਾ ਹਾਸਲ ਕਰਨ ਦਾ ਟੀਚਾ ਰੱਖਿਆ ਹੈ। ਇਸ ਦੌਰਾਨ ਪੱਛਮੀ ਦੇਸ਼ਾਂ ਦੀਆਂ ਦਵਾ ਬਣਾਉਣ ਵਾਲੀਆਂ ਕੰਪਨੀਆਂ ਨੇ ਬਾਇਓਬੇਅ (ਸ਼ੰਘਾਈ ਨੇੜੇ ਸੂਚਾਓ ਵਿਖੇ ਨਵੀਨ ਕਾਢਾਂ ਲਈ ਬਣੀ ਮੈਗਾ ਹੱਬ) ਜਿਹੀਆਂ ਥਾਵਾਂ ’ਚ ਬਾਇਓਫਾਰਮਾ ਅਤੇ ਜੀਵ ਵਿਗਿਆਨਾਂ ਵਿੱਚ ਚੀਨ ਦੀ ਅਗਵਾਈ ਪ੍ਰਵਾਨ ਕਰ ਲਈ ਹੈ। ਰੱਖਿਆ ਖੇਤਰ ਵਿੱਚ ਚੀਨ ਚੌਥੇ ਵਿਮਾਨ ਵਾਹਕ ਬੇੜੇ ਦਾ ਨਿਰਮਾਣ ਕਰ ਰਿਹਾ ਹੈ ਜੋ ਪਰਮਾਣੂ ਊਰਜਾ ਨਾਲ ਚੱਲੇਗਾ। ਇਹ ਨਵੀਂ ਤਕਨਾਲੋਜੀ ਦਾ ਉਭਾਰ ਹੋਵੇਗਾ। ਹੁਣ ਤੱਥ ਇਹ ਹੈ ਕਿ ਚੀਨ ਲਈ ਤਕਨਾਲੋਜੀ ਦੇ ਬੂਹੇ ਭੇੜਨ ਵਿਚ ਹੁਣ ਬਹੁਤ ਦੇਰ ਹੋ ਚੁੱਕੀ ਹੈ।

ਸੁਰੱਖਿਆ ਮੁਹਾਜ਼ ’ਤੇ ਪੱਛਮੀ ਸਮੀਖਿਅਕਾਂ ਨੂੰ ਇਸ ਗੱਲ ਦੀ ਚਿੰਤਾ ਹੋ ਰਹੀ ਹੈ ਕਿ ਜੇ ਰੂਸ ਯੂਕਰੇਨ ’ਤੇ ਭਾਰੀ ਪੈ ਗਿਆ ਅਤੇ ਅੱਧਿਓਂ ਵੱਧ ਤਬਾਹ ਹੋ ਚੁੱਕੇ ਇਸ ਮੁਲਕ ਦਾ ਹੋਰ ਹਿੱਸਾ ਹੜੱਪ ਲੈਂਦਾ ਹੈ ਤਾਂ ਇਸ ਦੇ ਕਿਹੋ ਜਿਹੇ ਸਿੱਟੇ ਨਿਕਲਣਗੇ। ਜੇ ਡੋਨਲਡ ਟਰੰਪ ਅਮਰੀਕਾ ਵਿਚ ਰਾਸ਼ਟਰਪਤੀ ਬਣ ਕੇ ਵਾਪਸੀ ਕਰਦੇ ਹਨ ਅਤੇ ‘ਨਾਟੋ’ ਨੂੰ ਲੰਗੜਾ ਬਣਾ ਦੇਣ ਦੀ ਆਪਣੀ ਧਮਕੀ ਅਮਲ ਵਿਚ ਲਿਆਉਂਦੇ ਹਨ ਤਾਂ ਹਾਲਾਤ ਹੋਰ ਜ਼ਿਆਦਾ ਵਿਗੜ ਸਕਦੇ ਹਨ। ਯੂਰੋਪੀਅਨ ਰੱਖਿਆ ਦਸਤਿਆਂ ਕੋਲ ਮੌਜੂਦਾ ਨਫ਼ਰੀ, ਸਾਜ਼ੋ-ਸਾਮਾਨ, ਲੜਾਕੂ ਕੁੱਵਤਾਂ ਅਤੇ ਰੱਖਿਆ ਉਤਪਾਦਕ ਸਮਰੱਥਾਵਾਂ ਦੀਆਂ ਸ਼ਦੀਦ ਸੀਮਤਾਈਆਂ ਦੇ ਮੱਦੇਨਜ਼ਰ ਸਮੁੱਚਾ ਯੂਰੋਪ ਅਚਨਚੇਤ ਸਭ ਤੋਂ ਵੱਧ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਿਆ ਹੈ। ਯੂਰੋਪੀਅਨ ਰੱਖਿਆ ਬਜਟਾਂ ਵਿਚ ਵਾਧਾ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦੇ ਦੋ ਫ਼ੀਸਦ ਦੇ ਟੀਚੇ ਤੱਕ ਪਹੁੰਚ ਗਿਆ ਹੈ ਪਰ ਇਸ ਨੂੰ ਅਮਰੀਕੀ ਇਮਦਾਦ ਤੋਂ ਬਗ਼ੈਰ ਆਪਣੀ ਰੱਖਿਆ ਦੇ ਯੋਗ ਬਣਨ ਵਿਚ ਘੱਟੋ-ਘੱਟ ਇਕ ਦਹਾਕਾ ਲੱਗ ਜਾਵੇਗਾ।

ਦੂਜੇ ਬੰਨੇ, ਰੂਸ ਤੇ ਚੀਨ ਇਕ ਦੂਜੇ ਦੇ ਕਾਫ਼ੀ ਕਰੀਬ ਆ ਚੁੱਕੇ ਹਨ ਅਤੇ ਦੁਨੀਆ ਦੇ ਕਈ ਖੇਤਰਾਂ ਵਿਚ ਕੂਟਨੀਤਕ ਜਿੱਤਾਂ ਵੀ ਦਰਜ ਕਰ ਰਹੇ ਹਨ। ਰੂਸ ਨੇ ਸੀਰੀਆ ਵਿਚ ਆਪਣਾ ਪੱਤਾ ਬਾਖ਼ੂਬੀ ਵਰਤਿਆ ਹੈ ਅਤੇ ਹੁਣ ਇਸ ਨੂੰ ਇਰਾਨ ਤੋਂ ਡਰੋਨ ਮਿਲ ਰਹੇ ਹਨ। ਪਿਛਲੇ ਸਾਲ ਚੀਨ ਨੇ ਇਰਾਨ ਅਤੇ ਸਾਊਦੀ ਅਰਬ ਵਿਚਕਾਰ ਸੁਲ੍ਹਾ ਕਰਵਾ ਕੇ ਇਨ੍ਹਾਂ ਦੇ ਦੁਵੱਲੇ ਸਬੰਧ ਆਮ ਵਰਗੇ ਬਣਾ ਦਿੱਤੇ ਹਨ। ਅਫਰੀਕੀ ਮਹਾਂਦੀਪ ਵਿੱਚ ਇਸ ਵਕਤ ਚੀਨ ਅਮਰੀਕਾ ਨਾਲੋਂ ਜ਼ਿਆਦਾ ਖਰਚਾ ਕਰ ਰਿਹਾ ਹੈ ਅਤੇ ਉਸ ਨੂੰ ਇਸ ਦੀ ਲੋੜ ਵੀ ਹੈ; ਇੱਕ ਤੋਂ ਬਾਅਦ ਇੱਕ ਮੁਲਕ ਫਰਾਂਸੀਸੀ ਅਤੇ ਅਮਰੀਕੀ ਫ਼ੌਜੀਆਂ ਨੂੰ ਦੁਤਕਾਰ ਰਹੇ ਹਨ ਤੇ ਸੁਰੱਖਿਆ ਇਮਦਾਦ ਲਈ ਰੂਸੀ ਫ਼ੌਜੀਆਂ ਨੂੰ ਸੱਦਿਆ ਜਾ ਰਿਹਾ ਹੈ। ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਜਿਨ੍ਹਾਂ ਦੇ ਅਰਥਚਾਰੇ ਚੀਨ ਦੇ ਅਰਥਚਾਰੇ ਨਾਲ ਨੇੜਿਓਂ ਜੁੜੇ ਹੋਏ ਹਨ ਅਤੇ ਹੋਰ ਜ਼ਿਆਦਾ ਜੁੜ ਰਹੇ ਹਨ, ਵਿੱਚ ਵੀ ਹੁਣ ਅਮਰੀਕਾ ਤੇ ਚੀਨ ’ਚੋਂ ਕਿਸੇ ਇੱਕ ਦੀ ਚੋਣ ਨਹੀਂ ਕਰਨਾ ਚਾਹ ਰਹੇ। ਅਮਰੀਕਾ ਨੇ ਵਾਰ-ਵਾਰ ਦਿਖਾਇਆ ਹੈ ਕਿ ਉਹ ਇਮਦਾਦ ਲਈ ਗ਼ੈਰ-ਭਰੋਸੇਮੰਦ ਹੈ; ਜਿਵੇਂ ਹਾਲ ਹੀ ਵਿਚ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਾਉਣ ਤੋਂ ਜ਼ਾਹਿਰ ਹੋਇਆ ਹੈ; ਜਦੋਂ ਇਹ ਯੂਕਰੇਨ ਤੇ ਗਾਜ਼ਾ ਬਾਰੇ ਆਪਾ-ਵਿਰੋਧੀ ਪੈਂਤੜੇ ਅਖਤਿਆਰ ਕਰਦਾ ਹੈ, ਇਸ ਨਾਲ ਪੱਛਮ ਦੀ ਕੋਈ ਭਰੋਸੇਯੋਗਤਾ ਨਹੀਂ ਬਣਦੀ।

ਪੱਛਮੀ ਟਿੱਪਣੀਕਾਰਾਂ ਦੀ ਇਹ ਦਲੀਲ ਹੈ ਕਿ ਚੀਨ ਪਿਛਲੇ ਲੰਮੇ ਅਰਸੇ ਤੋਂ ਭਾਰੀ ਸਰਕਾਰੀ ਸਹਾਇਤਾ ਨਾਲ ਸਨਅਤਾਂ ਪ੍ਰਫੁੱਲਤ ਕਰ ਕੇ ਅਤੇ ਆਪਣੀ ਕਰੰਸੀ ਦਾ ਮੁੱਲ ਵਾਧਾ ਹੋਣ ਦੀ ਆਗਿਆ ਦਿੱਤੇ ਬਿਨਾਂ ਆਪਣੇ ਜ਼ਬਰਦਸਤ ਵਪਾਰਕ ਮੁਨਾਫ਼ਿਆਂ ਜ਼ਰੀਏ ਤਜਾਰਤੀ ਰਾਹ ’ਤੇ ਚਲ ਰਿਹਾ ਹੈ; ਤੇ ਇਹ ਵੀ ਕਿ ਚੀਨ ਪੱਛਮੀ ਦੇਸ਼ਾਂ ਨੂੰ ਮੋੜਵੇਂ ਉਪਰਾਲੇ ਕਰਨ ਲਈ ਉਕਸਾ ਰਿਹਾ ਹੈ। ਇੱਥੋਂ ਤੱਕ ਉਨ੍ਹਾਂ ਦੀ ਗੱਲ ਸਹੀ ਹੈ ਪਰ ਉਹ ਅਗਾਂਹ ਇਹ ਨਹੀਂ ਦੱਸਦੇ ਕਿ ਚੀਨ ਦੀਆਂ ਘਰੋਗੀ ਮੰਡੀਆਂ ਵਿਚ ਮੁਕਾਬਲੇ ਦਾ ਪੱਧਰ ਬਹੁਤ ਜ਼ਿਆਦਾ ਉੱਚਾ ਹੈ। ਮਸਲਨ, ਇਲੈਕਟ੍ਰਿਕ ਵਾਹਨਾਂ ਦੀਆਂ 139 ਦੇ ਕਰੀਬ ਕੰਪਨੀਆਂ ਉਭਰ ਆਈਆਂ ਹਨ ਪਰ ਇਨ੍ਹਾਂ ’ਚੋਂ ਕੁਝ ਕੁ ਸਭ ਤੋਂ ਵੱਧ ਯੋਗ ਕੰਪਨੀਆਂ ਹੀ ਮੈਦਾਨ ਵਿਚ ਟਿਕਣਗੀਆਂ, ਸੰਭਾਵੀ ਤੌਰ ’ਤੇ ਬੀਵਾਈਡੀ ਜਿਹੀਆਂ ਕੰਪਨੀਆਂ ਹੀ ਦੁਨੀਆ ਭਰ ’ਚ ਆਪਣਾ ਪਰਚਮ ਲਹਿਰਾ ਸਕਣਗੀਆਂ।

# ਕਿਸਾਨਾਂ ਦੇ ਮਸਲੇ ਅਤੇ ਅੱਜ ਦੇ ਨਿਜ਼ਾਮ

ਦਵਿੰਦਰ ਸ਼ਰਮਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਵੀਰਵਾਰ ਜਦੋਂ ਪਟਿਆਲੇ ਚੋਣ ਰੈਲੀ ਨੂੰ ਸੰਬੋਧਨ ਕਰਨ ਆਏ ਤਾਂ ਉਨ੍ਹਾਂ ਨੂੰ ਕਿਸਾਨਾਂ ਅੰਦਰ ਉਬਾਲੇ ਖਾ ਰਹੇ ਰੋਸ ਦੀ ਭਿਣਕ ਪੈ ਗਈ ਹੋਵੇਗੀ। ਕਿਸਾਨਾਂ ਨੂੰ ਰੈਲੀ ਵਾਲੀ ਜਗ੍ਹਾ ਤੋਂ ਦੂਰ ਰੱਖਣ ਲਈ ਹਜ਼ਾਰਾਂ ਦੀ ਤਾਦਾਦ ਵਿਚ ਸੁਰੱਖਿਆ ਬਲ ਤਾਇਨਾਤ ਕਰ ਕੇ ਸ਼ਹਿਰ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ; ਇਸ ਦੇ ਬਾਵਜੂਦ ਕਾਲੇ ਝੰਡੇ ਲੈ ਕੇ ਸੰਘਰਸ਼ਸ਼ੀਲ ਕਿਸਾਨਾਂ ਨੇ ਸ਼ਹਿਰ ਦੇ ਮੁੱਖ ਲਾਂਘਿਆਂ ਦੀ ਘੇਰਾਬੰਦੀ ਕਰ ਕੇ ਅਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਬਾਹਰ ਧਰਨਾ ਦੇ ਕੇ ਆਪਣਾ ਰੋਸ ਦਰਜ ਕਰਵਾ ਦਿੱਤਾ। ਦੇਸ਼ ਦੇ ਉੱਤਰ ਪੱਛਮੀ ਖਿੱਤੇ ਦੇ ਕਾਸ਼ਤਕਾਰ ਯਕੀਨਨ ਤਾਕਤ ਬਣ ਕੇ ਉੱਭਰੇ ਹਨ। ਸਾਲ 2020-21 ਦੌਰਾਨ ਦਿੱਲੀ ਦੀਆਂ ਬਰੂਹਾਂ ’ਤੇ ਚੱਲੇ ਮਿਸਾਲੀ ਅੰਦੋਲਨ ਤੋਂ ਬਾਅਦ ਕਿਸਾਨ ਲਹਿਰ ਸਾਡੇ ਅਰਥਚਾਰੇ ’ਤੇ ਵਧ ਰਹੇ ਕਾਰਪੋਰੇਟ ਅਸਰ ਦਾ ਤੋੜ ਬਣ ਕੇ ਸਾਹਮਣੇ ਆਈ ਹੈ ਤਾਂ ਕਿ ਕਿਸਾਨੀ ਦੀ ਆਰਥਿਕ ਸਥਿਰਤਾ ’ਤੇ ਇਕ ਵਾਰ ਧਿਆਨ ਕੇਂਦਰਤ ਕੀਤਾ ਜਾ ਸਕੇ।

ਬੀਤੇ ਸਮਿਆਂ ਤੋਂ ਉਲਟ ਹੁਣ ਕਿਸਾਨੀ ਮੁੱਦੇ ਕੌਮਾਂਤਰੀ ਪੱਧਰ ’ਤੇ ਛਾਏ ਹੋਏ ਹਨ। 27 ਮੈਂਬਰੀ ਯੂਰੋਪੀਅਨ ਸੰਘ ਦੇ 24 ਦੇਸ਼ਾਂ ਅੰਦਰ ਹਾਲ ਹੀ ਵਿਚ ਲਾਮਿਸਾਲ ਕਿਸਾਨ ਪ੍ਰਦਰਸ਼ਨ ਹੋਏ ਹਨ ਜਿਨ੍ਹਾਂ ਨੇ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਕਿਸਾਨਾਂ ਦੀ ਗੱਲ ਸੁਣਨ ਲਈ ਮਜਬੂਰ ਕੀਤਾ ਹੈ। ਯੂਰੋਪੀਅਨ ਦੇਸ਼ਾਂ ਨੇ ਆਪੋ-ਆਪਣੀਆਂ ਰਾਜਧਾਨੀਆਂ ਵਿਚ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਕਰਨ ਦੀ ਖੁੱਲ੍ਹ ਦਿੱਤੀ ਪਰ ਭਾਰਤ ਸਰਕਾਰ ਨੇ ਆਪਣੇ ਕਿਸਾਨਾਂ ਨੂੰ ਨਵੀਂ ਦਿੱਲੀ ਪਹੁੰਚਣ ਤੋਂ ਰੋਕਣ ਵਾਸਤੇ ਮੁੱਖ ਮਾਰਗਾਂ ’ਤੇ ਕਿੱਲਾਂ ਗੱਡੇ, ਵੱਡੇ-ਵੱਡੇ ਪੱਥਰ ਰੱਖੇ ਤੇ ਤਰ੍ਹਾਂ-ਤਰ੍ਹਾਂ ਦੀਆਂ ਰੋਕਾਂ ਖੜ੍ਹੀਆਂ ਕੀਤੀਆਂ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਸੁਰੱਖਿਆ ਦਸਤੇ ਤਾਇਨਾਤ ਕੀਤੇ। ਕਿਸਾਨਾਂ ਨੂੰ ਇਕ ਗੱਲ ਸਮਝ ਪੈ ਗਈ ਕਿ ਉਨ੍ਹਾਂ ਨੂੰ ਆਪਣੀਆਂ ਮੰਗਾਂ ਉਭਾਰਨ ਲਈ ਰਾਜਧਾਨੀ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ; ਇਸ ਲਈ ਉਨ੍ਹਾਂ ਟਕਰਾਅ ਵਿਚ ਪੈਣ ਦੀ ਬਜਾਇ ਦਿੱਲੀ ਦੀਆਂ ਹੱਦਾਂ ’ਤੇ ਹੀ ਡੇਰੇ ਲਾ ਲਏ ਸਨ।

ਇਸ ਹਫ਼ਤੇ ਦੇ ਸ਼ੁਰੂ ’ਚ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਸੀ) ਦੇ ‘ਦਿੱਲੀ ਚਲੋ’ ਸੱਦੇ ਦੇ 100ਵੇਂ ਦਿਨ ’ਤੇ ਸ਼ੰਭੂ ਤੇ ਖਨੌਰੀ ਲਾਂਘਿਆਂ ’ਤੇ ਕਿਸਾਨਾਂ ਦੇ ਭਾਰੀ ਇਕੱਠ ਹੋਏ। ਕਿਸਾਨਾਂ ਅੰਦਰ ਇਹ ਭਾਵਨਾ ਆਮ ਹੈ: “ਜੇ ਸਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਦੀ ਖੁੱਲ੍ਹ ਨਹੀਂ ਦਿੰਦੀ ਤਾਂ ਅਸੀਂ ਭਾਜਪਾ ਨੂੰ ਪਿੰਡਾਂ ’ਚ ਦਾਖ਼ਲ ਹੋਣ ਦੀ ਆਗਿਆ ਨਹੀਂ ਦੇਵਾਂਗੇ।” ਹਰਿਆਣਾ ’ਚ ਕਿਸਾਨਾਂ ਨੇ ਭਾਜਪਾ ਤੋਂ ਇਲਾਵਾ ਇਸ ਦੀ ਸਹਿਯੋਗੀ ਰਹੀ ਜਨਨਾਇਕ ਜਨਤਾ ਪਾਰਟੀ ਦੇ ਉਮੀਦਵਾਰਾਂ ਦਾ ਪਿੰਡਾਂ ਵਿਚ ਦਾਖ਼ਲਾ ਬੰਦ ਕੀਤਾ ਹੋਇਆ ਹੈ। ਕਿਸਾਨ ਆਪਣੀਆਂ ਮੰਗਾਂ ਖਾਸਕਰ ਵੱਖ-ਵੱਖ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਬਾਰੇ ਉਮੀਦਵਾਰਾਂ ਤੋਂ ਸਵਾਲ ਪੁੱਛੇ ਜਾ ਰਹੇ ਹਨ।

ਅੰਦੋਲਨਕਾਰੀ ਕਿਸਾਨ ਪੰਜਾਬ, ਹਰਿਆਣਾ, ਰਾਜਸਥਾਨ ਦੇ ਕੁਝ ਹਿੱਸਿਆਂ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਭਾਜਪਾ ਦੇ ਉਮੀਦਵਾਰਾਂ ਨੂੰ ਕਿਸੇ ਵੀ ਸੂਰਤ ਵਿਚ ਪਿੰਡਾਂ ਵਿਚ ਦਾਖ਼ਲ ਹੋ ਕੇ ਪ੍ਰਚਾਰ ਕੀਤੇ ਜਾਣ ਖਿਲਾਫ਼ ਜ਼ਬਰਦਸਤ ਵਿਰੋਧ ਕਰ ਰਹੇ ਹਨ। ਹਿਮਾਚਲ ਪ੍ਰਦੇਸ਼ ਵਿਚ ਵੀ ਸੇਬ ਉਤਪਾਦਕਾਂ ਨੇ ਦਰਾਮਦੀ ਮਹਿਸੂਲ ਵਿਚ ਵਾਧਾ ਕਰਨ ਦੀ ਮੰਗ ਲਈ ਰੋਸ ਮੁਜ਼ਾਹਰੇ ਕੀਤੇ ਹਨ। ਇਸ ਦੌਰਾਨ ਬਹੁਤ ਸਾਰੀਆਂ ਵੀਡੀਓਜ਼ ਤੋਂ ਪਤਾ ਲੱਗਦਾ ਹੈ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਭਾਜਪਾ ਉਮੀਦਵਾਰਾਂ ਨੂੰ ਵਾਪਸ ਜਾਣ ਲਈ ਕਿਵੇਂ ਮਜਬੂਰ ਕੀਤਾ।

ਕੁਝ ਸਿਆਸੀ ਆਗੂਆਂ ਤੇ ਸ਼ਹਿਰੀ ਕੁਲੀਨਾਂ ਅਤੇ ਮੀਡੀਆ ਲਈ ਕਿਸਾਨਾਂ ’ਤੇ ਗੁੱਝੇ ਸਿਆਸੀ ਮਨੋਰਥਾਂ ਤਹਿਤ ਧਰਨੇ ਮੁਜ਼ਾਹਰੇ ਕਰਨ ਦਾ ਦੋਸ਼ ਮੜ੍ਹਨਾ, ਅਪਸ਼ਬਦ ਬੋਲਣਾ ਅਤੇ ਉਨ੍ਹਾਂ ਨੂੰ ਖ਼ਾਲਿਸਤਾਨੀ ਤੇ ਦੇਸ਼ਧ੍ਰੋਹੀ ਕਹਿਣਾ ਬਹੁਤ ਅਸਾਨ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਬਿਲਕੁਲ ਅਹਿਸਾਸ ਨਹੀਂ ਕਿ ਅਜਿਹਾ ਭੰਡੀ ਪ੍ਰਚਾਰ ਕਰ ਕੇ ਉਹ ਕਿਸਾਨ ਭਾਈਚਾਰੇ ਦੀ ਹੇਠੀ ਕਰ ਰਹੇ ਹਨ। ਆਖ਼ਿਰਕਾਰ, ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਪੰਜਾਬ ਅਤੇ ਹਰਿਆਣਾ ਦੇ ਜੁਰਅਤਮੰਦ ਕਿਸਾਨ ਹੀ ਸਨ ਜਿਨ੍ਹਾਂ ਨੇ ਦੇਸ਼ ਦੀ ‘ਅੰਨ ਮੁਥਾਜੀ’ ਖ਼ਤਮ ਕੀਤੀ ਸੀ। ਕੋਈ ਸ਼ੁਕਰਗੁਜ਼ਾਰ ਕੌਮ ਆਪਣੇ ਕਿਸਾਨਾਂ ਨੂੰ ਆਰਥਿਕ ਬੋਝ ਸਮਝਣ ਦੀ ਭੁੱਲ ਨਹੀਂ ਕਰ ਸਕਦੀ।

ਅਜੇ ਵੀ ਜਦੋਂ ਕਦੇ ਮੌਸਮੀ ਗੜਬੜ ਕਰ ਕੇ ਅਨਾਜ ਦੀ ਪੈਦਾਵਾਰ ਵਿਚ ਥੁੜ ਵਾਲੀ ਹਾਲਤ ਪੈਦਾ ਹੁੰਦੀ ਹੈ ਤਾਂ ਪੂਰਾ ਦੇਸ਼ ਪੰਜਾਬ ਦੇ ਕਿਸਾਨਾਂ ਵੱਲ ਝਾਕਣ ਲੱਗ ਪੈਂਦਾ ਹੈ। ਸ਼ੁਰੂ ਤੋਂ ਹੀ ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਵਧਾਉਣ ਦੇ ਉਪਰਾਲੇ ਕੀਤੇ ਜਾਂਦੇ ਰਹੇ ਹਨ ਜਿਸ ਕਰ ਕੇ ਇਸ ਖਿੱਤੇ ਨੂੰ ਦੇਸ਼ ਦਾ ਅੰਨ ਭੰਡਾਰ (ਫੂਡ ਬਾਊਲ) ਕਿਹਾ ਜਾਂਦਾ ਹੈ।

ਇਹ ਕਾਸ਼ਤਕਾਰ ਦੇਸ਼ ’ਚ ਖ਼ੁਰਾਕੀ ਸੁਰੱਖਿਆ ਯਕੀਨੀ ਬਣਾਉਂਦੇ ਹਨ ਜੋ ਰਾਸ਼ਟਰੀ ਪ੍ਰਭੂਸੱਤਾ ਕਾਇਮ ਰੱਖਣ ਲਈ ਜ਼ਰੂਰੀ ਹੈ। ਇਹ ਦਿਨ-ਰਾਤ ਕਰੜੀ ਮਿਹਨਤ ਕਰਦੇ ਹਨ, ਭਰਵੀਂ (ਬੰਪਰ) ਪੈਦਾਵਾਰ ਲਈ ਤਪਦੀ ਧੁੱਪ ਜਾਂ ਕਠੋਰ ਸਰਦੀ ਦਾ ਸਾਹਮਣਾ ਕਰਦੇ ਹਨ; ਇਸ ਦੇ ਬਾਵਜੂਦ ਇਨ੍ਹਾਂ ਨੂੰ ਵਾਜਿਬ ਕੀਮਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ।

ਕਿਸਾਨ ਕਾਨੂੰਨੀ ਤੌਰ ’ਤੇ ਬੱਝਵਾਂ ਗਾਰੰਟੀਸ਼ੁਦਾ ਭਾਅ ਚਾਹੁੰਦੇ ਹਨ। ਫਰਾਂਸ ਵਿੱਚ ਕਿਸਾਨ ਕਾਨੂੰਨ ਦੀ ਮੰਗ ਕਰ ਰਹੇ ਹਨ ਜੋ ਉਤਪਾਦਨ ਮੁੱਲ ਦੇ ਨਾਲ-ਨਾਲ ਮੁਨਾਫ਼ੇ ਅਤੇ ਸਮਾਜਿਕ ਖ਼ਰਚਿਆਂ ਦੀ ਗਾਰੰਟੀ ਦੇਵੇ। ਉੱਤਰੀ ਆਇਰਲੈਂਡ ਵਿੱਚ ਕਾਸ਼ਤਕਾਰ ਖੇਤੀਬਾੜੀ ਭਲਾਈ ਬਿੱਲ ਦੀ ਮੰਗ ਕਰ ਰਹੇ ਹਨ ਜੋ ਕਿਸਾਨਾਂ ਲਈ ਜਾਇਜ਼ ਕੀਮਤਾਂ ਦੀ ਵਿਧਾਨਕ ਸੁਰੱਖਿਆ ਯਕੀਨੀ ਬਣਾਵੇ।

ਦੂਜੇ ਸ਼ਬਦਾਂ ਵਿੱਚ, ਸਵਾਮੀਨਾਥਨ ਫਾਰਮੂਲੇ ’ਤੇ ਅਧਾਰਿਤ ਐੱਮਐੱਸਪੀ ਦੀ ਗਾਰੰਟੀ ਦੇ ਕਾਨੂੰਨੀ ਢਾਂਚੇ ਦੀ ਮੰਗ ਹੁਣ ਪੂਰੀ ਦੁਨੀਆ ਵਿੱਚ ਜ਼ੋਰ ਫੜ ਰਹੀ ਹੈ। ਇਹ ਦੱਸਣਾ ਕਿ ਕਿਸਾਨਾਂ ਨੂੰ ਗਾਰੰਟੀਸ਼ੁਦਾ ਕੀਮਤ ਦੇਣ ਨਾਲ ਮੰਡੀਆਂ ਅੰਦਰ ਵਿਗਾੜ ਪਵੇਗਾ, ਵੇਲ਼ਾ ਵਿਹਾਅ ਚੁੱਕੀ ਆਰਥਿਕ ਸੋਚ ਹੈ ਜਿਸ ਨੇ ਕਿਸਾਨੀ ਨੂੰ ਹੁਣ ਤੱਕ ਕੰਗਲਾ ਰੱਖਿਆ ਹੈ। ਅਸਲ ਵਿਚ ਇਹ ਕਿਸਾਨੀ ਨੂੰ ਸਦਾ ਗਰੀਬ ਰੱਖਣ ਵੱਲ ਸੇਧਤ ਹੈ।

ਮੰਡੀ ਅੰਦਰ ਵਿਗਾੜ ਪੈਣ ਦੇ ਡਰ ਨੂੰ ਕਾਰਪੋਰੇਟ ਸੰਸਾਰ ਨੇ ਸਫਲਤਾ ਨਾਲ ਲੋਕਾਂ ਦੀ ਸੋਚ ਵਿਚ ਜੜ ਦਿੱਤਾ ਹੈ। ਅਮਰੀਕਾ ਵਿੱਚ ਅਰਥ ਸ਼ਾਸਤਰੀ ਕਹਿੰਦੇ ਹਨ ਕਿ ਵਧ ਰਹੀ ਮਹਿੰਗਾਈ ਦਾ 50 ਪ੍ਰਤੀਸ਼ਤ ਕਾਰਨ ਕੰਪਨੀਆਂ ਵੱਲੋਂ ਜ਼ਿਆਦਾ ਮੁਨਾਫ਼ਾ ਕੱਢ ਕੇ ਇਸ ਨੂੰ ਅੱਗੇ ਖ਼ਪਤਕਾਰਾਂ ਨੂੰ ਪ੍ਰਚੂਨ ਕੀਮਤ ਵਜੋਂ ਦੇਣਾ ਹੈ। ਜੇ ਇਸ ਨਾਲ ਮੰਡੀ ਪ੍ਰਣਾਲੀ ਵਿਚ ਕੋਈ ਵਿਗਾੜ ਨਹੀਂ ਪਿਆ ਤਾਂ ਇਹ ਡਰ ਕਿ ਕਿਸਾਨਾਂ ਨੂੰ ਗਾਰੰਟੀਸ਼ੁਦਾ ਵੱਧ ਕੀਮਤਾਂ ਦੇਣ ਨਾਲ ਮੰਡੀਆਂ ਦਾ ਸਰੂਪ ਵਿਗੜੇਗਾ, ਦੀ ਕੋਈ ਤੁੱਕ ਨਹੀਂ ਬਣਦੀ।

ਕਿਸਾਨ ਕਾਫ਼ੀ ਜਾਗਰੂਕ ਹੋ ਚੁੱਕੇ ਹਨ, ਖਾਸ ਤੌਰ ’ਤੇ ਉੱਤਰ-ਪੱਛਮੀ ਖੇਤਰ ਵਿੱਚ, ਜਿੱਥੇ ਉਹ ਕਿਤੇ ਵੱਧ ਚੁਕੰਨੇ ਅਤੇ ਜਾਗ੍ਰਿਤ ਹਨ। ਸਾਲ ਭਰ ਚੱਲੇ ਕਿਸਾਨ ਅੰਦੋਲਨ ਵਿੱਚ ਇਹ ਮਜ਼ਬੂਤ ਤਾਕਤ ਬਣ ਕੇ ਉੱਭਰੇ ਹਨ ਜਿਸ ਨੇ ਸਰਕਾਰ ਨੂੰ ਵਿਵਾਦ ਵਾਲੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਹੁਣ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਸੰਭਵ ਨਹੀਂ ਰਿਹਾ। ਇਹ ਗੱਲ ਬਿਲਕੁਲ ਸਾਫ਼ ਹੈ। ਅਸੀਂ ਕਿਸਾਨਾਂ ਨੂੰ ਇਸ ਆਸ ਨਾਲ ਪਿੰਡਾਂ ’ਚ ਤਾੜ ਕੇ ਨਹੀਂ ਰੱਖ ਸਕਦੇ ਕਿ ਉਹ ਆਪਣੀਆਂ ਸ਼ਿਕਾਇਤਾਂ ਸਿਰਫ਼ ਬਲਾਕ ਪੱਧਰ ਉੱਤੇ ਹੀ ਚੁੱਕਣ। ਉਹ ਵੀ ਇਸ ਦੇਸ਼ ਦੇ ਨਾਗਰਿਕ ਹਨ ਅਤੇ ਆਪਣੇ ਜਮਹੂਰੀ ਹੱਕਾਂ ਦੀ ਵਰਤੋਂ ਕਰਨ ਦੌਰਾਨ ਉਨ੍ਹਾਂ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ।

# ਦੁਨੀਆ ਦੀਆਂ ਰਹੱਸਮਈ ਥਾਵਾਂ, ਜਿੱਥੇ ਬਸਤੀਆਂ ਵੀ ਗਾਇਬ ਹੋ ਗਈਆਂ



**ਬਲੱਡ ਫਾਲਜ਼ (ਅੰਟਾਂਰਕਟਿਕਾ)**
**ਇੱਥੇ ਵਹਿੰਦਾ ਹੈ ਖੂਨ ਵਰਗੇ ਲਾਲ ਰੰਗ ਦਾ ਪਾਣੀ**

ਅੰਟਾਰਕਟਿਕਾ ਦਾ ਬਲੱਡ ਰੈਡ ਵਾਟਰਫਾਲ ਮੈਕਮੁਰਦੋ ਡ੍ਰਾਈ ਵੈਲੀ ਤੋਂ ਵਹਿੰਦਾ ਹੈ। ਸਾਇੰਟਿਸਟਾਂ ਦਾ ਮੰਨਣਾ ਹੈ ਕਿ ਟੇਲਰ ਗਲੇਸ਼ੀਅਰ ਤੋਂ ਲੋਹ ਭੰਡਾਰ ਵਾਲਾ ਖਾਰਾ ਪਾਣੀ ਜਦੋਂ ਬਰਫ ਨਾਲ ਢਕੀ ਸਤਹਿ ’ਤੇ ਡਿੱਗਦਾ ਹੈ ਤਾਂ ਇਹ ਸੁਰਖ ਲਾਲ ਰੰਗ ਦਾ ਦਿਖਾਈ ਦਿੰਦਾ ਹੈ। 1911 ਵਿਚ ਪਹਿਲੀ ਵਾਰ ਆਸਟ੍ਰੇਲੀਅਨ ਜਿਓਲਾਜਿਸਟ ਗ੍ਰਿਫਿਥ ਟੇਲਰ ਨੇ ਇਸ ਲਾਲ ਪਾਣੀ ਨੂੰ ਦੇਖਿਆ ਸੀ, ਜਿਸ ਬਾਰੇ ਬਾਅਦ ਵਿਚ ਇਹ ਖੁਲਾਸਾ ਹੋਇਆ ਕਿ ਇਹ ਲੋਹ ਭੰਡਾਰ ਵਾਲਾ ਖਾਰਾ ਪਾਣੀ ਹੈ।



**ਰੇਸਟ੍ਰੈਕ ਪਲਾਇਲਾ, ਡੈਥ ਵੈਲੀ (ਕੈਲੇਫੋਰਨੀਆ)**
**ਸੈਂਕੜੇ ਕਿਲੋਮੀਟਰ ਤੱਕ ਖੁਦ ਹੀ ਖਿਸਕਦੇ ਹਨ ਪੱਥਰ**

ਅਮਰੀਕਾ ਦੇ ਕੈਲੇਫੋਰਨੀਆ ਵਿਚ ਸਥਿਤ ਡੈਥ ਵੈਲੀ ਲੋਕਾਂ ਦੇ ਲਈ ਕਿਸੇ ਭੇਦ ਤੋਂ ਘੱਟ ਨਹੀਂ ਹੈ। ਇਹ ਅਜਿਹੀ ਜਗ੍ਹਾ ਹੈ ਜਿੱਥੇ ਪੱਥਰ ਖੁਦ ਹੀ ਖਿਸਕਦੇ ਹਨ, ਜਿਹਨਾਂ ਨੂੰ ਸੇਲਿੰਗ ਸਟਾਸ ਦਾ ਨਾਂ ਦਿੱਤਾ ਗਿਆ ਹੈ। ਇਹ ਰੇਸਟ੍ਰੈਕ ਏਰੀਆ ਵਿਚ 320 ਕਿਲੋ ਤੱਕ ਦੇ ਪੱਧਰਾਂ ਨੂੰ ਜਗ੍ਹਾ ਬਦਲਦੇ ਦੇਖਿਆ ਗਿਆ ਹੈ। ਇਸਨੂੰ ਲੈ ਕੇ ਬਹੁਤ ਸਾਰੇ ਸਾਇੰਸਦਾਨ ਖੋਜ ਕਰ ਰਹੇ ਹਨ। ਇਸ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸਰਦ ਰਾਤ ਨੂੰ ਇਹ ਬਰਫ ਦੀ ਪੈਨਲਸ ਦੀ ਮਦਦ ਨਾਲ 224 ਮੀਟਰ ਤੱਕ ਦੂਰੀ ਤਹਿ ਕਰ ਲੈਂਦੇ ਹਨ।



**ਅੰਜੀਕੁਨੀਲੇਕ ਦੇ ਕੋਲ ਇਨੁਇਟ ਪਿੰਡ (ਕੈਨੇਡਾ)**
**ਇਕ ਹੀ ਰਾਤ ਵਿਚ ਗਾਇਬ ਹੋ ਗਿਆ ਸੀ ਪੂਰਾ ਪਿੰਡ**

ਕੈਨੇਡਾ ਦਾ ਇਹ ਪੂਰੇ ਦਾ ਪੂਰਾ ਪਿੰਡ ਗਾਇਸ਼ ਹੋ ਗਿਆ, ਉਹ ਵੀ ਬਿਨਾਂ ਕਿਸੇ ਨਾਮੋਨਿਸ਼ਾਨ ਦੇ। ਇਕ ਹੀ ਰਾਤ ਵਿਚ ਪੂਰੀ ਤਰ੍ਹਾਂ ਉਜੜ ਗਿਆ ਅਤੇ ਇੱਥੇ ਰਹਿਣ ਵਾਲਿਆਂ ਦੇ ਬਾਰੇ ਕੋਈ ਜਾਣਕਾਰੀ ਵੀ ਨਹੀਂ ਮਿਲੀ। ਇੱਥੇ ਲੋਕਾਂ ਦੇ ਸਮਾਨ ਤੋਂ ਲੈ ਕੇ ਹਥਿਆਰ ਆਪਣੀ ਜਗ੍ਹਾ ਤੇ ਮਿਲੇ। ਉਥੇ ਹੀ ਕੁੱਤੇ ਆਪਣੀ ਜਗ੍ਹਾ ਤੇ ਜਮੇ (ਜੜ੍ਹ ਹੋ ਜਾਣਾ) ਮਿਲੇ। ਦੱਸਿਆ ਜਾਂਦਾ ਹੈ ਕਿ ਉਹ ਭੁੱਖਮਰੀ ਦੇ ਸ਼ਿਕਾਰ ਹੋ ਗਏ ਸਨ, ਜਦਕਿ ਉਥੇ ਖਾਣਾ ਬਿਖਰਿਆ ਪਿਆ ਸੀ। ਇਸ ਨੂੰ ਲੈ ਕੇ ਹੁਣ ਤੱਕ ਕੋਈ ਵੀ ਲੌਜੀਕਲ ਥਿਊਰੀ ਸਾਹਮਣੇ ਨਹੀਂ ਆਈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਏਲੀਅਨ ਇੱਥੋਂ ਲੋਕਾਂ ਨੂੰ ਅਗਵਾ ਕਰਕੇ ਲੈ ਗਏ।



**ਬਰਮੂਡਾ ਟ੍ਰਾਈਐਂਗਲ**
**ਇੱਥੇ ਗਾਇਬ ਹੋ ਜਾਂਦਾ ਹੈ ਵੱਡੇ ਤੋਂ ਵੱਡਾ ਸਮੁੰਦਰੀ ਅਤੇ ਹਵਾਈ ਜਹਾਜ਼**

ਬਰਮੂਡਾ ਟ੍ਰਾਈਐਂਗਲ ਦੁਨੀਆਂ ਦੀਆਂ ਭੇਦਭਰੀਆਂ ਥਾਵਾਂ ਵਿਚੋਂ ਇਕ ਹੈ। ਇਹ ਅਮਰੀਕਾ ਦੇ ਫਲੋਰੀਡਾ, ਪਿਊਟ-ਰਿਕੋ ਅਤੇ ਬਰਮੂਡਾ ਤਿੰਨਾਂ ਨੂੰ ਜੋੜਨ ਵਾਲਾ ਇਕ ਟ੍ਰ-ਾਈਐਂਗਲ ਹੈ। ਇੱਥੇ ਪਹੁੰਚਦੇ ਹੀ ਵੱਡੇ ਤੋਂ ਵੱਡਾ ਸਮੁੰਦਰੀ ਅਤੇ ਹਵਾਈ ਜਹਾਜ਼ ਗਾਇਬ ਹੋ ਜਾਂਦਾ ਹੈ। ਟਾਈਐਂਗਲ ਦੇ ਕੋਲ ਪਹੁੰਚਦੇ ਹੀ ਨਾ ਤਾਂ ਜਹਾਜ਼ ਮਿਲਦਾ ਹੈ ਅਤੇ ਨਾ ਹੀ ਉਸਦੇ ਯਾਤਰੀ। ਵਿਗਿਆਨਕ ਕਈ ਸਾਲਾਂ ਤੋਂ ਇਸ ਭੇਦ ਨੂੰ ਸੁਲਝਾਉਣ ਵਿਚ ਲੱਗੇ ਹਨ ਕਿ ਅਟਲਾਂਟਿਕ ਮਹਾਂਸਾਗਰ ਦੀਆਂ ਡੂੰਘਾਇਆਂ ਵਿਚ ਆਖਿਰ ਅਜਿਹਾ ਕੀ ਹੈ, ਜੋ ਅਮਰੀਕਾ ਦੇ ਦੱਖਣੀ ਪੂਰਬੀ ਤਟ ’ਤੇ ਬਣੇ ਬਰ-ਮੂਡਾ ਟ੍ਰਾਈਐਂਗਲ ’ਤੇ ਆਏ ਜਹਾਜ਼ਾਂ ਨੂੰ ਨਿਗਲ ਜਾਂਦਾ ਹੈ।






**ਆਈਲੈਂਡ ਆਫ ਡਾਲਸ (ਮੈਕਸੀਕੋ)**
**ਹਜ਼ਾਰਾਂ ਦੀ ਗਿਣਤੀ ਵਿਚ ਲਟਕੀਆਂ ਹਨ ਡਰਾਉਣੀਆਂ ਅਤੇ ਟੁੱਟੀਆਂ ਡੌਲਸ**

ਮੈਕਸੀਕੋ ਸਿਟੀ ਤੋਂ 17 ਮੀਲ ਸਾਊਥ ਵਿਚ ਇਕ ਛੋਟਾ ਜਿਹਾ ਆਈਲੈਂਡ ਹੈ ਲਾ ਇਸਲਾ ਦੀ ਲਾ ਮੁਨੇਕਾਸ। ਹਾਲਾਂਕਿ ਇਹ ਡੌਲਸ ਆਈਲੈਂਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਕਿਉਂਕਿ ਇੱਥੇ ਹਜ਼ਾਰਾਂ ਦੀ ਗਿਣਤੀ ਵਿਚ ਡਰਾਉਣੀਆਂ ਅਤੇ ਟੁੱਟੀਆਂ-ਫੁੱਟੀਆਂ ਡੌਲਸ ਲਟਕ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਇਸ ਆਈਲੈਂਡ ’ਤੇ ਜਾਣ ਵਾਲੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਜੋ ਬਾਅਦ ਵਿਚ ਇਕ ਡੌਲ ਦੇ ਰੂਪ ਵਿਚ ਕਿਸੇ ਦਰੱਖਤ ਤੇ ਟੰਗਿਆ ਮਿਲਦਾ ਹੈ। ਹਾਲਾਂਕਿ ਇਕ ਭਰਮ ਹੀ ਹੈ।



**ਸਟੋਨਹੈਂਜ (ਇੰਗਲੈਂਡ)**
**ਅੱਜ ਤੱਕ ਨਹੀਂ ਪਤਾ ਲੱਗਿਆ ਇਹਨਾਂ ਪੱਥਰਾਂ ਦਾ ਭੇਦ**

ਇੰਗਲੈਂਡ ਦੇ ਵਿਲਟਸ਼ਾਇਰ ਵਿਚ ਪੱਥਰਾਂ ਦੀ ਇਸ ਆਕ੍ਰਿਤੀ ਨੂੰ ਸਟੋਨਹੇਂਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਾਊਥ ਵਿਚ ਸੈਲਸੀਬਰੀ ਦੇ ਮੈਦਾਨੀ ਇਲਾਕਿਆਂ ਵਿਚ ਮੌਜੂਦ ਹੈ। ਆਰਕਿਆਲੌਜੀਸਿਟ ਦਾ ਮੰਨਣਾ ਹੈ ਕਿ ਇਹ 3000-2000 ਈਸਾ ਪੂਰਬ ਵਿਚ ਬਣਿਆ ਸੀ। ਹਾਲਾਂਕਿ ਇਹਨਾਂ ਨੂੰ ਬਣਵਾਉਣ ਦੇ ਪਿੱਛੇ ਮਕਸਦ ਕੀ ਹੈ, ਇਹ ਹੁਣ ਤੱਕ ਭੇਦ ਹੀ ਹੈ।




**ਡੋਰ ਟੂ ਹੈਲ (ਤੁਰਕਮੇਨਿਸਤਾਨ)**
**ਇਸ ਖੱਡੇ ਵਿਚ ਪਿਛਲੇ 45 ਸਾਲਾਂ ਤੋਂ ਮੱਚ ਰਹੀ ਹੈ ਅੱਗ**

ਤੁਰਕਮੇਨਿਸਤਾਨ ਵਿਚ ਇਹ ਅੱਗ ਦਾ ਗੋਲਾ ’ਡੋਰ ਟੂ ਹੈਲ (ਨਰਕ ਦਾ ਦਰਵਾਜ਼ਾ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਕਾਰਾਕੁਰਮ ਰੇਗਿਸਤਾਨ ਦੇ ਦਰਵੇਜ ਪਿੰਡ ਵਿਚ ਮੌਜੂਦ ਹੈ। ਇਹ ਖੱਡਾ ਇਕ ਗੈਸ ਕ੍ਰੇਟਰ ਹੈ, ਜੋ ਮਿਥੇਨ ਗੈਸ ਦੇ ਚਲਦੇ ਪਿਛਲੇ 45 ਸਾਲਾਂ ਤੋਂ ਜਲ ਰਿਹਾ ਹੈ। ਇਹ 229 ਫੁੱਟ ਚੌੜਾ ਹੈ ਅਤੇ ਇਸਦੀ ਡੂੰਘਾਈ 65 ਫੁੱਟ ਹੈ। ਇਹ ਤੁਰਕਮੇਨਿਸਤਾਨ ਦਾ ਮਸ਼ਹੂਰ ਟੂਰਿਸਟ ਪੁਆਇੰਟ ਹੈ।

# ਗੁਰਦੇ ਦੀ ਪੱਥਰੀ ਤੋਂ ਇਲਾਵਾ ਕਿੰਨੇ ਕਿਸਮ ਦੀਆਂ ਪੱਥਰੀਆਂ ਬਣਦੀਆਂ ਹਨ

ਮਨੁੱਖੀ ਸਰੀਰ ਦੀਆਂ ਸਾਰੀਆਂ ਅਦਭੁਤ ਯੋਗਤਾਵਾਂ ਵਿੱਚੋਂ, ਸ਼ਾਇਦ ਸਭ ਤੋਂ ਅਜੀਬ ਹੈ ਪੱਥਰੀ ਪੈਦਾ ਕਰਨ ਦੀ ਸਮਰੱਥਾ। ਕਈ ਲੋਕਾਂ ਨੇ ਗੁਰਦੇ ਦੀ ਪੱਥਰੀ ਜਾਂ ਪਿੱਤੇ ਦੀ ਪੱਥਰੀ ਅਤੇ ਉਨ੍ਹਾਂ ਤੋਂ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਸੁਣਿਆ ਹੋਵੇਗਾ। ਪਰ ਇਨ੍ਹਾਂ ਤੋਂ ਇਲਾਵਾ ਸਰੀਰ ਵਿਚ ਹੋਰ ਵੀ ਪੱਥਰੀਆਂ ਹੋ ਸਕਦੀਆਂ ਹਨ ਅਤੇ ਉਹ ਸਰੀਰ ਦੇ ਅਜਿਹੇ ਹਿੱਸਿਆਂ ਵਿੱਚ ਵੀ ਹੋ ਸਕਦੀ ਹੈ, ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ। ਸਰੀਰ ਦੇ ਇਹ ਪੱਥਰ ਕਿਸ ਨਾਲ ਬਣੇ ਹੁੰਦੇ ਹਨ? ਅਤੇ ਅਜਿਹਾ ਹੋਣ ਤੋਂ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ?

ਦੁਨੀਆ ਵਿੱਚ ਲਗਭਗ 10 ਵਿੱਚੋਂ ਇੱਕ ਵਿਅਕਤੀ ਨੂੰ ਗੁਰਦੇ ਦੀ ਪੱਥਰੀ ਦੀ ਸਮੱਸਿਆ ਹੁੰਦੀ ਹੈ। ਇਹ ਅਸਲ ਵਿੱਚ ਖ਼ੂਨ ਵਿੱਚੋਂ ਲੀਕ ਹੋ ਕੇ ਪਿਸ਼ਾਬ ਵਿੱਚ ਪਾਏ ਜਾਣ ਵਾਲੇ ਕੈਲਸ਼ੀਅਮ ਅਤੇ ਆਕਸਾਲੇਟ ਕਾਰਨ ਬਣਦੀ ਹੈ। ਆਕਸਾਲੇਟਸ ਕੁਦਰਤੀ ਮਿਸ਼ਰਣ ਹਨ ਜੋ ਪੌਦਿਆਂ ਅਤੇ ਮਨੁੱਖਾਂ ਦੋਵਾਂ ਵਿੱਚ ਪਾਏ ਜਾਂਦੇ ਹਨ। ਵੱਡੀ ਮਾਤਰਾ ਵਿੱਚ ਕੈਲਸ਼ੀਅਮ ਅਤੇ ਆਕਸਾਲੇਟ ਦੇ ਲੀਕ ਹੋਣ ਕਾਰਨ, ਇਹ ਜਮ ਸਕਦੇ ਹਨ ਅਤੇ ਇੱਕ ਸਟੋਨ ਯਾਨਿ ਪੱਥਰ ਦਾ ਰੂਪ ਲੈ ਸਕਦੇ ਹਨ। ਗੁਰਦੇ ਦੀ ਪੱਥਰੀ ਦਾ ਆਕਾਰ ਵੀ ਵੱਖਰਾ ਹੋ ਸਕਦਾ ਹੈ। ਇਹ ਚੌੜਾਈ ਵਿੱਚ ਇੱਕ ਮਿਲੀਮੀਟਰ ਤੋਂ ਘੱਟ ਚੌੜਾਈ ਤੋਂ ਲੈ ਕੇ ਇੱਕ ਸੈਂਟੀਮੀਟਰ ਜਾਂ ਉਸ ਤੋਂ ਵੱਧ ਤੱਕ ਹੋ ਸਕਦੇ ਹਨ। ਪੱਥਰੀ ਅਸਾਧਾਰਨ ਸ਼ਕਲ ਦੀ ਵੀ ਹੋ ਸਕਦੀ ਹੈ। ਪਰ ਜੇ ਕਿਡਨੀ ਕੈਨਾਲ (ਕੈਲਿਸ) ਦੀਆਂ ਸ਼ਾਖਾਵਾਂ ਦੇ ਅੰਦਰ ਪੱਥਰੀ ਬਣਨਾ ਸ਼ੁਰੂ ਹੋ ਜਾਂਦੀ ਹੈ, ਤਾਂ ਇਹ ਹਿਰਨ ਦੇ ਸਿੰਗ ਦਾ ਆਕਾਰ ਵੀ ਲੈ ਸਕਦੀ ਹੈ। ਇਸ ਨੂੰ ਸਟੈਗਹੋਰਨ ਕੈਲਕੁਲਸ ਕਿਹਾ ਜਾਂਦਾ ਹੈ।



### ਪੱਥਰੀ ਕਦੋਂ ਸਮੱਸਿਆ ਬਣ ਜਾਂਦੀ ਹੈ?

ਗੁਰਦੇ ਦੀ ਪੱਥਰੀ ਉਦੋਂ ਮੁਸੀਬਤ ਦਾ ਕਾਰਨ ਬਣ ਸਕਦੀ ਹੈ ਜਦੋਂ ਉਹ ਯੂਰੇਟਰਸ ਦੇ ਰਸਤੇ ਯਾਨਿ ਕਿਡਨੀ ਤੋਂ ਬਲੈਡਰ ਤੱਕ ਪਿਸ਼ਾਬ ਲੈ ਕੇ ਜਾਣ ਵਾਲੀਆਂ ਦੋਵੇਂ ਨਲੀਆਂ ਵਿੱਚੋਂ ਕਿਸੇ ਇੱਕ ਦਾ ਰਸਤਾ ਰੋਕ ਦੇਵੇ। ਜੇਕਰ ਅਜਿਹਾ ਹੁੰਦਾ ਹੈ, ਤਾਂ ਨਾ ਸਿਰਫ਼ ਵਿਅਕਤੀ ਨੂੰ ਪਿਸ਼ਾਬ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਸਗੋਂ ਉਸਦੀ ਪਿੱਠ ਦੇ ਹੇਠਲੇ ਹਿੱਸੇ ਵਿੱਚ ਵੀ ਗੰਭੀਰ ਦਰਦ ਹੋ ਸਕਦਾ ਹੈ। ਇਸ ਕਾਰਨ ਕਿਡਨੀ ਦੇ ਆਲੇ-ਦੁਆਲੇ ਪਿਸ਼ਾਬ ਜਮ੍ਹਾ ਹੋਣ ਲੱਗਦਾ ਹੈ ਜਾਂ ਫਿਰ ਇਨਫੈਕਸ਼ਨ ਹੋਣ ਦਾ ਖ਼ਤਰਾ ਰਹਿੰਦਾ ਹੈ।

ਗਾਲ ਬਲੈਡਰ ਜਾਂ ਪਿੱਤੇ ਵਿੱਚ ਪੱਥਰੀ ਦਾ ਬਣਨਾ ਵੀ ਇੱਕ ਆਮ ਸਥਿਤੀ ਹੈ, ਇਹਨਾਂ ਨੂੰ ਗਾਲਸਟੋਨਸ ਕਿਹਾ ਜਾਂਦਾ ਹੈ। ਇਹ ਚਰਬੀ ਹਜ਼ਮ ਕਰਨ ਵਿੱਚ ਮਦਦ ਕਰਨ ਵਾਲੇ ਪਿੱਤੇ ਨੂੰ ਪਿੱਤੇ ਤੋਂ ਅੰਤੜੀਆਂ ਤੱਕ ਲੈ ਕੇ ਜਾਣ ਵਾਲੀਆਂ ਨਾਲੀਆਂ ਵਿੱਚ ਪਿੱਤੇ ਦੇ ਅੰਦਰ ਬਣਦੀ ਹੈ। ਕੋਲੈਸਟ੍ਰੋਲ ਜਾਂ ਪਿੱਤੇ ਵਿੱਚ ਮੌਜੂਦ ਪਿਗਮੈਂਟਸ ਕਾਰਨ ਪਿੱਤੇ ਦੀ ਪੱਥਰੀ ਬਣ ਸਕਦੀ ਹੈ, ਉਹ ਇੱਕ ਜਾਂ ਇੱਕ ਤੋਂ ਵੱਧ ਹੋ ਸਕਦੀਆਂ ਹਨ। ਗੁਰਦੇ ਦੀ ਪੱਥਰੀ ਵਾਂਗ, ਜੇ ਗਾਲਸਟੋਨ ਪਿੱਤੇ ਦੀ ਥੈਲੀ (ਜਿਵੇਂ ਕਿ ਆਮ ਪਿਤ ਨਲੀ) ਵਿੱਚ ਇੱਕ ਤੰਗ ਥਾਂ ਵਿੱਚ ਚਲੀ ਜਾਂਦੀ ਹੈ, ਤਾਂ ਉਹ ਪੇਟ ਵਿੱਚ ਦਰਦ, ਲਾਗ ਅਤੇ ਪੀਲੀਆ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

### ਪੱਥਰੀ ਬਣਨ ਦੇ ਹੋਰ ਕਾਰਨ

ਇਨ੍ਹਾਂ ਤੋਂ ਇਲਾਵਾ ਸਰੀਰ ਦੇ ਵੱਖ-ਵੱਖ ਤਰਲ ਪਦਾਰਥਾਂ ਕਾਰਨ ਵੀ ਪੱਥਰੀ ਬਣ ਸਕਦੀ ਹੈ। ਉਦਾਹਰਨ ਲਈ, ਲਾਰ ਦੇ ਪੱਥਰ ਅਰਥਾਤ ਥੁੱਕ ਵਿੱਚ ਪੱਥਰ। ਕੰਨਾਂ, ਜਬਾੜੇ ਅਤੇ ਜੀਭ ਦੇ ਹੇਠਾਂ ਮੌਜੂਦ ਗ੍ਰੰਥੀਆਂ ਨਾਲ ਲਾਰ ਬਣਦੀ ਹੈ। ਮੂੰਹ ਵਿੱਚ ਡਿੱਗਣ ਤੋਂ ਬਾਅਦ, ਇਹ ਭੋਜਨ ਨੂੰ ਗਿੱਲਾ ਕਰਨ ਅਤੇ ਪਚਣ ਦੀ ਪ੍ਰਕਿਰਿਆ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ। ਲਾਰ ਦੀ ਪੱਥਰੀ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫਾਸਫੇਟ ਜਿਵੇਂ ਵੱਖ-ਵੱਖ ਤੱਤਾਂ ਬਣ ਸਕਦੀ ਹੈ। ਜਿਸ ਨਲੀ ਤੋਂ ਲਾਰ ਮੂੰਹ ਤੱਕ ਪਹੁੰਚਦੀ ਹੈ ਜੇਕਰ ਉਸ ਵਿੱਚ ਸੈਲਿਵਰੀ ਸਟੋਨ ਬਣ ਜਾਏ ਜਾਂ ਅਟਕ ਜਾਵੇ ਤਾਂ ਉਹ ਮੂੰਹ ਵਿੱਚ ਲਾਰ ਡਿੱਗਣ ਦੀ ਪ੍ਰਕਿਰਿਆ ਰੋਕ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਵਿਅਕਤੀ ਨੂੰ ਦਰਦ ਅਤੇ ਮੂੰਹ ਵਿੱਚ ਸੋਜ ਆ ਸਕਦੀ ਹੈ। ਲਾਰ ਦੇ ਡਿੱਗਣ ਤੋਂ ਰੁਕਣ 'ਤੇ ਜੇਕਰ ਸੈਲਿਵਰੀ ਗ੍ਰੰਥੀ ਵਿੱਚ ਲਾਗ ਹੋਇਆ ਤਾਂ ਇਸ ਕਾਰਨ ਮੂੰਹ ਤੋਂ ਬਦਬੀ ਵੀ ਆ ਸਕਦੀ ਹੈ।

### ਟੌਨਸਿਲ ਵਿੱਚ ਪੱਥਰੀ

ਇਸ ਤੋਂ ਇਲਾਵਾ ਟੌਨਸਿਲ ਵਿੱਚ ਵੀ ਪੱਥਰੀ ਪਾਈ ਜਾ ਸਕਦੀ ਹੈ। ਗਲੇ ਦੇ ਹੇਠਾਂ ਅਤੇ ਪਿਛਲੇ ਪਾਸੇ ਟੌਨਸਿਲ ਗ੍ਰੰਥੀਆਂ ਹੁੰਦੀਆਂ ਹਨ। ਇਹ ਲਿਮਫਾਈਡ ਟਿਸ਼ੂਆਂ ਦੇ ਸਮੂਹ ਹੁੰਦੇ ਹਨ ਜੋ ਸਰੀਰ ਦੀ ਇਮਿਊਨ ਸਿਸਟਮ ਦਾ ਹਿੱਸਾ ਹੁੰਦੇ ਹਨ। ਪਰ ਵਿਡੰਬਨਾ ਇਹ ਹੈ ਕਿ ਉਹ ਵਾਰ-ਵਾਰ ਸੋਜ ਅਤੇ ਸੰਕਰਮਿਤ ਹੋ ਸਕਦੇ ਹਨ। ਟੌਨਸਿਲਸ ਵਿੱਚ ਕੈਵਿਟੀ ਯਾਨਿ ਗੱਡੇ ਹੁੰਦੇ ਹਨ, ਜਿਨ੍ਹਾਂ ਨੂੰ ਕ੍ਰਿਪਟਸ ਕਿਹਾ ਜਾਂਦਾ ਹੈ। ਕਈ ਵਾਰ ਇਹ ਕ੍ਰਿਪਟ ਭੋਜਨ ਅਤੇ ਲਾਰ ਦੇ ਟੁਕੜਿਆਂ ਨੂੰ ਰੱਖ ਸਕਦੇ ਹਨ, ਇਹ ਟੌਨਸਿਲ ਸਟੋਨ ਜਾਂ ਟੌਨਸਿਲੋਲਿਥ ਹੁੰਦਾ ਹੈ।

ਇਹ ਸੋਟਨ ਮੁਕਾਬਲਤਨ ਨਰਮ ਅਤੇ ਘੱਟ ਪਥਰੀਲੇ ਹੁੰਦੇ ਹਨ, ਪਰ ਸਮੇਂ ਦੇ ਨਾਲ ਇਹ ਸਖ਼ਤ ਵੀ ਹੋ ਸਕਦੇ ਹਨ ਅਤੇ ਮੁਸ਼ਕਲ ਬਣ ਸਕਦੇ ਹਨ। ਇਸ ਕਾਰਨ ਵਿਅਕਤੀ ਨੂੰ ਸਾਹ ਦੀ ਬਦਬੂ ਅਤੇ ਵਾਰ-ਵਾਰ ਇਨਫੈਕਸ਼ਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਵੀ ਸਰੀਰ ਦੇ ਦੂਜੇ ਪਦਾਰਥ ਸਖ਼ਤ ਹੋ ਕੇ ਪੱਥਰੀ ਵਿੱਚ ਬਦਲ ਸਕਦੇ ਹਨ। ਉਦਾਹਰਨ ਲਈ, ਕੁਝ ਮਾਮਲਿਆਂ ਵਿੱਚ, ਮਨੁੱਖੀ ਮਨ ਇੰਨਾ ਸਖ਼ਤ ਹੋ ਸਕਦਾ ਹੈ ਕਿ ਇਹ ਪੱਥਰ ਵਾਂਗ ਸਖ਼ਤ ਹੋ ਜਾਵੇ। ਇਸ ਨੂੰ ਕ੍ਰੋਪੋਲਾਈਟ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਨਾਭੀ ਵਿਚ ਜਮਾਂ ਹੋਣ ਵਾਲੇ ਚਮੜੀ ਦੇ ਟੁਕੜੇ ਵੀ ਸਖ਼ਤ ਹੋ ਕੇ ਪੱਥਰ ਵਰਗੇ ਬਣ ਸਕਦੇ ਹਨ। ਇਨ੍ਹਾਂ ਪੱਥਰਾਂ ਨੂੰ ਓਮਫਾਲੋਲਿਥ ਕਿਹਾ ਜਾਂਦਾ ਹੈ।

### ਪੱਥਰੀ ਨਾ ਹੋਵੇ, ਇਸ ਲਈ ਕੀ ਕਰੀਏ?

ਇਹ ਚੰਗੀ ਗੱਲ ਹੈ ਕਿ ਕੁਝ ਆਸਾਨ ਤਰੀਕੇ ਅਪਣਾ ਕੇ ਅਸੀਂ ਮੁਸ਼ਕਲ ਪੈਦਾ ਕਰਨ ਵਾਲੀ ਪੱਥਰੀ ਤੋਂ ਬਚ ਸਕਦੇ ਹਾਂ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਗੱਲ ਸਰੀਰ ਵਿੱਚ ਪਾਣੀ ਦੀ ਸਹੀ ਮਾਤਰਾ ਦਾ ਹੋਣਾ ਹੈ। ਪਾਣੀ ਦੀ ਸਹੀ ਮਾਤਰਾ ਪੀਣ ਨਾਲ ਪਿਸ਼ਾਬ ਪਤਲਾ ਹੋ ਜਾਂਦਾ ਹੈ, ਜੋ ਕਬਜ਼ ਨੂੰ ਰੋਕਦਾ ਹੈ ਅਤੇ ਮੂੰਹ ਵਿੱਚ ਬੈਕਟੀਰੀਆ ਬਣਨ ਤੋਂ ਰੋਕਦਾ ਹੈ। ਇਹ ਤਰੀਕਾ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਪੱਥਰੀਆਂ ਨੂੰ ਬਣਨ ਤੋਂ ਰੋਕ ਸਕਦਾ ਹੈ। ਟੌਨਸਿਲ ਸਟੋਨ ਤੋਂ ਬਚਣ ਲਈ ਮੂੰਹ ਨੂੰ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਨਿਯਮਤ ਬੁਰਸ਼ ਕਰਨ ਨਾਲ ਵੀ ਇਸ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਖੁਰਾਕ ਵੀ ਜ਼ਰੂਰੀ ਹੈ, ਖ਼ਾਸ ਕਰਕੇ ਪਿੱਤੇ ਦੀ ਪੱਥਰੀ ਲਈ। ਚਰਬੀ ਵਾਲਾ ਭੋਜਨ ਅਤੇ ਮੋਟਾਪਾ ਅਜਿਹੀ ਪੱਥਰੀ ਦਾ ਕਾਰਨ ਬਣ ਸਕਦਾ ਹੈ। ਕਈ ਅਜਿਹੇ ਕਾਰਨ ਵੀ ਹਨ ਜਿਨ੍ਹਾਂ ਤੋਂ ਤੁਸੀਂ ਚਾਹੋ ਤਾਂ ਵੀ ਬਚ ਨਹੀਂ ਸਕਦੇ, ਜਿਵੇਂ ਕਿ ਔਰਤ ਦਾ 40 ਸਾਲ ਤੋਂ ਵੱਧ ਉਮਰ ਦਾ ਹੋਣਾ, ਜਿਸ ਨਾਲ ਪਿੱਤੇ ਦੀ ਪੱਥਰੀ ਬਣਨ ਦੀ ਸੰਭਾਵਨਾ ਵੱਧ ਜਾਂਦੀ ਹੈ। ਕੈਲਸ਼ੀਅਮ ਅਤੇ ਆਕਸਾਲੇਟ ਨਾਲ ਭਰਪੂਰ ਭੋਜਨਾਂ ਤੋਂ ਪਰਹੇਜ਼ ਕਰਨਾ, ਜਿਵੇਂ ਕਿ ਡੇਅਰੀ ਉਤਪਾਦ, ਪਾਲਕ ਅਤੇ ਚੁਕੰਦਰ, ਗੁਰਦੇ ਦੀ ਪੱਥਰੀ ਨੂੰ ਰੋਕਣ ਵਿੱਚ ਵੀ ਮਦਦ ਕਰ ਸਕਦੇ ਹਨ।

### ਜੇ ਪਹਿਲਾਂ ਹੀ ਪੱਥਰੀ ਦੀ ਸਮੱਸਿਆ ਹੈ?

ਇੱਕ ਸਵਾਲ ਇਹ ਵੀ ਹੈ ਕਿ ਜੇਕਰ ਕਿਸੇ ਨੂੰ ਪਹਿਲਾਂ ਹੀ ਪੱਥਰੀ ਹੈ ਤਾਂ ਕੀ ਹੋਵੇਗਾ? ਜੇਕਰ ਵਿਅਕਤੀ ਇਸ ਕਾਰਨ ਬਿਮਾਰ ਮਹਿਸੂਸ ਕਰ ਰਿਹਾ ਹੋਵੇ ਤਾਂ ਐਂਡੋਸਕੋਪੀ ਜਾਂ ਆਪਰੇਸ਼ਨ ਰਾਹੀਂ ਪੱਥਰੀ ਨੂੰ ਕੱਢਣਾ ਪੈ ਸਕਦਾ ਹੈ। ਗੁਰਦੇ ਦੀ ਪੱਥਰੀ ਦੇ ਮਾਮਲੇ ਵਿੱਚ, ਤੁਸੀਂ ਉਦੋਂ ਤੱਕ ਇੰਤਜ਼ਾਰ ਕਰ ਸਕਦੇ ਹੋ ਜਦੋਂ ਤੱਕ ਪੱਥਰੀ ਪਿਸ਼ਾਬ ਦੀ ਪਾਈਪ ਰਾਹੀਂ ਬਲੈਡਰ ਤੱਕ ਨਹੀਂ ਪਹੁੰਚਦੀ ਅਤੇ ਸਰੀਰ ਤੋਂ ਬਾਹਰ ਨਾ ਨਿਕਲ ਜਾਵੇ। ਕਈ ਵਾਰ, ਜਦੋਂ ਮਸਾਨੇ ਤੋਂ ਪੱਥਰੀ ਨਿਕਲਦੀ ਹੈ, ਤਾਂ ਪੱਥਰੀ ਦੇ ਸਿੰਕ ਨਾਲ ਟਕਰਾਉਣ ਕਾਰਨ ਇਹ ਹੌਲੀ ਜਿਹੀ ਆਵਾਜ਼ ਵੀ ਆ ਸਕਦੀ ਹੈ। ਇਹ ਵੀ ਸੰਭਵ ਹੈ ਕਿ ਤੁਹਾਡਾ ਡਾਕਟਰ ਤੁਹਾਨੂੰ ਪੱਥਰੀ ਨੂੰ ਫੜਨ ਲਈ ਪਿਸ਼ਾਬ ਕਰਦੇ ਸਮੇਂ ਚਾਹ ਵਾਲੀ ਪੋਣੀ ਦੀ ਵਰਤੋਂ ਕਰਨ ਲਈ ਕਹਿ ਸਕਦਾ ਹੈ। ਕਈ ਵਾਰ ਨਿੰਬੂ ਚੂਸਣ ਨਾਲ ਸੈਲਿਵਰੀ ਸਟੋਨ ਤੋਂ ਰਾਹਤ ਮਿਲ ਸਕਦੀ ਹੈ। ਨਿੰਬੂ ਲਾਰ ਬਣਾਉਣ ਦੀ ਪ੍ਰਕਿਰਿਆ ਨੂੰ ਵਧਾ ਸਕਦਾ ਹੈ ਤਾਂ ਜਿਸ ਨਾਲ ਲਾਰ ਦੀ ਨਲੀ ਵਿੱਚ ਇੱਕੋ ਵਾਰ ਵਧੇਰੇ ਲਾਰ ਆਵੇ ਅਤੇ ਇਸ ਤਰ੍ਹਾਂ ਸਟੋਨ ਬਾਹਰ ਨਿਕਲ ਜਾਵੇ। ਸੈਲਿਵਰੀ ਸਟੋਨ ਅਤੇ ਟੌਨਸਿਲੋਲਿਥ ਨੂੰ ਇੱਕ ਫਲੈਟ ਸਾਧਨ ਦੀ ਵਰਤੋਂ ਕਰਕੇ ਵੀ ਹਟਾਇਆ ਜਾ ਸਕਦਾ ਹੈ। ਦੇਖਿਆ ਜਾਵੇ ਤਾਂ ਵੱਖ-ਵੱਖ ਕਿਸਮਾਂ ਦੀਆਂ ਪੱਥਰੀਆਂ ਲਈ ਵੱਖ-ਵੱਖ ਕਿਸਮਾਂ ਦੇ ਇਲਾਜ ਉਪਲਬਧ ਹਨ, ਪਰ ਸਧਾਰਨ ਰੋਜ਼ਾਨਾ ਉਪਾਅ ਉਹਨਾਂ ਦੇ ਬਣਨ ਦੇ ਜੋਖ਼ਮ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦੇ ਹਨ।

# ਬੱਚੇ ਉਪਰ ਅਧਿਆਪਕ ਵਰਗ ਦਾ ਪ੍ਰਭਾਵ

ਉਹ ਬੱਚਿਆਂ ਦੇ ਸਾਹਮਣੇ ਖਾਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਤਰ੍ਹਾਂ ਬੱਚਿਆਂ ਅੰਦਰ ਵੀ ਇਹੋ ਜਿਹੇ 'ਮਸਾਲੇ' ਖਾਣ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ ਤੇ ਉਹ ਚੋਰੀਓਂ ਇਹਨਾਂ ਦਾ ਸਵਾਦ ਚੱਖਣ ਲੱਗ ਜਾਂਦੇ ਹਨ। ਬਹੁਤੇ ਬੱਚੇ ਸ਼ੌਂਕੀਆ ਹੀ ਨਸ਼ਿਆਂ ਦਾ ਸੇਵਨ ਕਰਨ ਲੱਗ ਜਾਂਦੇ ਹਨ। ਪਰ ਉਹ ਹੌਲੀ ਹੌਲੀ ਇੰਨੇ ਆਦੀ ਹੋ ਜਾਂਦੇ ਹਨ ਕਿ ਉਸ ਨਸ਼ੇ ਦੀ ਵਰਤੋਂ ਬਿਨਾਂ ਪਲ ਭਰ ਵੀ ਨਹੀਂ ਜੀਅ ਸਕਦੇ।

ਕਈ ਕਾਲਜੀਏਟ ਮੁੰਡੇ ਤਾਂ ਅੱਜ ਕੱਲ੍ਹ ਕਈ ਨਸ਼ੇ ਵਾਲੀਆਂ ਦਵਾਈਆਂ ਦਾ ਵੱਡੀ ਮਿਕਦਾਰ ਵਿਚ ਸੇਵਨ ਕਰਦੇ ਹਨ ਕਈ ਤਾਂ ਹੋਰ ਵੀ ਜਾਨ-ਲੇਵਾ ਨਸ਼ਿਆਂ/ਨਸ਼ੇ ਦੇ ਟੀਕੇ ਲਗਵਾਉਣ ਤੀਕ ਪੁੱਜ ਜਾਂਦੇ ਹਨ। ਕੀ ਇਹ ਨਸ਼ਈ ਨੌਜਵਾਨ ਦੇਸ਼ ਦੇ ਭਵਿੱਖ ਨੂੰ ਸੰਵਾਰ ਸਕਣਗੇ? ਆਮ ਕਹਾਵਤ ਹੈ, "ਪਹਿਲਾਂ ਮਨੁੱਖ ਨਸ਼ੇ ਨੂੰ ਖਾਂਦਾ ਹੈ ਫਿਰ ਨਸ਼ਾ ਮਨੁੱਖ ਨੂੰ ਖਾਂਦਾ ਹੈ" ਇਹ ਧਾਰਨਾ ਸ਼ੁਰੂ ਤੋਂ ਹੀ ਬੱਚਿਆਂ ਦੇ ਮਨ, ਅੰਦਰ ਅਧਿਆਪਕ ਨੂੰ ਬਿਠਾ ਦੇਣੀ ਚਾਹੀਦੀ ਹੈ।

ਅਧਿਆਪਕ ਦਾ ਪਹਿਰਾਵਾ, ਉਸ ਦੇ ਵਿਦਿਆਰਥੀਆਂ ਉਪਰ ਸਾਦਗੀ ਨਾਲ ਰਹਿਣ ਦਾ ਪ੍ਰਭਾਵ ਪਾਉਣ ਵਾਲਾ ਹੋਣਾ ਚਾਹੀਦਾ ਹੈ। ਭੜਕੀਲੇ ਰੰਗਾਂ ਦੇ ਕੱਪੜੇ ਅਧਿਆਪਕ ਲਈ ਸ਼ੋਭਾ ਨਹੀਂ ਦਿੰਦੇ। ਫੈਸ਼ਨ ਪ੍ਰਸਤੀ ਅਧਿਆਪਕ ਵਰਗ ਲਈ ਠੀਕ ਨਹੀਂ। ਅੱਜ ਕੱਲ੍ਹ ਬਹੁਤੇ ਬੱਚਿਆਂ ਅੰਦਰ ਗਾਲ੍ਹਾਂ ਕੱਢਣ ਦੀ ਆਦਤ ਸਕੂਲ 'ਚ ਹੀ ਪੈ ਜਾਂਦੀ ਹੈ ਜੋ ਕਿ ਵੱਡੇ ਹੋ ਕੇ ਸੁਧਰਨੀ ਮੁਸ਼ਕਿਲ ਹੈ। ਅਧਿਆਪਕ ਬੱਚੇ ਲਈ ਇਕ ਮਾਡਲ ਹੁੰਦਾ ਹੈ ਪਰ ਦੇਖਣ ਵਿਚ ਆਇਆ ਹੈ ਕਿ ਸਕੂਲਾਂ ਵਿਚ ਕਈ ਅਧਿਆਪਕ ਆਪਸ 'ਚ ਜਾਂ ਬੱਚਿਆਂ ਨੂੰ ਘੂਰਦੇ ਸਮੇਂ ਗਾਲ੍ਹਾਂ ਕੱਢਦੇ ਹਨ ਜਾਂ ਗੱਲਾਂ ਕਰਦੇ ਸਮੇਂ ਵੀ ਅਣਜਾਣਪੁਣੇ ਵਿਚ ਗਾਲ੍ਹਾਂ ਕੱਢ ਕੇ ਗੱਲਾਂ ਨੂੰ ਵਿਸ਼ੇਸ਼ਣ ਦਿੰਦੇ ਰਹਿੰਦੇ ਹਨ। ਸੋ ਅਧਿਆਪਕ ਵਰਗ ਨੂੰ ਆਪਣੀ ਸ਼ਬਦਾਵਲੀ 'ਤੇ ਕਾਬੂ ਪਾ ਕੇ ਹੀ ਮੂੰਹੋਂ ਕੋਈ ਗੱਲ ਕੱਢਣੀ ਚਾਹੀਦੀ ਹੈ।

ਅਧਿਆਪਕ ਦੀ ਸਖਸ਼ੀਅਤ ਉਸਦੇ ਪਹਿਰਾਵੇ ਤੋਂ ਹੀ ਪਹਿਚਾਣੀ ਜਾਂਦੀ ਹੈ। ਅਧਿਆਪਕਾਵਾਂ ਨੂੰ ਵੀ ਸੀਮਾਵਾਂ ਅੰਦਰ ਰਹਿਕੇ ਹੀ ਸ਼ਿੰਗਾਰ/ਮੇਕਅੱਪ ਕਰਨਾ ਚਾਹੀਦਾ ਹੈ। ਅੱਜ ਕੱਲ੍ਹ ਸਕੂਲੀ ਬੱਚੇ ਹੀ ਫੈਸ਼ਨਪ੍ਰਸਤੀ ਕਰਨ ਲੱਗ ਜਾਂਦੇ ਹਨ। ਕਈ ਮਾਂ-ਬਾਪ ਆਪਣੇ ਬੱਚਿਆਂ ਨੂੰ ਇਹਨਾਂ ਗੱਲਾਂ ਦੀ ਖੁੱਲ੍ਹ ਤਾਂ ਦੇ ਦਿੰਦੇ ਹਨ ਪਰ ਬਾਅਦ ਵਿਚ ਉਹ ਪਛਤਾਉਂਦੇ ਹਨ ਕਿਉਂਕਿ ਉਹਨਾਂ ਦੇ ਬੱਚੇ ਪੜ੍ਹਾਈ ਗ੍ਰਹਿਣ ਕਰਨ ਦੀ ਬਜਾਇ ਫੈਸ਼ਨ ਅਤੇ ਹੋਰ ਭੈੜੀ ਸੰਗਤ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਬੱਚਿਆਂ ਦੀਆਂ ਰੁਚੀਆਂ ਨੂੰ ਅਧਿਆਪਕ ਚੰਗੀ ਤਰ੍ਹਾਂ ਜਾਣ ਸਕਦਾ ਹੈ। ਇਸ ਲਈ ਬੱਚੇ ਨੂੰ ਉਚੇਰੀ ਸਿੱਖਿਆ ਦੀ ਸੇਧ ਦੇਣ ਦੀ ਜ਼ਿੰਮੇਵਾਰੀ ਅਧਿਆਪਕ ਨੂੰ ਸਮਝਣੀ ਚਾਹੀਦੀ ਹੈ। ਗਲਤ ਸਿੱਖਿਆ ਦੀ ਚੋਣ ਬੱਚੇ ਦੇ ਭਵਿੱਖ ਨੂੰ ਤਬਾਹ ਕਰ ਸਕਦੀ ਹੈ। ਅਗਰ ਬੱਚਾ ਇੰਜੀਨੀਅਰਿੰਗ ਵਿਚ ਦਿਲਚਸਪੀ ਰੱਖਦਾ ਹੈ ਤਾਂ ਉਸ ਨੂੰ ਡਾਕਟਰੀ ਦੀ ਸਿੱਖਿਆ ਵਿਚ ਪਾ ਦੇਣਾ ਉਸ ਨਾਲ ਸਰਾਸਰ ਧੱਕਾ ਕਰਨ ਤੋਂ ਸਿਵਾਏ ਕੁਝ ਨਹੀਂ ਹੋਵੇਗਾ। ਬਹੁਤੇ ਬੱਚੇ ਸਹੀ ਸੇਧ ਪ੍ਰਾਪਤ ਕਰਨ ਤੋਂ ਵਾਂਝੇ ਰਹਿਣ ਕਰਕੇ ਅੱਧਵਾਟੇ ਹੀ ਪੜ੍ਹਾਈ ਛੱਡ ਜਾਂਦੇ ਹਨ। ਇਕ ਦੂਸਰੇ ਦੀ ਰੀਸ ਨਾਲ ਵਿਸ਼ਿਆਂ ਦੀ ਚੋਣ ਕਰ ਲੈਣੀ ਵੀ ਚੰਗੀ ਨਹੀਂ ਸਗੋਂ ਜਿਨ੍ਹਾਂ ਵਿਸ਼ਿਆਂ ਵੱਲ ਬੱਚਿਆਂ ਦੀਆਂ ਰੁਚੀਆਂ ਵੱਧ ਹੋਣ ਉਹੀ ਵਿਸ਼ਿਆਂ ਦੇ ਗਰੁੱਪ ਲੈਣ ਦੀ ਸਲਾਹ ਦਿੱਤੀ ਜਾਵੇ।

ਅਧਿਆਪਕ ਨੂੰ ਹਮੇਸ਼ਾਂ ਹੀ ਘਰ ਦੇ ਮਾਹੌਲ ਨੂੰ ਸਕੂਲ ਦੇ ਮਾਹੌਲ ਵਿਚ ਆ ਕੇ ਭੁੱਲ ਜਾਣਾ ਚਾਹੀਦਾ ਹੈ। ਕਈ ਅਧਿਆਪਕ ਘਰੇਲੂ ਮਾਹੌਲ ਠੀਕ ਨਾ ਹੋਣ ਕਾਰਨ ਸਕੂਲ ਵਿਚ ਆ ਕੇ ਮਨ ਉਪਰ ਘਰ ਦੇ ਮਾਹੌਲ ਦਾ ਅਸਰ ਰੱਖਦੇ ਹਨ। ਉਹ ਚਿੜਚਿੜੇ ਸੁਭਾਅ ਜਾਂ ਖਿਝ ਕੇ ਬੋਲਣ ਦੇ ਆਦੀ ਹੋ ਜਾਂਦੇ ਹਨ। ਕਈ ਅਧਿਆਪਕਾਂ ਦੇ ਸਾਈਡ ਬਿਜਨੈੱਸ ਖੋਲ੍ਹੇ ਹੋਏ ਹੁੰਦੇ ਹਨ ਉਹਨਾਂ ਨੂੰ ਸਕੂਲ ਵਿਚ ਵੀ ਆਪਣੇ ਕਾਰੋਬਾਰ ਨਾਲ ਸਰੋਕਾਰ ਹੁੰਦਾ ਹੈ। ਇਹੋ ਜਿਹੇ ਅਧਿਆਪਕ ਪੜ੍ਹਾਈ ਕਰਾਉਣ ਤੋਂ ਜੀਅ ਚੁਰਾਉਣ ਲੱਗ ਜਾਂਦੇ ਹਨ ਕਿਉਂਕਿ ਉਹਨਾਂ ਦਾ ਮਨ ਘਰ ਬਾਰੇ/ਕਾਰੋਬਾਰ ਬਾਰੇ ਹੀ ਸੋਚਦਾ ਰਹਿੰਦਾ ਹੈ। ਕਈ ਵਾਰੀ ਉਹਨਾਂ ਦੇ ਮੋਬਾਇਲ ਫੋਨ 'ਤੇ ਨਵੇਂ-ਨਵੇਂ ਗੀਤਾਂ ਦੀਆਂ ਟੋਨਾਂ ਸੁਣਾਈ ਦਿੰਦੀਆਂ ਹਨ ਅਤੇ ਕਾਰੋਬਾਰ ਦੀਆਂ ਗੱਲਾਂ ਹੁੰਦੀਆਂ ਹਨ। ਇਸ ਤਰ੍ਹਾਂ ਬੱਚਿਆਂ ਅੰਦਰ ਇਹੋ ਜਿਹੇ ਅਧਿਆਪਕਾਂ ਪ੍ਰਤੀ ਸਤਿਕਾਰ ਦੀ ਭਾਵਨਾ ਘਟ ਜਾਂਦੀ ਹੈ। ਸੋ ਇਹ ਸਾਰਾ ਕੁਝ ਅਧਿਆਪਕ ਨੂੰ ਮਾਹੌਲ ਅਨੁਸਾਰ ਢਾਲਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਇਸ ਤਰ੍ਹਾਂ ਬੱਚੇ ਦੀ ਸਖਸ਼ੀਅਤ ਬਨਾਉਣ ਵਿਚ ਅਧਿਆਪਕ ਦਾ ਅਹਿਮ ਰੋਲ ਹੁੰਦਾ ਹੈ। ਬੱਚੇ ਕੌਮ ਦੇ ਉਸਰੀਏ ਬਨਣ ਲਈ ਸਕੂਲ ਵਿਚੋਂ ਹੀ ਮੁੱਢਲੀ ਸਿੱਖਿਆ ਪ੍ਰਾਪਤ ਕਰਦੇ ਹਨ। ਇਕ ਅਧਿਆਪਕ ਬੱਚੇ ਦੀ ਜ਼ਿੰਦਗੀ ਬਣਾ ਅਤੇ ਗਵਾ ਸਕਦਾ ਹੈ। ਸੋ ਸਾਨੂੰ ਅਧਿਆਪਕ ਵਰਗ ਨੂੰ ਪੂਰਾ ਪੂਰਾ ਸਨਮਾਨ ਦੇਣਾ ਚਾਹੀਦਾ ਹੈ। ਬੱਚੇ ਅਤੇ ਅਧਿਆਪਕ ਦਾ ਰਿਸ਼ਤਾ ਗੁਰੂ ਅਤੇ ਚੇਲੇ ਵਾਲਾ ਪਹਿਲਾਂ ਵਾਂਗ ਹੀ ਬਰਕਰਾਰ ਰੱਖਣ ਲਈ ਅਧਿਆਪਕ ਵਰਗ ਨੂੰ ਵੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਸਮਾਜ ਵੱਲੋਂ ਅਧਿਆਪਕ ਵਰਗ ਨੂੰ ਹਰ ਤਰ੍ਹਾਂ ਦੀਆਂ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਇਹ ਵਰਗ ਆਪਣਾ ਰੁਤਬਾ ਸਮਾਜ ਅੰਦਰ ਵੱਖਰਾ ਰੱਖ ਸਕੇ।

**– ਵਿਜੇ ਕੁਮਾਰ**

# ਮਹਿਲ ਵਿਚ 600 ਸਾਲ ਪਹਿਲਾਂ ਸੀ ਟੈਲੀਫੋਨਿਕ ਤਕਨੀਕ



ਮਾਨ ਸਿੰਘ ਪੈਲੇਸ ਨੂੰ ਕਿਲੇ ਦੇ ਸਭ ਤੋਂ ਸ਼ਾਨਦਾਰ ਸਮਾਰਕਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਮਾਨ ਸਿੰਘ ਮਹਿਲ ਦਾ ਨਿਰਮਾਣ 1508 ਈਸਵੀ ਵਿਚ ਰਾਜਾ ਮਾਨ ਸਿੰਘ ਦੁਆਰਾ ਕਰਵਾਇਆ ਗਿਆ ਸੀ। ਸੁੰਦਰ ਰੰਗੀਨ ਟਾਇਲਾਂ ਨਾਲ ਸਜੇ ਇਸ ਕਿਲੇ ਦੇ ਸਮੇਂ ਨੇ ਸੁੰਦਰਤਾ ਖੋਹੀ ਜ਼ਰੂਰ ਹੈ ਪਰ ਇਸ ਦੇ ਕੁਝ ਅੰਦਰੂਨੀ ਅਤੇ ਬਾਹਰੀ ਹਿੱਸਿਆਂ ਵਿਚ ਨੀਲੀਆਂ, ਪੀਲੀਆਂ, ਹਰੀਆਂ, ਸਫੈਦ ਟਾਇਲਾਂ ਦੁਆਰਾ ਬਣਾਈਆਂ ਕਲਾਕ੍ਰਿਤੀਆਂ ਹੁਣ ਵੀ ਸੁਹੱਪਣ ਨੂੰ ਦਰਸਾਉਂਦੀਆਂ ਹਨ।


### ਗਵਾਲੀਅਰ ਦਾ ਗੋਲਡਨ ਯੁੱਗ

ਰਾਜਾ ਮਾਨ ਸਿੰਘ ਤੋਮਰ ਬਹਾਦਰ ਯੋਧਾ ਹੋਣ ਦੇ ਨਾਲ ਹੀ ਲਲਿਤ ਕਲਾ ਪ੍ਰੇਮੀ ਅਤੇ ਸਥਾਪਤ ਸ਼ੈਲੀ ਦੇ ਜਾਣਕਾਰ ਵੀ ਸਨ। ਉਹਨਾਂ ਦੇ ਸ਼ਾਸਨਕਾਲ ਨੂੰ ਗਵਾਲੀਅਰ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਮਾਨ ਸਿੰਘ ਮਹਿਲ ਦੇ ਵਿਸ਼ਾਲ ਕਮਰਿਆਂ ਵਿਚ ਭੂਤਕਾਲ ਅੱਜ ਵੀ ਦਿੱਸਦਾ ਹੈ। ਇੱਥੇ ਜਾਲੀਦਾਰ ਦੀਵਾਰਾਂ ਨਾਲ ਬਣੇ ਸੰਗੀਤ ਰੂਮ ਹਨ, ਜਿਹਨਾਂ ਦੇ ਪਿੱਛੇ ਜਨਾਨਾ ਕਮਰਿਆਂ ਵਿਚ ਰਾਜ ਪਰਿਵਾਰ ਦੀਆਂ ਔਰਤਾਂ ਸੰਗੀਤ ਸਭਾਵਾਂ ਦਾ ਆਨੰਦ ਲੈਂਦੀਆਂ ਅਤੇ ਸੰਗੀਤ ਸਿੱਖਦੀਆਂ ਸਨ।

ਮਾਨ ਸਿੰਘ ਮਹਿਲ ਵਿਚ ਕੁੱਲ ਚਾਰ ਤਲ ਬਣੇ ਹਨ। ਇੱਥੋਂ ਦੀ ਤੀਜੀ ਮੰਜ਼ਿਲ ਵਿਚ ਕਈ ਕਮਰੇ ਅਤੇ ਦੋ ਵਿਹੜੇ ਹਨ। ਇਹਨਾਂ ਕਮਰਿਆਂ ਦੀ ਖ਼ਾਸੀਅਤ ਇਹ ਹੈ ਕਿ ਇੱਥੇ ਸੁੰਦਰ ਚਿੱਤਰਕਾਰੀ ਕੀਤੀ ਹੋਈ ਹੈ। ਇਹ ਗੁੰਬਦਾਂ ਅਤੇ ਕੋਸ਼ਕ ਆਕ੍ਰਿਤੀਆਂ ਨਾਲ ਸਜੇ ਹਨ। ਇੱਥੋਂ ਦੇ ਤਹਿਖਾਨਿਆਂ ਵਿਚ ਇਕ ਕੈਦਖਾਨਾ ਹੈ। ਇਤਿਹਾਸਕਾਰ ਦੱਸਦੇ ਹਨ ਕਿ ਮੁਗਲ ਸਮਰਾਟ ਔਰੰਗਜ਼ੇਬ ਨੇ ਇੱਥੇ ਆਪਣੇ ਭਰਾ ਮੁਰਾਦ ਨੂੰ ਕੈਦ ਕਰਵਾਇਆ ਸੀ ਅਤੇ ਬਾਅਦ ਵਿਚ ਉਸਦੀ ਹੱਤਿਆ ਕਰ ਦਿੱਤੀ ਸੀ।

# ਜੂਨ ਚੁਰਾਸੀ ਦੇ ਜ਼ਖ਼ਮਾਂ ਦੀ ਇਬਾਰਤ

ਚਾਰ ਦਹਾਕੇ ਪਹਿਲਾਂ, ਜੂਨ ਚੁਰਾਸੀ ਵਿਚ ਨੀਲੇ ਅੰਬਰ ’ਤੇ ਚੜ੍ਹੇ ਪੂਛਲ ਵਾਲੇ ਨੀਲੇ ਤਾਰੇ ਨੇ ਉਸ ਜੁਝਾਰੂ ਕੌਮ ਨੂੰ ਦਿਨੇ ਤਾਰੇ ਦਿਖਾ ਦਿੱਤੇ ਜਿਹੜੀ ਛਾਤੀ ਵਿਚ ਖਾਧੇ ਜ਼ਖ਼ਮਾਂ ਨੂੰ ਤਗ਼ਮਿਆਂ ਵਾਂਗ ਲੈਂਦੀ ਆਈ ਸੀ। ਵਿਦੇਸ਼ੀ ਧਾੜਵੀਆਂ ਨਾਲ ਲੋਹਾ ਲੈਣ ਵਾਲਿਆਂ ’ਤੇ ਜਦੋਂ ਆਪਣੀ ਹੀ ਫ਼ੌਜ ਧਾੜਵੀ ਬਣ ਕੇ ਚੜ੍ਹੀ ਤਾਂ ਸਮਾਂ ਬਿਟ-ਬਿਟ ਝਾਕ ਰਿਹਾ ਸੀ।



ਜੇਠ ਮਹੀਨੇ ਅੱਗ ਦਾ ਗੋਲਾ ਬਣਦੇ ਸੂਰਜ ਤੋਂ ਕਿਤੇ ਵੱਧ ਨੀਲੇ ਤਾਰੇ ਦੀ ਤਪਸ਼ ਸੀ। ਸੋਨ-ਸੁਨਹਿਰੀ ਕਲਸ਼ਾਂ/ਗੁੰਬਦਾਂ ਨੂੰ ਫੂੰਡ ਰਹੇ ਤੋਪਾਂ ਦੇ ਅਗਨ-ਗੋਲੇ ਕਹਿਰ ਢਾਹ ਰਹੇ ਸਨ। ਦਾਗੇ ਜਾ ਰਹੇ ਗੋਲਿਆਂ ਦੀ ਵਾਛੜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਰਿਸਰ ਦੀ ਟੈਂਕੀ ਵਿਚ ਮਘੋਰੇ ਕਰ ਦਿੱਤੇ ਤਾਂ ਦਰਿਆਈ ਪਾਣੀਆਂ ’ਚੋਂ ਬਣਦਾ ਹਿੱਸਾ ਲੈਣ ਲਈ ਲਗਾਏ ‘ਧਰਮ-ਯੁੱਧ’ ਮੋਰਚੇ ਦੇ ਮਰਜੀਵੜੇ ਵੀ ਬੂੰਦ-ਬੂੰਦ ਪਾਣੀ ਲਈ ਤੜਫ-ਤੜਫ ਕੇ ਮਰਦੇ ਵੇਖੇ ਗਏ। ਇਹ ਉਹ ਦਿਨ ਸੀ ਜਦੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਸੀ। ਇਸ ਗੁਰਪੁਰਬ ਦੇ ਅਵਸਰ ’ਤੇ ਸਿੱਖ ਕੌਮ ਥਾਂ-ਥਾਂ ’ਤੇ ਮਿੱਠੇ ਜਲ ਦੀਆਂ ਛਬੀਲਾਂ ਲਾਉਂਦੀ ਆ ਰਹੀ ਹੈ। ‘ਸਾਕਾ ਨੀਲਾ ਤਾਰਾ’ ਦਾ ਖਾਕਾ ਉਲੀਕਣ ਵਾਲਿਆਂ ਨੇ ਇਸ ਇਤਿਹਾਸਕ ਦਿਹਾੜੇ ਦੀ ਅਣਦੇਖੀ ਕੀਤੀ ਸੀ। ਹਾਕਮਾਂ ਨੂੰ ਇਹ ਖ਼ਿਆਲ ਨਾ ਆਇਆ ਕਿ ਇਸ ਮਹਾਨ ਪੁਰਬ ਦੇ ਅਵਸਰ ’ਤੇ ਭਾਰੀ ਸੰਗਤ ਜੁੜੀ ਹੋਵੇਗੀ ਜਿਸ ਦਾ ਮੋਰਚੇ ਨਾਲ ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ।

ਨੀਲੇ ਅੰਬਰ ’ਤੇ ਅਚਾਨਕ ਚੜ੍ਹਿਆ ਨੀਲਾ ਤਾਰਾ ਆਮ ਆਦਮੀ ਛੱਡੋ, ਜਲ-ਥਲ ਤੇ ਹਵਾਈ ਸੈਨਾ ਦੇ ਸੁਪਰੀਮ ਕਮਾਂਡਰ ਸਮਝੇ ਜਾਂਦੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਨਜ਼ਰ ਨਾ ਆਇਆ। ਸੰਵਿਧਾਨ ਦਾ ਇਹ ਸਭ ਤੋਂ ਵੱਡਾ ਚੀਰ-ਹਰਨ ਸੀ। ਫ਼ੌਜੀ ਐਕਸ਼ਨ ਦਾ ਮੂਲ ਮੰਤਵ ਉਸ ਖੜਗ ਦੀ ਧਾਰ ਨੂੰ ਖੁੰਢਾ ਕਰਨਾ ਸੀ ਜਿਹੜੀ ਵਾਜਬ ਮੰਗਾਂ ਨੂੰ ਲੈ ਕੇ ਮਿਆਨ ’ਚੋਂ ਬਾਹਰ ਆ ਜਾਂਦੀ ਸੀ। ਹਾਕਮ ਇਹ ਵੀ ਭੁੱਲ ਗਏ ਕਿ ਵਤਨ ਖ਼ਾਤਰ ਮਰ ਮਿਟਣ ਵਾਲੀ ਭਾਵਨਾ ਕਾਰਨ ਹੀ ਪੰਜਾਬ ਨੂੰ ਦੇਸ਼ ਦੀ ਖੜਗ-ਭੁਜਾ ਕਿਹਾ ਜਾਂਦਾ ਹੈ।



ਵਰਿੰਦਰ ਸਿੰਘ ਵਾਲੀਆ

ਇਸ ਖੜਗ ਨੂੰ ਸਾਣ ’ਤੇ ਲਾ ਕੇ ਦੇਸ਼ ਦੇ ਦੁਸ਼ਮਣਾਂ ਖ਼ਿਲਾਫ਼ ਵਰਤਣ ਦੀ ਬਜਾਏ ਇਸ ਨੂੰ ਖੁੰਢਾ ਕਰਨਾ ਸ਼ਾਇਦ ਵਕਤੀ ਲਾਹਾ ਹੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈ ਸੰਗਤ ਦੇ ਡੁੱਲ੍ਹੇ ਖ਼ੂਨ ਤੋਂ ਬਾਅਦ ਵਿਸ਼ਵ-ਪੱਧਰ ’ਤੇ ਬਹਿਸ ਦਾ ਦੌਰ ਸ਼ੁਰੂ ਹੋਇਆ। ਕੀ ਫ਼ੌਜੀ ਐਕਸ਼ਨ ਵਾਕਈ ਜ਼ਰੂਰੀ ਸੀ? ਚਾਰ ਸਾਲ ਬਾਅਦ ਹਥਿਆਰਬੰਦ ਕੱਟੜਪੰਥੀਆਂ ਨੂੰ ਗੋਲਡਨ ਟੈਂਪਲ ’ਚੋਂ ਬਾਹਰ ਕੱਢਣ ਲਈ ਕੀਤੇ ਗਏ ਆਪਰੇਸ਼ਨ ਬਲੈਕ ਥੰਡਰ (ਦੂਜਾ) ਨੇ ਇਹ ਸਾਬਿਤ ਕਰ ਦਿੱਤਾ ਕਿ ਸਾਕਾ ਨੀਲਾ ਤਾਰਾ ਵਰਗੇ ਫ਼ੌਜੀ ਐਕਸ਼ਨ ਦੀ ਕਤੱਈ ਜ਼ਰੂਰਤ ਨਹੀਂ ਸੀ। ਬਲੈਕ ਥੰਡਰ ਵਾਂਗ ਜੂਨ ਚੁਰਾਸੀ ਵਿਚ ਵੀ ਘੇਰਾਬੰਦੀ ਕਰ ਕੇ ਕੱਟੜਪੰਥੀਆਂ ਕੋਲੋਂ ਆਤਮ-ਸਮਰਪਣ ਕਰਵਾਇਆ ਜਾ ਸਕਦਾ ਸੀ।

ਮਈ 1988 ਵਿਚ ਕੀਤੇ ਗਏ ਬਲੈਕ ਥੰਡਰ ਦੀ ਰਿਹਰਸਲ ਅਰਾਵਲੀ ਹਿੱਲਜ਼ ਵਿਚ ਆਯੋਜਿਤ ਕੀਤੀ ਗਈ ਸੀ। ਗੋਲਡਨ ਟੈਂਪਲ ਦਾ ਮਾਡਲ ਰੱਖ ਕੇ ਨੈਸ਼ਨਲ ਸਕਿਉਰਿਟੀ ਗਾਰਡਜ਼ ਨੂੰ ਆਪਰੇਸ਼ਨ ਦੀਆਂ ਬਾਰੀਕੀਆਂ ਸਮਝਾਈਆਂ ਗਈਆਂ ਸਨ। ਇਸ ਤੋਂ ਬਾਅਦ ਹਰਿਆਣੇ ਦੇ ਇਕ ਕਾਲਜ ਵਿਚ ਸਪੈਸ਼ਲ ਐਕਸ਼ਨ ਗਰੁੱਪ ਦੇ ਕਮਾਂਡੋਆਂ ਨੂੰ ਟਰੇਨਿੰਗ ਦਿੱਤੀ ਗਈ। ਪਾਰਦਰਸ਼ਤਾ ਨੂੰ ਮੱਦੇਨਜ਼ਰ ਰੱਖਦਿਆਂ ਦੇਸ਼-ਵਿਦੇਸ਼ ਦੇ ਸੀਨੀਅਰ ਰਿਪੋਰਟਰਾਂ ਨੂੰ ਲਾਈਵ ਕਵਰੇਜ ਲਈ ਸੱਦਿਆ ਗਿਆ। ਚੰਦ ਦਿਨਾਂ ਦੀ ਘੇਰਾਬੰਦੀ ਨੇ ਹਰਿਮੰਦਰ ਸਾਹਿਬ ਵਿਚ ਸ਼ਰਨ ਲਈ ਬੈਠੇ ਕੱਟੜਪੰਥੀਆਂ ਨੂੰ ਹੱਥ ਖੜ੍ਹੇ ਕਰ ਕੇ ਬਾਹਰ ਆਉਂਦਿਆਂ ਦੁਨੀਆ ਨੇ ਸਾਕਸ਼ਾਤ ਦੇਖਿਆ।

ਇਹੀ ਵਜ੍ਹਾ ਸੀ ਕਿ ਸਾਕਾ ਨੀਲਾ ਤਾਰਾ ਵਾਂਗ ਆਪਰੇਸ਼ਨ ਬਲੈਕ ਥੰਡਰ ਦਾ ਸਿੱਖ ਕੌਮ ਵੱਲੋਂ ਕੋਈ ਖ਼ਾਸ ਵਿਰੋਧ ਨਾ ਹੋਇਆ। ਸਾਕਾ ਨੀਲਾ ਤਾਰਾ ਲਈ ਸਮੇਂ ਦੀ ਇੰਦਰਾ ਗਾਂਧੀ ਸਰਕਾਰ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਤਤਕਾਲੀ ਸਿੰਘ ਸਾਹਿਬਾਨ ਵੀ ਕਟਹਿਰੇ ਵਿਚ ਖੜ੍ਹੇ ਦਿਖਾਈ ਦਿੰਦੇ ਹਨ ਜਿਨ੍ਹਾਂ ਨੇ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ। ਜੇ ਉਹ ਆਪਣਾ ਕਰਤੱਵ ਇਮਾਨਦਾਰੀ ਨਾਲ ਨਿਭਾਉਂਦੇ ਤਾਂ ਹਾਲਾਤ ਨੂੰ ਵਿਸਫੋਟਕ ਬਣਨ ਤੋਂ ਰੋਕਿਆ ਜਾ ਸਕਦਾ ਸੀ। ਮੁਕੱਦਸ ਅਸਥਾਨਾਂ ਦੀ ਕਿਲ੍ਹੇਬੰਦੀ ਨਾ ਹੁੰਦੀ ਤਾਂ ਫ਼ੌਜ ਚਾੜ੍ਹਨ ਦਾ ਬਹਾਨਾ ਵੀ ਨਾ ਬਣਦਾ। ਖ਼ੈਰ, ਤੇਜ਼ਾਬੀ ਮਾਹੌਲ ਬਣਾਉਣ ਲਈ ਕੇਂਦਰ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਵੀ ਵੱਡਾ ਯੋਗਦਾਨ ਪਾਇਆ। ਜਨੂੰਨੀਆਂ ਦੇ ਜ਼ਹਿਰੀਲੇ ਫੁੰਕਾਰਿਆਂ ਵਿਚ ਵੀ ਏਜੰਸੀਆਂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਥ-ਪ੍ਰਸਤ ਆਲੇ-ਭੋਲੇ ਲੋਕਾਂ ਨੂੰ ਸਭ ਤੋਂ ਵੱਡਾ ਖ਼ਮਿਆਜ਼ਾ ਭੁਗਤਣਾ ਪਿਆ।

ਲਹੂ-ਵੀਟਵੀਂ ਅਸਾਵੀਂ ਜੰਗ ਵਿਚ ਹੋਇਆ ਦੁਵੱਲਾ ਨੁਕਸਾਨ ਤਮਾਮ ਸਮਿਆਂ ਦੀ ਅਕਹਿ ਤੇ ਅਸਹਿ ਪੀੜਾ ਬਣ ਗਿਆ। ਇਸ ਸਾਕੇ ਦੀ ਚੀਸ ਕੌਮ ਦੀ ਚੇਤਨਾ ਵਿਚ ਪੱਕਾ ਘਰ ਬਣਾ ਬੈਠੀ। ਦੋਜ਼ਖ਼ ਭਰੇ ਦਿਨਾਂ ਦੀ ਯਾਦ ਸਦਾ ਸਤਾਉਂਦੀ ਰਹੇਗੀ। ਜਦੋਂ ਵੀ ਜੇਠ ਮਹੀਨਾ ਚੜ੍ਹੇਗਾ, ਸਮੁੱਚੀ ਕੌਮ ਨੂੰ ਇਸ ਸਾਕੇ ਦਾ ਸੇਕ ਅਵਾਜ਼ਾਰ ਕਰਦਾ ਰਹੇਗਾ। ਫ਼ੌਜੀ ਐਕਸ਼ਨ ਨੇ ਦਰਅਸਲ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਨੂੰ ਅਜਿਹੇ ਜ਼ਖ਼ਮ ਦਿੱਤੇ ਜੋ ਨਾਸੂਰ ਬਣ ਚੁੱਕੇ ਹਨ। ਇਸ ਸਾਕੇ ਨੂੰ ਤੀਜਾ ਘੱਲੂਘਾਰਾ ਕਿਹਾ ਗਿਆ। ਇਸ ਘੱਲੂਘਾਰੇ ਬਾਰੇ ਲਿਖਦਿਆਂ ਹਰ ਕਲਮ ਖ਼ੂਨ ਦੇ ਹੰਝੂ ਕੇਰਦੀ ਰਹੇਗੀ।

ਪਿੰਡ-ਪਿੰਡ ਪੁੱਜੇ ਖ਼ੂਨ ਦੇ ਛਿੱਟੇ ਚੈਨ ਨਾਲ ਸੌਣ ਨਹੀਂ ਦਿੰਦੇ। ਸਮੇਂ ਦੀ ਕਾਂਗਰਸ ਸਰਕਾਰ ਨੇ ਭਾਵੇਂ ਤਵਾਰੀਖ਼ੀ ਗੁਨਾਹ ਕੀਤਾ ਸੀ ਪਰ ਇਸ ਦੇ ਨੇਤਾਵਾਂ ਨੇ ਹਮੇਸ਼ਾ ਘੁੰਡ ਕੱਢ ਕੇ ਹੀ ਮਾਫ਼ੀ ਮੰਗਣ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਨੇ ਹਥਿਆਰਬੰਦ ਜੰਗ ਲੜੀ, ਉਨ੍ਹਾਂ ਨੇ ਇਹ ਰਾਹ ਖ਼ੁਦ ਚੁਣਿਆ ਸੀ। ਪਰ ਨਿਰਦੋਸ਼ ਤੇ ਨਿਹੱਥੇ ਸ਼ਰਧਾਲੂਆਂ ਦੀ ਅਣਿਆਈ ਮੌਤ ਕਿਸ ਖਾਤੇ ਵਿਚ ਪਾਈ ਜਾਵੇ? ਉਹ ਤਾਂ ਆਪਣੇ ਪਹਿਲੇ ਸ਼ਹੀਦ ਗੁਰੂ ਨੂੰ ਨਤਮਸਤਕ ਹੋਣ ਗਏ ਸਨ ਜਿਨ੍ਹਾਂ ਨੇ ਆਪਣੇ ਗੁਰੂ-ਪਿਤਾ ਗੁਰੂ ਰਾਮ ਦਾਸ ਜੀ ਵੱਲੋਂ ਆਰੰਭੇ ਹਰਿਮੰਦਰ ਸਾਹਿਬ ਦੇ ਨਿਰਮਾਣ ਕਾਰਜਾਂ ਨੂੰ ਪੂਰਾ ਕੀਤਾ ਸੀ।

ਖੁੱਲ੍ਹੇ ਦਿਲ ਵਾਲੇ ਸਤਿਗੁਰੂ ਨੇ ਹਰਿਮੰਦਰ ਸਾਹਿਬ ਦੇ ਚਾਰੇ ਪ੍ਰਵੇਸ਼ ਦੁਆਰਾਂ ’ਤੇ ਦਰਵਾਜ਼ੇ ਨਹੀਂ ਸਨ ਲਗਵਾਏ ਤਾਂ ਜੋ ਚਾਰਾਂ ਵਰਣਾਂ ਦੇ ਲੋਕ ਬਿਨਾਂ ਕਿਸੇ ਭੇਦਭਾਵ ਦੇ ਉੱਥੇ ਆ-ਜਾ ਸਕਣ। ਗੁਰੂ ਜੀ ਨੇ ਸਮੇਂ ਦੀ ਹਕੂਮਤ ਨਾਲ ਸਿੱਧੀ ਟੱਕਰ ਲੈਂਦਿਆਂ ਲਾਸਾਨੀ ਕੁਰਬਾਨੀ ਦਿੱਤੀ। ਸੀਸ ਝੁਕਾਇਆ ਹੁੰਦਾ ਤਾਂ ਉਸ ’ਤੇ ਤੱਤੀ ਰੇਤ ਨਾ ਪੈਂਦੀ ਤੇ ਨਾ ਹੀ ਉਨ੍ਹਾਂ ਨੂੰ ਉਬਲਦੀ ਦੇਗ ਵਿਚ ਪਾਇਆ ਜਾਂਦਾ। ਗੁਰੂ ਸਾਹਿਬ ਨੇ ਸ਼ਾਂਤਮਈ ਰਹਿ ਕੇ ਜ਼ੁਲਮ-ਸਿਤਮ ਦਾ ਮੁਕਾਬਲਾ ਕੀਤਾ। ‘ਤੇਰਾ ਕੀਆ ਮੀਠਾ ਲਾਗੇ’ ਦੀ ਧੁਨੀ ਜਾਰੀ ਰੱਖਦਿਆਂ ਗੁਰੂ ਜੀ ਨੇ ਤੱਤੀ ਤਵੀ ’ਤੇ ਬੈਠ ਕੇ ਸੀਸ ’ਤੇ ਤੱਤੀ ਰੇਤਾ ਪਵਾ ਲਈ।

ਸ਼ਾਂਤੀ ਦੇ ਪੁੰਜ ਨੇ ਭਾਣਾ ਮੰਨ ਕੇ ਸ਼ਹਿਨਸ਼ਾਹ ਦਾ ਹੰਕਾਰ ਚਕਨਾਚੂਰ ਕਰ ਦਿੱਤਾ। ਭਾਣੇ ਨੂੰ ਮਿੱਠਾ ਕਰ ਕੇ ਮੰਨਣ ਵਾਲੇ ਗੁਰੂ ਦੀ ਸ਼ਹਾਦਤ ’ਚੋਂ ਹੀ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਦਾ ਜਨਮ ਹੋਇਆ ਸੀ। ਮੀਰੀ-ਪੀਰੀ ਦੇ ਸਿਧਾਂਤ ਨੇ ਹੀ ਧਰਮ-ਯੁੱਧ ਦਾ ਆਗ਼ਾਜ਼ ਕੀਤਾ ਸੀ। ਧਰਮ-ਯੁੱਧ ਦੀ ਅਸਲੋਂ ਨਵੀਂ ਪਰਿਭਾਸ਼ਾ ਨੇ ਜ਼ੁਲਮ ਖ਼ਿਲਾਫ਼ ਐਲਾਨ-ਏ-ਜੰਗ ਦਾ ਨਗਾਰਾ ਵਜਾਇਆ ਸੀ। ਸਪਸ਼ਟ ਸੀ ਕਿ ਜ਼ਾਲਮ ਦੇ ਹੱਥ ਆਈ ਤਲਵਾਰ ਦਾ ਮੁਕਾਬਲਾ ਮੀਰੀ-ਪੀਰੀ ਦੀਆਂ ਕਿਰਪਾਨਾਂ ਨੇ ਹੀ ਕੀਤਾ ਜੋ ਰਹਿੰਦੀ ਦੁਨੀਆ ਤੱਕ ਖੁੰਢੀਆਂ ਨਹੀਂ ਹੋ ਸਕਦੀਆਂ। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ’ਤੇ ਨੀਲਾ ਤਾਰਾ ਸਾਕੇ ਦਾ ਵਾਪਰਨਾ ਸਮੇਂ ਨੂੰ ਪੁੱਠਾ ਗੇੜਾ ਦੇਣ ਵਾਂਗ ਸੀ। ਇਸ ਸਾਕੇ ਨੇ ਤਵਾਰੀਖ਼ ਦੇ ਪੰਨੇ ਕਾਲਖ਼ ਨਾਲ ਪੋਤ ਦਿੱਤੇ।

ਜ਼ਖ਼ਮਾਂ ਦੀ ਇਬਾਰਤ ਪੜ੍ਹਦਿਆਂ ਇਤਿਹਾਸ ਦੇ ਸਫ਼ਿਆਂ ’ਚੋਂ ਹਮੇਸ਼ਾ ਖ਼ੂਨ ਚੋਂਦਾ ਰਹੇਗਾ। ਕੌਮ ਨੂੰ ਭੱਠ ਵਿਚ ਝੋਕਣ ਵਾਲੇ ਤਥਾ-ਕਥਿਤ ਟਕਸਾਲੀਆਂ ਦਾ ਲੇਖਾ-ਜੋਖਾ ਵੀ ਆਖ਼ਰ ਜ਼ਰੂਰ ਹੋਵੇਗਾ। ਧੁਆਂਖਿਆ ਅਤੀਤ ਉਨ੍ਹਾਂ ਦੀਆਂ ਆਖ਼ਰੀ ਪੀੜ੍ਹੀਆਂ ਨੂੰ ਵੀ ਮਾਫ਼ ਨਹੀਂ ਕਰੇਗਾ। ਕਦੇ ਕਿਸੇ ਨਿਰਦੋਸ਼ ਦਾ ਖ਼ੂਨ ਅਜਾਈਂ ਨਾ ਡੁੱਲ੍ਹੇ, ਇਸ ਦੀ ਅਰਦਾਸ ਕਰਨੀ ਚਾਹੀਦੀ ਹੈ। ਫਿਰਕਿਆਂ ਵਿਚ ਪਾੜ ਪਾਉਣ ਵਾਲੀਆਂ ਸ਼ਕਤੀਆਂ ’ਤੇ ਬਾਜ਼ ਅੱਖ ਰੱਖਣੀ ਹੋਵੇਗੀ।

ਗੁਰਾਂ ਦੇ ਨਾਂ ’ਤੇ ਵਸਣ ਵਾਲੇ ਸੂਬੇ ਵਿਚ ਸਾਜ਼ਿਸ਼ਾਂ ਦਾ ਹੀਜ਼-ਪਿਆਜ਼ ਨੰਗਾ ਕਰਨ ਲਈ ਮੇਰ-ਤੇਰ ਦੀਆਂ ਵਲਗਣਾਂ ’ਚੋਂ ਬਾਹਰ ਆਉਣਾ ਹੋਵੇਗਾ। ਸਾਂਝੀਵਾਲਤਾ ਦੇ ਖਮੀਰ ਨੂੰ ਖੋਰਾ ਨਾ ਲੱਗੇ, ਇਸ ’ਤੇ ਵੀ ਠੀਕਰੀ ਪਹਿਰਾ ਦੇਣਾ ਹੋਵੇਗਾ। ਸਾਕਾ ਨੀਲਾ ਤਾਰਾ ਤੋਂ ਸਬਕ ਨਾ ਸਿੱਖਦਿਆਂ ਭਾਈਚਾਰੇ ਨੂੰ ਤਾਰ-ਤਾਰ ਕਰਨ ਲਈ ਗ਼ੈਰ-ਸਮਾਜੀ ਅਨਸਰ ਫਿਰ ਸਿਰ ਚੁੱਕ ਰਹੇ ਹਨ। ਫਨੀਅਰ ਨਾਗਾਂ ਦਾ ਸਿਰ ਕੁਚਲਣ ਲਈ ਸਾਰੇ ਭਾਈਚਾਰਿਆਂ ਨੂੰ ਸਾਂਝਾ ਹੰਭਲਾ ਮਾਰਨਾ ਹੋਵੇਗਾ।

# ਚੋਣ ਪ੍ਰਕਿਰਿਆ ਦੇ ਸਬਕ

ਆਖ਼ਰੀ ਗੇੜ ਦੀਆਂ 57 ਸੀਟਾਂ ’ਤੇ ਵੋਟਿੰਗ ਦੇ ਨਾਲ ਹੀ 18ਵੀਂ ਲੋਕ ਸਭਾ ਲਈ ਸੱਤ ਗੇੜ ਵਾਲੀ ਲੰਬੀ ਚੋਣ ਪ੍ਰਕਿਰਿਆ ਸ਼ਨਿਚਰਵਾਰ ਨੂੰ ਸਮਾਪਤ ਹੋ ਗਈ। ਇਸੇ ਨਾਲ ਐਗਜ਼ਿਟ ਪੋਲ ਦੇ ਨਤੀਜੇ ਵੀ ਆ ਗਏ। ਇਹ ਸਪੱਸ਼ਟ ਹੀ ਹੈ ਕਿ ਸਾਰਿਆਂ ਨੂੰ ਅਸਲ ਨਤੀਜਿਆਂ ਦੀ ਉਡੀਕ ਹੈ, ਜੋ ਚਾਰ ਜੂਨ ਨੂੰ ਆਉਣਗੇ।

ਇਸ ਦਿਨ ਹੀ ਪਤਾ ਲੱਗੇਗਾ ਕਿ ਕਿਸ ਨੇ ਬਾਜ਼ੀ ਮਾਰੀ ਤੇ ਕੌਣ ਪਿੱਛੇ ਰਹਿ ਗਿਆ। ਐਗਜ਼ਿਟ ਪੋਲ ਕੁਝ ਵੀ ਕਹਿ ਰਹੇ ਹੋਣ, ਸਰਕਾਰ ਤੇ ਵਿਰੋਧੀ ਧਿਰ ਹੁਣ ਵੀ ਆਪੋ-ਆਪਣੀ ਜਿੱਤ ਦਾ ਦਾਅਵਾ ਕਰ ਰਹੇ ਹਨ। ਇਕ ਤਰ੍ਹਾਂ ਇਹ ਚੰਗਾ ਹੀ ਹੈ ਕਿਉਂਕਿ ਇਨ੍ਹਾਂ ਦਾਅਵਿਆਂ ਦਾ ਮਤਲਬ ਹੈ ਕਿ ਦੋਵਾਂ ਧਿਰਾਂ ਨੂੰ ਇਹ ਯਕੀਨ ਹੈ ਕਿ ਚੋਣਾਂ ਨਿਰਪੱਖ ਤਰੀਕੇ ਨਾਲ ਹੋਈਆਂ ਹਨ। ਹੋਰ ਵੀ ਚੰਗਾ ਇਹ ਹੋਵੇਗਾ ਕਿ ਹਾਰਨ ਵਾਲੀ ਧਿਰ ਆਪਣੀ ਹਾਰ ਦਾ ਦੋਸ਼ ਚੋਣ ਕਮਿਸ਼ਨ ਜਾਂ ਹੋਰ ਕਿਸੇ ’ਤੇ ਮੜ੍ਹਣ ਦੀ ਥਾਂ ਆਤਮ-ਮੰਥਨ ਕਰੇ। ਬਦਕਿਸਮਤੀ ਨਾਲ ਹੁਣ ਤੱਕ ਅਜਿਹਾ ਕੰਮ ਹੀ ਹੁੰਦਾ ਰਿਹਾ ਹੈ।

ਹਾਰਨ ਵਾਲੀਆਂ ਸਿਆਸੀ ਪਾਰਟੀਆਂ ਕਦੀ ਈਵੀਐੱਮ ’ਤੇ ਭਾਂਡਾ ਭੰਨ੍ਹਣ ਲੱਗਦੀਆਂ ਹਨ, ਕਦੀ ਮੀਡੀਆ ਨੂੰ ਬੁਰਾ-ਭਲਾ ਕਹਿਣ ਲੱਗਦੀਆਂ ਹਨ ਤੇ ਕਦੀ-ਕਦੀ ਤਾਂ ਜਨਤਾ ਨੂੰ ਹੀ ਬੇਵਕੂਫ਼ ਦੱਸਣ ਲੱਗਦੀਆਂ ਹਨ। ਇਸ ਨਾਲ ਸਿਆਸੀ ਪਾਰਟੀਆਂ ਦੀ ਸਮਝ ਦਾ ਹੀ ਪਤਾ ਲੱਗਦਾ ਹੈ।

ਅਸਲ ਵਿਚ ਤਾਂ ਸਾਡੇ ਦੇਸ਼ ਦੀਆਂ ਸਿਆਸੀ ਪਾਰਟੀਆਂ ਨੂੰ ਹੁਣ ਕਾਫ਼ੀ ਕੁਝ ਸਿੱਖਣ ਦੀ ਲੋੜ ਹੈ। ਇਸ ਲੋੜ ਦੀ ਪੂਰਤੀ ਇਸ ਲਈ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਕਰੀਬ ਦੋ ਮਹੀਨੇ ਦੀਆਂ ਲੰਬੀਆਂ ਚੋਣਾਂ ਦੌਰਾਨ ਕਈ ਪਾਰਟੀਆਂ ਨੇ ਨਕਾਰਾਤਮਕ ਵਤੀਰੇ ਤੋਂ ਜਾਣੂ ਕਰਵਾਇਆ ਅਤੇ ਅਜਿਹੇ ਵਿਸ਼ਿਆਂ ਨੂੰ ਚੋਣ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ, ਜੋ ਜਨਹਿਤ ਦੇ ਵਿਸ਼ੇ ਹੀ ਨਹੀਂ ਸਨ। ਚੋਣਾਂ ਵਿਚ ਜਦ ਜਨਹਿਤ ਦੇ ਮੁੱਦਿਆਂ ਨੂੰ ਤਰਜੀਹ ਨਹੀਂ ਮਿਲਦੀ, ਤਾਂ ਉਸ ਨਾਲ ਜਨਤਾ ਦੇ ਨਾਲ-ਨਾਲ ਪਾਰਟੀਆਂ ਨੂੰ ਵੀ ਨੁਕਸਾਨ ਝੱਲਣਾ ਪੈਂਦਾ ਹੈ।

ਇਸ ਵਾਰ ਦੀਆਂ ਆਮ ਚੋਣਾਂ ਵਿਚ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਮੈਨੀਫੈਸਟੋ ਦੀ ਥਾਂ ਦੂਜੀਆਂ ਪਾਰਟੀਆਂ ਦੇ ਮੈਨੀਫੈਸਟੋ ਦਾ ਜ਼ਿਕਰ ਵੱਧ ਕੀਤਾ ਅਤੇ ਉਹ ਵੀ ਅੱਧੇ-ਅਧੂਰੇ ਢੰਗ ਨਾਲ। ਇਸ ਵਾਰ ਉਮੀਦ ਤੋਂ ਘੱਟ ਵੋਟਿੰਗ ਵੀ ਚਰਚਾ ਦਾ ਵਿਸ਼ਾ ਰਹੀ ਹੈ। ਇਹ ਚਰਚਾ ਦਾ ਵਿਸ਼ਾ ਬਣਨਾ ਵੀ ਚਾਹੀਦੀ ਹੈ, ਪਰ ਇਸ ਲਈ ਇਕ ਹੱਦ ਤੱਕ ਸਿਆਸੀ ਪਾਰਟੀਆਂ ਵੀ ਜ਼ਿੰਮੇਵਾਰ ਹਨ। ਉਹ ਜਨਤਾ ਨੂੰ ਵੱਡੀ ਗਿਣਤੀ ਵਿਚ ਮਤਦਾਨ ਕੇਂਦਰਾਂ ਤੱਕ ਜਾਣ ਲਈ ਪ੍ਰੇਰਿਤ ਨਹੀਂ ਕਰ ਸਕੀਆਂ।

ਉਮੀਦ ਤੋਂ ਘੱਟ ਮਤਦਾਨ ’ਤੇ ਚੋਣ ਕਮਿਸ਼ਨ ਨੂੰ ਵੀ ਗੰਭੀਰਤਾ ਨਾਲ ਵਿਚਾਰ-ਚਰਚਾ ਕਰਨੀ ਚਾਹੀਦੀ ਹੈ ਕਿ ਮਈ-ਜੂਨ ਦੀ ਭਿਆਨਕ ਗਰਮੀ ਵਿਚ ਚੋਣਾਂ ਤੋਂ ਕਿਵੇਂ ਬਚਿਆ ਜਾਵੇ? ਹੈਰਾਨੀ ਨਹੀਂ ਕਿ ਘੱਟ ਮਤਦਾਨ ਦਾ ਇਕ ਕਾਰਨ ਉਲਟ ਮੌਸਮ ਵੀ ਰਿਹਾ ਹੋਵੇ। ਜੋ ਵੀ ਹੋਵੇ, ਚੋਣ ਕਮਿਸ਼ਨ ਨੂੰ ਇਸ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਕਿ ਆਖ਼ਰੀ ਗੇੜ ਦੇ ਮਤਦਾਨ ਦੌਰਾਨ ਵੋਟਰਾਂ, ਚੋਣ ਕਰਵਾਉਣ ਵਾਲੇ ਮੁਲਾਜ਼ਮਾਂ ਤੇ ਸੁਰੱਖਿਆ ਕਰਮਚਾਰੀਆਂ ਨੂੰ ਵੀ ਬਹੁਤ ਪਰੇਸ਼ਾਨੀ ਝੱਲਣੀ ਪਈ। ਕਈ ਚੋਣ ਤੇ ਸੁਰੱਖਿਆ ਮੁਲਾਜ਼ਮਾਂ ਦੀ ਤਾਂ ਲੂ ਲੱਗਣ ਨਾਲ ਮੌਤ ਵੀ ਹੋ ਗਈ।

ਬਿਨਾਂ ਸ਼ੱਕ ਇਹ ਵੀ ਚੰਗਾ ਨਹੀਂ ਹੋਇਆ ਕਿ ਦੇਸ਼ ਦੇ ਕੁਝ ਹਿੱਸਿਆਂ ਅਤੇ ਖ਼ਾਸ ਤੌਰ ’ਤੇ ਬੰਗਾਲ ਵਿਚ ਚੋਣ ਹਿੰਸਾ ਦੇਖਣ ਨੂੰ ਮਿਲੀ। ਬੰਗਾਲ ਨੂੰ ਚੋਣ ਹਿੰਸਾ ਤੋਂ ਮੁਕਤੀ ਨਾ ਮਿਲਣਾ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਹੁਣ ਨਤੀਜਿਆਂ ’ਤੇ ਸਾਰਿਆਂ ਦੀ ਟੇਕ ਹੈ, ਇਸ ਲਈ ਚਾਹੀਦਾ ਇਹ ਹੈ ਕਿ ਵੋਟਾਂ ਦੀ ਗਿਣਤੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਾਲ ਪਾਰਦਰਸ਼ੀ ਬਣਾਇਆ ਜਾਵੇ ਤਾਂ ਕਿ ਕੋਈ ਵੀ ਇਸ ’ਤੇ ਉਂਗਲ ਨਾ ਧਰ ਸਕੇ।

# ਫਰੀਦਕੋਟ ਇਲਾਕੇ 'ਚੋਂ ਕਿਸਾਨਾਂ ਦੇ ਖੇਤਾਂ ’ਚੋਂ 62 ਟਰਾਂਸਫਾਰਮਰ ਚੋਰੀ



ਫਰੀਦਕੋਟ- ਫਰੀਦਕੋਟ ਨੇੜਲੇ ਪਿੰਡ ਸੁੱਖਣਵਾਲਾ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਕਰੀਬ 62 ਕਿਸਾਨਾਂ ਦੇ ਰਾਤ ਸਮੇਂ ਬਿਜਲੀ ਵਾਲੇ ਟਰਾਂਸਫਾਰਮਰ ਚੋਰੀ ਹੋਏ ਹਨ ਪ੍ਰੰਤੂ ਚੋਰੀ ਕਰਨ ਵਾਲੇ ਵਿਅਕਤੀ ਅਜੇ ਤੱਕ ਗ੍ਰਿਫਤਾਰ ਨਹੀਂ ਹੋ ਸਕੇ। ਇਸ ਘਟਨਾ ਤੋਂ ਪ੍ਰੇਸ਼ਾਨ ਕਿਸਾਨਾਂ ਨੇ ਅੱਜ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਅਤੇ ਜ਼ਿਲ੍ਹਾ ਪੁਲੀਸ ਖ਼ਿਲਾਫ਼ ਰੋਸ ਧਰਨਾ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਜ਼ਿਲ੍ਹਾਂ ਪੁਲੀਸ ਨੂੰ ਸਮੇਂ-ਸਿਰ ਘਟਨਾ ਦੀ ਸੂਚਨਾ ਦਿੱਤੀ ਗਈ ਸੀ ਇਸ ਦੇ ਬਾਵਜੂਦ ਨਾ ਤਾਂ ਅਜੇ ਤੱਕ ਬਿਜਲੀ ਦੇ ਟਰਾਂਸਫਾਰਮਰ ਚੋਰੀ ਕਰਨ ਦੀਆਂ ਘਟਨਾਵਾਂ ਰੁਕੀਆਂ ਹਨ ਅਤੇ ਨਾ ਹੀ ਚੋਰੀ ਕਰਨ ਵਾਲੇ ਵਿਅਕਤੀ ਫੜੇ ਗਏ ਹਨ। ਪਿੰਡ ਸੁੱਖਣ ਵਾਲਾ ਦੇ ਕਿਸਾਨ ਜਰਨੈਲ ਸਿੰਘ ਢੁੱਡੀ ਵਾਲਾ, ਜਸਕਰਨ ਸਿੰਘ, ਕੁਲਦੀਪ ਸਿੰਘ, ਰੇਸ਼ਮ ਸਿੰਘ, ਜਸਵੰਤ ਸਿੰਘ, ਜਗਸੀਰ ਸਿੰਘ, ਹਰਿੰਦਰ ਸਿੰਘ, ਗੁਰਤੇਜ ਸਿੰਘ, ਵੀਰ ਸਿੰਘ, ਗੁਰਦੀਪ ਸਿੰਘ, ਅਜੈਬ ਸਿੰਘ , ਗੁਰਸੇਵਕ ਸਿੰਘ, ਤਰਸੇਮ ਸ਼ਰਮਾ ਨੇ ਕਿਹਾ ਕਿ ਕਿਸਾਨਾਂ ਦੇ ਬਿਜਲੀ ਟਰਾਂਸਫਾਰਮਰ ਚੋਰੀ ਕਰਨ ਵਾਲਾ ਇਲਾਕੇ ਵਿੱਚ ਇੱਕ ਗਰੋਹ ਸਰਗਰਮ ਹੈ ਪ੍ਰੰਤੂ ਇਹ ਗਰੋਹ ਅਜੇ ਤੱਕ ਪੁਲੀਸ ਦੇ ਹੱਥ ਨਹੀਂ ਲੱਗ ਸਕਿਆ ਜਿਸ ਕਰਕੇ ਕਿਸਾਨ ਪ੍ਰੇਸ਼ਾਨ ਹਨ। ਜ਼ਿਲ੍ਹਾ ਪੁਲੀਸ ਮੁਖੀ ਹਰਜੀਤ ਸਿੰਘ ਨੇ ਕਿਹਾ ਕਿ ਪੁਲੀਸ ਇਸ ਮਾਮਲੇ ਵਿੱਚ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਟਰਾਂਸਫਾਰਮਰ ਚੋਰੀ ਦੇ ਮਾਮਲੇ ਵਿੱਚ ਪਰਚੇ ਦਰਜ ਕੀਤੇ ਗਏ ਹਨ ਅਤੇ ਮੁਲਜ਼ਮਾਂ ਦੀ ਭਾਲ ਅਤੇ ਸ਼ਨਾਖਤ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਕਿਸਾਨਾਂ ਨੇ ਕਿਹਾ ਕਿ ਜੇਕਰ ਬਿਜਲੀ ਟਰਾਂਸਫਾਰਮਰ ਚੋਰ ਗਰੋਹ ਨੂੰ ਤੁਰੰਤ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਸਾਰੇ ਪਿੰਡਾਂ ਦੇ ਕਿਸਾਨਾਂ ਨੂੰ ਨਾਲ ਲੈ ਕੇ ਫਰੀਦਕੋਟ ਪੁਲੀਸ ਹੈਡ ਕੁਆਰਟਰ ‘ਤੇ ਧਰਨਾ ਦੇਣ ਲਈ ਮਜਬੂਰ ਹੋਣਗੇ।

# 1947 ਤੋਂ 2024 ਤੱਕ ਦਾ ਭਾਰਤ ਲੋਕਰਾਜੀ ਸਫਰ ਕਿਹੋ ਜਿਹਾ ਰਿਹਾ

ਬਿੰਦਰ ਬਸਰਾ

ਭਾਰਤੀ ਲੋਕਤੰਤਰ ਦੁਨੀਆ ਦੇ ਵਿਸ਼ਾਲ ਅਤੇ ਮਜ਼ਬੂਤ ਲੋਕਤੰਤਰਾਂ 'ਚੋਂ ਇਕ ਹੈ। ਇਸ ਦੀ ਬੁਨਿਆਦ ਅਨੇਕਤਾ 'ਚ ਏਕਤਾ ਦੇ ਆਧਾਰ 'ਤੇ ਰੱਖੀ ਗਈ ਹੈ। ਭਾਰਤ ਬਹੁਭਸ਼ਾਈ ਅਤੇ ਬਹੁ-ਸਭਿਆਚਾਰਾਂ ਦਾ ਸੁਮੇਲ ਹੈ। ਇਸ ਭਾਵਨਾ ਦੀ ਤਰਜਮਾਨੀ ਕਰਨ ਲਈ ਭਾਰਤੀ ਲੋਕਤੰਤਰੀ ਪ੍ਰਣਾਲੀ ਵਿਚ ਵਿਸ਼ੇਸ਼ ਥਾਂ ਦਿੱਤੀ ਗਈ ਹੈ। ਦੇਸ਼ ਦੇ ਆਜ਼ਾਦੀ ਸੰਗਰਾਮ 'ਚ ਵੀ ਭਾਰਤੀਆਂ ਨੇ ਏਕਤਾ ਦਾ ਸਬੂਤ ਦਿੱਤਾ ਅਤੇ ਗੁਲਾਮੀ ਦਾ ਜੂਲਾ ਆਪਣੇ ਗਲੋਂ ਲਾਹਿਆ। ਆਜ਼ਾਦੀ ਪਿੱਛੋਂ ਦੇਸ਼ ਦੇ ਰਾਜਸੀ ਨੇਤਾਵਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਦੇਸ਼ ਦੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਦਿਆਂ ਇਸ ਨੂੰ ਲੋਕਤੰਤਰੀ ਲੀਹਾਂ 'ਤੇ ਤੋਰਨਾ ਸੀ। ਸੰਵਿਧਾਨ ਨਿਰਮਾਤਾਵਾਂ ਨੇ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੇ ਧਰਮਾਂ, ਮਜ਼ਹਬਾਂ ਅਤੇ ਫ਼ਿਰਕਿਆਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕੀਤੇ ਹਨ। ਆਜ਼ਾਦੀ ਤੋਂ ਬਾਅਦ ਲਗਪਗ ਚਾਰ ਦਹਾਕਿਆਂ ਤੱਕ ਸਿਆਸਤ ਵਿਚ ਕੌਮੀ ਤੇ ਸੂਬਾ ਪੱਧਰ 'ਤੇ ਕਾਂਗਰਸ ਦਾ ਦਬਦਬਾ ਰਿਹਾ। 1989 ਦੀਆਂ ਆਮ ਚੋਣਾਂ ਇਸ ਸਿਆਸੀ ਮਾਹੌਲ ਵਿਚ ਵੱਡੀ ਤਬਦੀਲੀ ਲੈ ਕੇ ਆਈਆਂ। ਜਦੋਂ ਭਾਜਪਾ ਵੱਡੀ ਕੌਮੀ ਸਿਆਸੀ ਤਾਕਤ ਵਜੋਂ ਉਭਰੀ ਤੇ ਅਗਲੇ ਦਹਾਕੇ ਵਿਚ ਇਸ ਨੇ ਸਿਆਸਤ ਨੂੰ ਦੋ-ਧੁਰਿਆਂ ਵਾਲੀ ਬਣਾ ਦਿੱਤਾ।



ਭਾਰਤੀ ਲੋਕਤੰਤਰ ਦੀ ਜੜ੍ਹਾਂ ਏਨੀਆਂ ਮਜ਼ਬੂਤ ਹਨ ਕਿ ਜਦੋਂ ਵੀ ਕਿਸੇ ਰਾਜਸੀ ਪਾਰਟੀ ਨੇ ਸੰਵਿਧਾਨ ਦੀ ਧਰਮ ਨਿਰਪੱਖਤਾ ਅਤੇ ਆਜ਼ਾਦੀ ਦੀ ਭਾਵਨਾ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ, ਚੋਣਾਂ ਮੌਕੇ ਉਸ ਨੂੰ ਵੋਟਰਾਂ ਦੀ ਨਾਰਾਜ਼ਗੀ ਸਹਿਣ ਕਰਨੀ ਪਈ। 1975 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਕੇ ਦੇਸ਼ ਦੇ ਲੋਕਤੰਤਰੀ ਢਾਂਚੇ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਤਾਂ 1977 ਦੀਆਂ ਆਮ ਚੋਣਾਂ 'ਚ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ। ਉਨ੍ਹਾਂ ਚੋਣਾਂ ਨੇ ਦੇਸ਼ 'ਚ ਇਕ ਨਵੇਂ ਰਾਜਸੀ ਉਭਾਰ ਨੂੰ ਜਨਮ ਦਿੱਤਾ।

ਇਸ ਦੇ ਉਲਟ ਭਾਰਤ 'ਚੋਂ ਹੀ ਅਲੱਗ ਹੋਇਆ ਦੇਸ਼ ਪਾਕਿਸਤਾਨ ਤਾਨਾਸ਼ਾਹੀ ਹੰਢਾ ਰਿਹਾ ਹੈ। ਉੱਥੇ ਲੋਕਤੰਤਰ ਦਾ ਗਲਾ ਬੁਰੀ ਤਰ੍ਹਾਂ ਘੁੱਟ ਦਿੱਤਾ ਗਿਆ ਹੈ। ਲੋਕਤੰਤਰ ਦੀ ਬਹਾਲੀ ਲਈ ਭਾਵੇਂ ਵੋਟਾਂ ਰਾਹੀਂ ਕਈ ਵਾਰ ਸਰਕਾਰ ਚੁਣੀ ਗਈ ਪਰ ਉਹ ਬਹੁਤ ਸਮਾਂ ਟਿਕ ਨਾ ਸਕੀ। ਫ਼ੌਜੀ ਸ਼ਾਸਨ ਨੇ ਪਾਕਿਸਤਾਨ 'ਚ ਕਦੇ ਵੀ ਲੋਕਤੰਤਰੀ ਪ੍ਰਣਾਲੀ ਨੂੰ ਪਨਪਣ ਹੀ ਨਹੀਂ ਦਿੱਤਾ। ਇੱਥੋਂ ਤਕ ਕਿ ਕਈ ਪ੍ਰਧਾਨ ਮੰਤਰੀਆਂ ਨੂੰ ਜਾਨ ਤੋਂ ਵੀ ਹੱਥ ਧੋਣੇ ਪਏ। ਭਾਰਤ ਦੇ ਗੁਆਂਢੀ ਮੁਲਕਾਂ ਬੰਗਲਾ ਦੇਸ਼ ਅਤੇ ਨੇਪਾਲ ਆਦਿ 'ਚ ਵੀ ਲੋਕਤੰਤਰੀ ਪ੍ਰਣਾਲੀ ਬਹੁਤੀ ਕਾਮਯਾਬ ਨਹੀਂ ਰਹੀ।

ਭਾਰਤ 'ਚ ਆਜ਼ਾਦੀ ਦੇ ਪੰਜ ਸਾਲਾਂ ਬਾਅਦ 1952 ਵਿਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਸਮੇਂ 21 ਸਾਲ ਤੇ ਉਸ ਤੋਂ ਵੱਧ ਉਮਰ ਵਾਲੇ ਸਾਰੇ ਨਾਗਰਿਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ। ਉਸ ਸਮੇਂ ਦੇਸ਼ ਦੀ ਆਬਾਦੀ ਲਗਪਗ 36 ਕਰੋੜ ਸੀ ਅਤੇ ਕਰੀਬ 17.3 ਕਰੋੜ ਨਾਗਰਿਕ ਵੋਟ ਪਾਉਣ ਦੀ ਯੋਗਤਾ ਰੱਖਦੇ ਸਨ। ਪਹਿਲੀਆਂ ਚੋਣਾਂ ਹੋਈਆਂ ਤਾਂ 45.7 ਫ਼ੀਸਦ ਵੋਟਰਾਂ ਨੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ। ਇਸ ਦੇ ਨਾਲ ਭਾਰਤ, ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਬਣ ਗਿਆ ਸੀ। ਜਿੱਥੇ ਲੋਕਾਂ ਨੇ ਖੁਦ ਆਪਣੀ ਸਰਕਾਰ ਚੁਣੀ ਅਤੇ ਇਹ ਅਮਲ ਅੱਜ ਤੱਕ ਕਾਇਮ ਹੈ। ਇਸ ਚੋਣ ਅਮਲ 'ਚ ਦੇਸ਼ ਨੇ ਕਈ ਰਾਜਸੀ ਉਤਰਾਅ ਚੜ੍ਹਾਅ ਦੇਖੇ ਹਨ। ਕਾਂਗਰਸ ਪਾਰਟੀ ਦਾ ਗਿਰਾਫ਼ ਡਿੱਗਣ ਪਿੱਛੋਂ ਭਾਰਤੀ ਜਨਤਾ ਪਾਰਟੀ ਉਭਾਰ 'ਤੇ ਹੈ। ਇਸ ਦਰਮਿਆਨ ਬਹੁਜਨ ਸਮਾਜ ਪਾਰਟੀ ਤੋਂ ਬਾਅਦ ਆਮ ਆਦਮੀ ਪਾਰਟੀ ਕੇਂਦਰੀ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆਉਣ ਲਈ ਜੱਦੋ-ਜਹਿਦ ਕਰ ਰਹੀ ਹੈ।

1977 ਦੀਆਂ ਲੋਕ ਸਭਾ ਚੋਣਾਂ ਪਿੱਛੋਂ ਦੇਸ 'ਚ ਰਾਜਸੀ ਸਮੀਕਰਨ ਬਦਲਣੇ ਸ਼ੁਰੂ ਹੋਏ। ਇਸ ਦੌਰ ਦੇ ਚੱਲਦਿਆਂ ਸਾਂਝੀਆਂ ਸਰਕਾਰਾਂ ਦਾ ਚਲਨ ਸ਼ੁਰੂ ਹੋਇਆ 1989 ਤੋਂ 2009 ਤਕ ਕਿਸੇ ਵੀ ਰਾਜਸੀ ਪਾਰਟੀ ਨੂੰ ਸਪਸ਼ਟ ਬਹੁਮਤ ਪ੍ਰਾਪਤ ਨਾ ਹੋ ਸਕਿਆ। ਕੇਂਦਰ 'ਚ ਕਾਂਗਰਸ ਪਾਰਟੀ ਦੇ ਕਮਜ਼ੋਰ ਹੋਣ ਪਿੱਛੋਂ ਲਟਕਵੀਆਂ ਸਰਕਾਰਾਂ ਹੋਂਦ 'ਚ ਆਉਣੀਆਂ ਸ਼ੁਰੂ ਹੋਈਆਂ। ਦੇਸ਼ 'ਚ ਬਹੁਜਨ ਸਮਾਜ ਪਾਰਟੀ ਦੇ ਉਭਾਰ ਨਾਲ ਵੱਡੀ ਪੱਧਰ 'ਤੇ ਸਿਆਸੀ ਸਮੀਕਰਨ ਤਬਦੀਲ ਹੋਏ। ਪਰ ਹੁਣ ਉਸ ਦੀ ਪੈਂਠ 1984 ਦੇ ਉਭਾਰ ਵਾਲੀ ਨਹੀਂ ਰਹੀ। ਦੇਸ਼ 'ਚ ਕੱਲ੍ਹ ਹੀ ਮੁਕੰਮਲ ਹੋਈਆਂ 18 ਵੀਆਂ ਲੋਕ ਸਭਾ ਚੋਣਾਂ 'ਚ ਛੇ ਕੌਮੀ ਰਾਜਸੀ ਪਾਰਟੀਆਂ ਭਾਜਪਾ, ਕਾਂਗਰਸ, ਸੀਪੀਐਮ, ਨੈਸ਼ਨਲ ਪੀਪਲਜ਼ ਪਾਰਟੀ, ਬਸਪਾ ਤੇ ਆਮ ਆਦਮੀ ਪਾਰਟੀ ਤੋਂ ਇਲਾਵਾ 50 ਤੋਂ ਜ਼ਿਆਦਾ ਖੇਤਰੀ ਪਾਰਟੀਆਂ ਨੇ ਚੋਣਾਂ 'ਚ ਹਿੱਸਾ ਲਿਆ। ਇਸ ਚੋਣ ਵਿਚ ਪ੍ਰਮੁੱਖ ਸਿਆਸੀ ਪਾਰਟੀਆਂ ਮੁੱਖ ਤੌਰ 'ਤੇ ਦੋ ਗਰੁੱਪਾਂ 'ਚ ਲਾਮਬੱਧ ਸਨ।

ਭਾਜਪਾ ਦੀ ਅਗਵਾਈ ਵਾਲੇ ਐਨਡੀਏ ਤੇ ਕਾਂਗਰਸ ਸਮੇਤ ਹੋਰ ਪਾਰਟੀਆਂ ਦੇ ਆਈਐਨਡੀਆਈਏ 'ਚ ਮੁਕਾਬਲਾ ਰਿਹਾ। ਕੁਝ ਖੇਤਰੀ ਪਾਰਟੀਆਂ ਇਕੱਲੇ ਹੀ ਚੋਣ 'ਚ ਉਤਰੀਆਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੰਯੁਕਤ ਪ੍ਰਗਤੀਸ਼ੀਲ ਗਠਜੋੜ ਵੀ ਸਰਗਰਮ ਰਿਹਾ।

### ਪਹਿਲੀ ਲੋਕ ਸਭਾ 'ਚ 677 ਦਿਨ ਹੋਇਆ ਕੰਮ

ਪਹਿਲੀ ਲੋਕ ਸਭਾ ਨੇ ਅਪ੍ਰੈਲ 1952 ਤੋਂ ਅਪ੍ਰੈਲ 1957 ਤਕ ਆਪਣਾ ਕਾਰਜ ਕਾਲ ਪੂਰਾ ਕੀਤਾ। ਇਸ ਦੌਰਾਨ ਲੋਕ ਸਭਾ 'ਚ ਕੁਲ 677 ਦਿਨ ਕੰਮ ਹੋਇਆ। ਪਹਿਲੀ ਲੋਕ ਸਭਾ ਦੇ ਸਪੀਕਰ ਜੀਵੀ ਮਾਵਲੰਕਰ ਸਨ।

### ਪਹਿਲੀ ਲੋਕ ਸਭਾ 'ਚ ਔਰਤਾਂ ਦੀ ਹਿੱਸੇਦਾਰੀ

ਪਹਿਲੀ ਲੋਕ ਸਭਾ 'ਚ 24 ਔਰਤ ਐਮਪੀਜ਼ ਚੁਣੀਆਂ ਸੰਸਦ ਵਿਚ ਔਰਤਾਂ ਦੀ ਭਾਈਵਾਲੀ ਦੇ ਲਿਹਾਜ਼ ਨਾਲ ਪਹਿਲੀ ਲੋਕ ਸਭਾ ਵਿਚ ਔਰਤ ਐਮਪੀਜ਼ ਦੀ ਗਿਣਤੀ ਜਿੱਥੇ 24 ਸੀ, ਉਥੇ ਮੌਜੂਦਾ 17ਵੀਂ ਲੋਕ ਸਭਾ ਲਈ 78 ਔਰਤਾਂ ਚਣੀਆਂ ਗਈਆਂ ਜੋ ਕਿ ਗਿਣਤੀ ਦੇ ਲਿਹਾਜ਼ ਨਾਲ ਹੁਣ ਤੱਕ ਦੀ ਸਭ ਤੋਂ ਵੱਡੀ ਹਿੱਸੇਦਾਰੀ ਹੈ। ਲੋਕ ਸਭਾ ਦੀਆਂ ਕੁਲ ਸੀਟਾਂ ਦੇ ਹਿਸਾਬ ਨਾਲ ਅੱਧੀ ਅਬਾਦੀ ਦੀ ਇਹ ਹਿੱਸੇਦਾਰੀ 14.4 ਫ਼ੀਸਦ ਹੈ ਜਦਕਿ 2019 ਦੀਆਂ ਆਮ ਚੋਣਾਂ ਵਿਚ ਔਰਤ ਵੋਟਰਾਂ ਨੇ 48.1 ਫ਼ੀਸਦ ਵੋਟਾਂ ਪਾਈਆਂ ਸਨ ਜੋ ਕਿ ਉਨ੍ਹਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਭਾਈਵਾਲੀ ਹੈ । ਚੋਣਾਂ ਵਿਚ ਕੁਲ 8054 ਉਮੀਦਵਾਰ ਮੈਦਾਨ ਵਿਚ ਸਨ, ਜਿਨ੍ਹਾਂ ਵਿੱਚੋਂ ਸਿਰਫ਼ 726 ਔਰਤ ਉਮੀਦਵਾਰ ਸਨ। ਪਹਿਲੀਆਂ ਆਮ ਚੋਣਾਂ ਵਿਚ 38.3 ਫ਼ੀਸਦ ਔਰਤਾਂ ਨੇ ਵੋਟਾਂ ਪਾਈਆਂ ਸਨ।

### ਪੰਡਿਤ ਜਵਾਹਰ ਲਾਲ ਨਹਿਰੂ ਦਾ ਦੌਰ

ਕਾਂਗਰਸ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ 1951, 1957 ਤੇ 1962 ਦੀਆਂ ਆਮ ਚੋਣਾਂ ਜਿੱਤੀਆਂ ਤੇ ਸਰਕਾਰ ਬਣਾਈ। ਉਸ ਦੌਰ ਵਿਚ ਖੱਬੇ-ਪੱਖੀ, ਜਨਸੰਘ ਤੇ ਕੁਝ ਸਮਾਜਵਾਦੀ ਧਾਰਾ ਦੀਆਂ ਸਿਆਸੀ ਪਾਰਟੀਆਂ ਵਿਰੋਧੀ ਧਿਰ ਵਿਚ ਸਨ। ਜਦਕਿ ਇਨ੍ਹਾਂ ਦੀ ਤਾਕਤ ਇੰਨੀ ਨਹੀਂ ਸੀ ਕਿ ਉਹ ਕਾਂਗਰਸ ਦੇ ਦਬਦਬੇ ਨੂੰ ਚੁਣੌਤੀ ਦੇ ਸਕਦੀਆਂ।

### ਇੰਦਰਾ ਗਾਂਧੀ ਦੇ ਹੱਥਾਂ 'ਚ ਦੇਸ਼ ਦੀ ਵਾਗਡੋਰ

ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੀ ਮੌਤ ਤੋਂ ਬਾਅਦ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਬਣੀ। ਕਾਂਗਰਸ ਨੇ ਉਨ੍ਹਾਂ ਦੀ ਅਗਵਾਈ ਵਿਚ 1967, 1971 ਤੇ 1980 ਦੀਆਂ ਚੋਣਾਂ ਜਿੱਤੀਆਂ। ਹਾਲਾਂਕਿ 1975 ਵਿਚ ਇੰਦਰਾ ਗਾਂਧੀ ਨੇ ਮੁਲਕ ਵਿਚ ਐਮਰਜੈਂਸੀ ਲਾਗੂ ਕਰ ਕੇ ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹ ਵਿਚ ਪਾ ਦਿੱਤਾ। 1977 ਦੀਆਂ ਆਮ ਚੋਣਾਂ ਵਿਚ ਪਹਿਲੀ ਵਾਰ ਕਾਂਗਰਸ ਦੀ ਹਾਰ ਹੋਈ। 1977 ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਬਣੇ। ਜਨਤਾ ਪਾਰਟੀ ਦੀ ਸਰਕਾਰ ਮੁਲਕ ਵਿਚ ਪਹਿਲੀ ਗ਼ੈਰ ਕਾਂਗਰਸੀ ਗੱਠਜੋੜ ਸਰਕਾਰ ਸੀ।

### ਮੋਰਾਰਜੀ ਦੇਸਾਈ ਬਣੇ ਪਹਿਲੇ ਗ਼ੈਰ ਕਾਂਗਰਸੀ ਪ੍ਰਧਾਨ ਮੰਤਰੀ

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1975 'ਚ ਐਮਰਜੈਂਸੀ ਦਾ ਐਲਾਨ ਕੀਤਾ, ਜਿਸ ਨੇ ਮੋਰਾਰਜੀ ਦੇਸਾਈ ਤੇ ਜੈਪ੍ਰਕਾਸ਼ ਨਾਰਾਇਣ ਸਮੇਤ ਕਈ ਪ੍ਰਮੁੱਖ ਵਿਰੋਧੀ ਨੇਤਾਵਾਂ ਨੂੰ ਸਲਾਖਾਂ ਪਿੱਛੇ ਡੱਕ ਦਿੱਤਾ। ਐਮਰਜੈਂਸੀ ਦੀ ਸਥਿਤੀ ਨੇ ਪ੍ਰੈੱਸ ਦੀ ਆਜ਼ਾਦੀ ਤੇ ਨਾਗਰਿਕ ਸੁਤੰਤਰਤਾ 'ਤੇ ਪਾਬੰਦੀ ਲਗਾ ਦਿੱਤੀ। ਹਾਲਾਂਕਿ, ਮਾਰਚ 1977 'ਚ ਇੰਦਰਾ ਗਾਂਧੀ ਵੱਲੋਂ ਨਵੀਂ ਚੋਣ ਦੇ ਐਲਾਨ ਤੋਂ ਬਾਅਦ ਐਮਰਜੈਂਸੀ ਦਾ ਦੌਰ ਖ਼ਤਮ ਹੋ ਗਿਆ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਾਂਗਰਸ ਨੇ ਲੋਕ ਸਭਾ 'ਚ ਆਪਣਾ ਬਹੁਮਤ ਗੁਆ ਦਿੱਤਾ। 41.32 ਫ਼ੀਸਦੀ ਵੋਟ ਸ਼ੇਅਰ ਨਾਲ, ਜਨਤਾ ਪਾਰਟੀ ਨੇ ਭਾਰੀ ਜਿੱਤ ਹਾਸਲ ਕੀਤੀ ਤੇ 405 ਸੀਟਾਂ 'ਚੋਂ 295 'ਤੇ ਕਬਜ਼ਾ ਕਰ ਲਿਆ। ਕਾਂਗਰਸ (ਓ) ਨੇ ਤਿੰਨ ਸੀਟਾਂ ਜਿੱਤੀਆਂ। ਕੁਲ 542 ਸੀਟਾਂ 'ਚੋਂ ਜਨਤਾ ਪਾਰਟੀ ਤੇ ਉਸ ਦੇ ਸਹਿਯੋਗੀਆਂ ਨੇ 330 ਸੀਟਾਂ ਜਿੱਤੀਆਂ। ਕਾਂਗਰਸ ਪਾਰਟੀ ਨੇ 492 ਸੀਟਾਂ 'ਤੇ ਚੋਣ ਲੜੀ, ਪਰ 34.52 ਵੋਟ ਸ਼ੇਅਰ ਦੇ ਨਾਲ ਸਿਰਫ਼ 154 ਸੀਟਾਂ ਜਿੱਤੀਆਂ। ਮੋਰਾਰਜੀ ਦੇਸਾਈ 24 ਮਾਰਚ ਨੂੰ ਦੇਸ਼ ਦੇ ਪਹਿਲੇ ਗ਼ੈਰ ਕਾਂਗਰਸੀ ਪ੍ਰਧਾਨ ਮੰਤਰੀ ਬਣੇ।

### ਕਾਂਗਰਸ ਦੀ ਵਾਪਸੀ

1977 ਦੀਆਂ ਲੋਕ ਸਭਾ ਚੋਣਾਂ ਮੌਕੇ ਵੱਡੇ ਪੱਧਰ 'ਤੇ ਵੋਟਰਾਂ ਨੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਨੂੰ ਨਕਾਰ ਦਿੱਤਾ ਸੀ। ਫਿਰ 1980 ਦੀਆਂ ਚੋਣਾਂ ਮੌਕੇ ਜਨਤਾ ਪਾਰਟੀ ਸਰਕਾਰ ਸੁਨਹਿਰੇ ਮੌਕੇ ਦਾ ਫ਼ਾਇਦਾ ਲੈਣ ਵਿਚ ਅਸਮਰਥ ਰਹੀ, ਤੇ ਕਾਂਗਰਸ ਦੀ ਸੱਤਾ 'ਚ ਵਾਪਸੀ ਦਾ ਰਾਹ ਪੱਧਰਾ ਹੋ ਗਿਆ। ਕਾਂਗਰਸ ਨੇ 542 ਸੀਟਾਂ ਵਿੱਚੋਂ 353 ਜਿੱਤੀਆਂ, ਜੋ ਕਿ 1971 ਦੀਆਂ ਚੋਣਾਂ ਵਿਚ ਹਾਸਿਲ ਕੀਤੀਆਂ ਸੀਟਾਂ ਵਿੱਚੋਂ ਇਕ ਜ਼ਿਆਦਾ ਸੀ। 1980 ਦੀਆਂ ਲੋਕ ਸਭਾ ਚੋਣਾਂ ਇੰਦਰਾ ਦੀ ਆਖ਼ਰੀ ਚੋਣ ਵਜੋਂ ਯਾਦ ਕੀਤੀਆਂ ਜਾਂਦੀਆਂ ਹਨ। ਡਿੱਗ ਗਈ ਜਨਤਾ ਸਰਕਾਰ ਗੱਠਜੋੜ ਦੇ ਸਿਖਰਲੇ ਆਗੂਆਂ ਦਰਮਿਆਨ ਮਤਭੇਦ ਤੇ ਹੋਰ ਕਾਰਨਾਂ ਕਰਕੇ ਸੱਤਾ ਸੰਭਾਲਣ ਤੋਂ 34 ਮਹੀਨੇ ਬਾਅਦ ਜਨਤਾ ਗੱਠਜੋੜ ਸਰਕਾਰ ਡਿੱਗ ਪਈ। 22 ਅਗਸਤ 1979 ਨੂੰ ਸਦਨ ਸਮੇਂ ਤੋਂ ਪਹਿਲਾਂ ਭੰਗ ਕੀਤਾ ਗਿਆ। ਇਸ ਤੋਂ ਛੇ ਮਹੀਨੇ ਬਾਅਦ ਲੋਕ ਸਭਾ ਚੋਣਾਂ ਹੋਈਆਂ।

### 1984 ਦੀਆਂ ਚੋਣਾਂ 'ਚ ਹਮਦਰਦੀ ਲਹਿਰ ਦਾ ਅਸਰ

ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ 514 ਸੀਟਾਂ ਵਿੱਚੋਂ 415 ਸੀਟਾਂ ਜਿੱਤੀਆਂ। ਵਿਸ਼ਲੇਸ਼ਕਾਂ ਮੁਤਾਬਕ ਕਾਂਗਰਸ ਦੀ ਜਿੱਤ ਦੀ ਵਜ੍ਹਾ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਰਾਜੀਵ ਗਾਂਧੀ ਲਈ ਪੈਦਾ ਹੋਈ ਹਮਦਰਦੀ ਲਹਿਰ ਸੀ। ਪਹਿਲੀ ਵਾਰ 400 ਪਾਰ ਪੀਐਮ ਨੇ ਗਏ ਰਾਜੀਵ 31 ਅਕਤੂਬਰ, 1984 ਨੂੰ ਇੰਦਰਾ ਗਾਂਧੀ ਦੇ ਦੋ ਬਾਡੀਗਾਰਡਾਂ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ। ਇਸ ਮਗਰੋਂ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਉਸੇ ਸਾਲ ਦਸੰਬਰ ਵਿਚ ਆਮ ਚੋਣਾਂ ਹੋਈਆਂ। 514 ਸੀਟਾਂ ਲਈ 24 ਤੋਂ 28 ਦਸੰਬਰ 1984 ਨੂੰ ਵੋਟਾਂ ਪਈਆਂ। ਜ਼ਿਕਰਯੋਗ ਕਿ ਅਸਾਮ ਤੇ ਪੰਜਾਬ ਵਿਚ ਉਸ ਸਮੇਂ ਚੱਲ ਰਹੇ ਅੱਤਵਾਦ ਕਾਰਨ ਵੋਟਾਂ ਨਹੀਂ ਪੈ ਸਕੀਆਂ ਸਨ। ਇਸ ਮਗਰੋਂ ਇਨ੍ਹਾਂ ਦੋਵਾਂ ਸੂਬਿਆਂ ਵਿਚ ਚੋਣਾਂ 1985 ਵਿਚ ਹੋਈਆਂ ਸਨ।

### ਲੋਕ ਸਭਾ ਚੋਣਾਂ 1991 ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਹੀਂ

1991 ਦੀਆਂ ਲੋਕ ਸਭਾ ਚੋਣਾਂ ਮੁੱਖ ਤੌਰ 'ਤੇ ਕਾਂਗਰਸ (ਆਈ), ਭਾਜਪਾ ਤੇ ਨੈਸ਼ਨਲ ਫਰੰਟ ਨੇ ਲੜੀਆਂ ਸਨ। ਜਦੋਂ ਨਤੀਜੇ ਨਸ਼ਰ ਹੋਏ ਤਾਂ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਿਆ। ਇਨ੍ਹਾਂ ਚੋਣਾਂ ਵਿਚ ਕਾਂਗਰਸ 487 ਸੀਟਾਂ 'ਤੇ ਲੜ ਕੇ 232 ਸੀਟਾਂ ਜਿੱਤ ਸਕੀ ਤੇ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ।

### ਰਾਜੀਵ ਗਾਂਧੀ ਦਾ ਕਤਲ

ਚੋਣਾਂ ਦੇ ਪਹਿਲੇ ਗੇੜ ਲਈ ਵੋਟਾਂ 20 ਮਈ, 1991 ਨੂੰ ਪਈਆਂ। ਅਗਲੇ ਦਿਨ ਜਦੋਂ ਰਾਜੀਵ ਗਾਂਧੀ ਪ੍ਰਚਾਰ ਮੁਹਿੰਮ 'ਤੇ ਸਨ ਤਾਂ ਤਾਮਿਲਨਾਡੂ ਦੇ ਸ੍ਰੀਪੇਰੂਬਦੂਰ ਵਿਚ ਭੀੜ ਵਿੱਚੋਂ ਇਕ ਔਰਤ ਪੀਐਮ ਨੂੰ ਮਿਲਣ ਆਈ, ਜਿਵੇਂ ਹੀ ਉਹ ਉਨ੍ਹਾਂ ਦੇ ਪੈਰ ਛੂਹਣ ਲਈ ਝੁਕੀ ਤਾਂ ਉਸ ਨੇ ਧਮਾਕਾਖੇਜ਼ ਨਾਲ ਭਰੀ ਬੈਲਟ ਨਾਲ ਧਮਾਕਾ ਕਰ ਦਿੱਤਾ, ਇਸ ਦੌਰਾਨ ਰਾਜੀਵ ਗਾਂਧੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਅਗਲੇ ਗੇੜਾਂ ਲਈ ਪੋਲਿੰਗ ਮੁਲਤਵੀ ਕਰ ਕੇ 12 ਤੇ 15 ਜੂਨ ਨੂੰ ਕੀਤੀ ਗਈ। ਦੱਸਿਆ ਗਿਆ ਕਿ ਹੱਤਿਆ ਤੋਂ ਪਹਿਲਾਂ ਜਿਨ੍ਹਾਂ 211 ਚੋਣ ਹਲਕਿਆਂ ਵਿਚ ਵੋਟਿੰਗ ਹੋਈ ਸੀ, ਉਥੇ ਕਾਂਗਰਸ ਚੰਗੀ ਕਾਰਗੁਜ਼ਾਰੀ ਨਹੀਂ ਵਿਖਾ ਸਕੀ।

ਪੀਵੀ ਨਰਸਿਮਹਾ ਰਾਓ ਬਣੇ ਸਨ ਪ੍ਰਧਾਨ ਮੰਤਰੀ ਕਾਂਗਰਸ ਕੋਲ ਬਹੁਮਤ ਨਹੀਂ ਸੀ, ਫਿਰ ਵੀ ਉਸ ਨੂੰ ਹੋਰਨਾਂ ਪਾਰਟੀਆਂ ਦਾ ਸਮਰਥਨ ਮਿਲਿਆ ਤੇ ਪੀਵੀ ਨਰਸਿਮਹਾ ਰਾਓ ਨੇ 21 ਜੂਨ ਨੂੰ ਪ੍ਰਧਾਨ ਵਜੋਂ ਹਲਫ਼ ਲਿਆ ਸੀ।

### ਵੱਡੀ ਸਿਆਸੀ ਤਾਕਤ ਵਜੋਂ ਉਭਰੀ ਭਾਜਪਾ

1980 ਵਿਚ ਭਾਜਪਾ ਦਾ ਗਠਨ ਹੋਇਆ ਸੀ 1989 ਦੀਆਂ ਆਮ ਚੋਣਾਂ ਵਿਚ ਭਾਜਪਾ ਵੱਡੀ ਸਿਆਸੀ ਸ਼ਕਤੀ ਵਜੋਂ ਉੱਭਰੀ ਸੀ। ਇਸ ਚੋਣ ਵਿਚ ਭਾਜਪਾ ਨੂੰ 85 ਸੀਟਾਂ 'ਤੇ ਜਿੱਤ ਮਿਲੀ। ਹਾਲਾਂਕਿ ਇਸ ਚੋਣ ਵਿਚ ਵੀਪੀ ਸਿੰਘ ਦੀ ਅਗਵਾਈ ਵਿਚ ਜਨਤਾ ਦਲ ਦੀ ਗੱਠਜੋੜ ਸਰਕਾਰ ਬਣੀ। 1991 ਦੀਆਂ ਆਮ ਚੋਣਾਂ ਵਿਚ ਭਾਜਪਾ ਦੀਆਂ ਸੀਟਾਂ ਵੱਧ ਕੇ 120 ਹੋ ਗਈਆਂ। 1996 ਦੀਆਂ ਆਮ ਚੋਣਾਂ ਵਿਚ 161 ਸੀਟਾਂ ਜਿੱਤ ਕੇ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ। ਇੱਥੋਂ ਹੀ ਭਾਰਤ ਦੀ ਸਿਆਸਤ ਦੋ-ਧਰੁਵੀ ਹੋ ਗਈ ਸੀ। ਇਕ ਧਰੁਵ ਭਾਜਪਾ ਦਾ ਸੀ ਤੇ ਦੂਜਾ ਕਾਂਗਰਸ ਸਮੇਤ ਬਾਕੀ ਵਿਰੋਧੀ ਪਾਰਟੀਆਂ ਦਾ। 1998 ਵਿਚ ਭਾਜਪਾ ਨੇ 182 ਸੀਟਾਂ ਜਿੱਤ ਕੇ ਸਰਕਾਰ ਬਣਾਈ। 1999 ਦੀਆਂ ਆਮ ਚੋਣਾਂ ਵਿਚ ਫਿਰ ਤੋਂ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਕੌਮੀ ਜਮਹੂਰੀ ਗੱਠਜੋੜ (ਐਨਡੀਏ) ਦੀ ਸਰਕਾਰ ਬਣੀ। ਪੂਰੇ ਪੰਜ ਸਾਲ ਚੱਲਣ ਵਾਲੀ ਇਹ ਪਹਿਲੀ ਗ਼ੈਰ ਕਾਂਗਰਸੀ ਸਰਕਾਰ ਸੀ।

### ਵਾਜਪਾਈ ਬਣੇ ਸਨ ਪ੍ਰਧਾਨ ਮੰਤਰੀ

ਭਾਜਪਾ ਸਭ ਤੋਂ ਵੱਡੀ ਪਾਰਟੀ ਬਣੀ ਸੀ, ਇਸ ਲਈ ਸਹਿਯੋਗੀਆਂ ਦੇ ਸਮਰਥਨ ਦੇ ਦਾਅਵੇ 'ਤੇ ਯਕੀਨ ਕਰ ਕੇ ਅਟਲ ਬਿਹਾਰੀ ਵਾਜਪਾਈ ਨੇ 16 ਮਈ ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁਕੀ ਸੀ। ਹਾਲਾਂਕਿ 13 ਦਿਨ ਬਾਅਦ ਬਹੁਮਤ ਨਾ ਮਿਲਣ ਕਾਰਨ ਇਹ ਅਹੁਦਾ ਛੱਡਣਾ ਪਿਆ ਸੀ। ਕਾਰਜਕਾਲ ਨਾ ਮੁਕੰਮਲ ਕਰ ਸਕੇ ਇਸ ਤੋਂ ਬਾਅਦ ਕਰਨਾਟਕ ਦੇ ਉਦੋਂ ਦੇ ਮੁੱਖ ਮੰਤਰੀ ਐਚਡੀ ਦੇਵਗੌੜਾ ਨੇ ਸੰਯੁਕਤ ਮੋਰਚਾ ਗੱਠਜੋੜ ਸਰਕਾਰ ਦੀ ਕਮਾਨ ਸੰਭਾਲੀ ਸੀ। ਫਿਰ ਪਹਿਲੀ ਜੂਨ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕੀ। ਸਿਰਫ਼ ਦੋ ਸਾਲਾਂ ਤੋਂ ਘੱਟ ਸਮੇਂ ਵਿਚ ਆਈਕੇ ਗੁਜਰਾਲ ਨੇ 21 ਅਪ੍ਰੈਲ 1997 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ।

### 10 ਵਾਰ ਮਿਲਿਆ ਪੂਰਨ ਬਹੁਮਤ, 50% ਵੋਟਾਂ ਕਿਸੇ ਨੂੰ ਨਹੀਂ

ਆਜ਼ਾਦ ਭਾਰਤ 'ਚ ਹੁਣ ਤੱਕ 17 ਲੋਕ ਸਭਾ ਚੋਣਾਂ ਹੋਈਆਂ ਹਨ। ਇਨ੍ਹਾਂ ਚੋਣਾਂ 'ਚ 10 ਵਾਰ ਹੀ ਕਿਸੇ ਸਿਆਸੀ ਪਾਰਟੀ ਨੂੰ ਪੂਰਨ ਬਹੁਮਤ ਮਿਲਿਆ ਹੈ। ਸੱਤ ਵਾਰ ਕਾਂਗਰਸ, ਦੋ ਵਾਰ ਭਾਜਪਾ ਤੇ ਇਕ ਵਾਰ ਜਨਤਾ ਪਾਰਟੀ ਨੇ ਪੂਰਨ ਬਹੁਮਤ ਹਾਸਲ ਕੀਤਾ, ਪਰ 50 ਫ਼ੀਸਦੀ ਵੋਟਾਂ ਕਿਸੇ ਪਾਰਟੀ ਨੂੰ ਨਹੀਂ ਮਿਲੀਆਂ। ਭਾਜਪਾ ਨੇ ਇਸ ਵਾਰ ਆਮ ਚੋਣਾਂ 'ਚ 50 ਫ਼ੀਸਦੀ ਵੋਟਾਂ ਹਾਸਲ ਕਰਨ ਦਾ ਟੀਚਾ ਤੈਅ ਕੀਤਾ ਹੈ । 2019 ਦੀਆਂ ਆਮ ਚੋਣਾਂ 'ਚ ਭਾਜਪਾ ਨੂੰ 37.7 ਫ਼ੀਸਦੀ ਵੋਟਾਂ ਮਿਲੀਆਂ ਸਨ।

# ਬਗਾਵਤੀ ਸੁਭਾਅ ਵਾਲੇ ਕਬੀਲੇ ਦੀ ਕਹਾਣੀ, ਜਿਸ ਦੀਆਂ ਔਰਤਾਂ ਮਰਦਾਂ ਤੋਂ ਅੱਗੇ ਹੋ ਕੇ ਲੜੀਆਂ

ਮੈਕਸੀਕੋ ਵਿੱਚ 1 ਜੂਨ ਨੂੰ ਹੋਈਆਂ ਚੋਣਾਂ ਵਿੱਚ ਇੱਕ ਔਰਤ ਦੇ ਰਾਸ਼ਟਰਪਤੀ ਚੁਣੇ ਜਾਣ ਦੀ ਪੂਰੀ ਸੰਭਾਵਨਾ ਹੈ। ਮੈਕਸੀਕੋ ਨੂੰ ਆਪਣੇ ਮਰਦ ਪ੍ਰਧਾਨ 'ਮਾਚੋ' ਸੱਭਿਆਚਾਰ ਲਈ ਜਾਣਿਆ ਜਾਂਦਾ ਹੈ। ਮੈਕਸੀਕੋ ਵਿੱਚ ਔਰਤਾਂ ਦੇ ਕਤਲ ਦੀ ਦਰ ਪੂਰੇ ਸੰਸਾਰ ਵਿੱਚ ਸਭ ਤੋਂ ਵੱਧ ਹੈ। ਕਲਾਉਡੀਆ ਸ਼ੀਨਬੌਮ ਸੱਤਾਧਾਰੀ ਪਾਰਟੀ ਦੀ ਉਮੀਦਵਾਰ ਹਨ। ਜਦਕਿ ਕੋਚਿਟਲ ਗਾਲਵੇਜ਼ ਵਿਰੋਧੀ ਧਿਰ ਦੀ ਉਮੀਦਵਾਰ ਹੈ। ਪਰ ਮੈਕਸੀਕੋ ਦੇ ਇਸਟਮੋ ਡੇ ਟੇਹੁਅਨ-ਟੇਪੇਕ ਖਿੱਤੇ ਵਿੱਚ ਕਿਸੇ ਔਰਤ ਦਾ ਰਾਜ ਦਾ ਮੁਖੀ ਬਣਨਾ ਇੰਨਾ 'ਇਨਕਲਾਬੀ' ਨਹੀਂ ਮੰਨਿਆ ਜਾਂਦਾ। ਇਸ ਖਿੱਤੇ ਵਿੱਚ ਮੈਕਸੀਕੋ ਦੇ ਸੰਦਰਭ ਵਿੱਚ ਔਰਤਾਂ ਦੀ ਸਥਿਤੀ ਕਾਫੀ ਚੰਗੀ ਹੈ। ਇਹ ਔਰਤਾਂ ਕਲਾਕਾਰਾਂ ਅਤੇ ਵਿਦਵਾਨਾਂ ਲਈ ਮੈਕਸੀਕੋ ਦੀਆਂ ਔਰਤਾਂ ਨੂੰ ਇੱਕ ਸਮਰੱਥ ਦ੍ਰਿਸ਼ਟੀ ਨਾਲ ਦਿਖਾਉਣ ਦੀ ਪ੍ਰੇਰਣਾ ਦਿੰਦੀਆਂ ਰਹੀਆਂ ਹਨ।





### ਔਰਤਾਂ ਦਾ ਸ਼ਹਿਰ

ਗ੍ਰੀਸੇਲਡਾ ਮਾਰਟਿਨੇਜ਼ ਜ਼ਾਪੋਟੇਕ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਇਹ ਨਸਲੀ ਸਮੂਹ ਇਸਟਮੋ ਡੇ ਟੇਹੁਅਨ-ਟੇਪੇਕ ਖਿੱਤੇ ਵਿੱਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੈ। ਗ੍ਰੀਸੇਲਡਾ ਆਪਣੇ ਆਪ ਨੂੰ ਇੱਕ ਤਾਕਤਵਰ ਲੜਾਕੂ, ਇੱਕ ਦਲੇਰ ਸੁਤੰਤਰ ਅਤੇ ਸਮਰੱਥ ਔਰਤ ਦੱਸਦੇ ਹਨ। ਇਸ ਖਿੱਤੇ ਨੂੰ 'ਦਿ ਇਸਟਮੋ' ਵਜੋਂ ਵੀ ਜਾਣਿਆਂ ਜਾਂਦਾ ਹੈ। ਇਹ ਮੈਕਸੀਕੋ ਦੇ ਦੱਖਣ ਵਿੱਚ ਪੈਂਦੇ ਸੂਬੇ ਓਅਕਾਚਾ ਅਤੇ ਵੇਰਾਕਰੂਜ਼ ਵਿੱਚ ਪੈਂਦਾ ਹੈ। ਇਹ ਮੈਕਸੀਕੋ ਦੇ ਦੋਵੇਂ ਪਾਸੇ ਪੈਂਦੇ ਅਟਲਾਂਟਿਕ ਅਤੇ ਪੈਸੇਫਿਕ ਸਮੁੰਦਰ ਦੇ ਵਿਚਲਾ ਸਭ ਤੋਂ ਘੱਟ ਚੌੜਾ ਇਲਾਕਾ ਹੈ। ਇਸ ਵਿੱਚ 200 ਕਿਲੋਮੀਟਰ ਇਲਾਕਾ ਸਰੋਤਾਂ ਨਾਲ ਭਰਿਆ ਹੋਇਆ ਹੈ।

ਦੋ ਸਮੁੰਦਰਾਂ ਦੇ ਵਿਚਾਲੇ ਹੋਣ ਕਰਕੇ ਇਹ ਇਲਾਕਾ ਸਦੀਆਂ ਤੱਕ ਸੱਭਿਆਚਾਰਾਂ ਦੇ ਮੇਲ-ਜੋਲ ਦੇਖ ਚੁੱਕਿਆ ਹੈ। ਇਸ ਖਿੱਤੇ ਦੇ ਸ਼ਹਿਰ ਜੁਚਿਟਨ ਡੇ ਜ਼ਾਰਾਗੋਜ਼ਾ ਨੂੰ 'ਔਰਤਾਂ ਦਾ ਸ਼ਹਿਰ' ਕਿਹਾ ਜਾਂਦਾ ਹੈ। ਇੱਥੋਂ ਦਾ ਮੁੱਖ ਬਜ਼ਾਰ ਇਸ ਖਿੱਤੇ ਵਿੱਚ ਔਰਤਾਂ ਦੇ ਸਥਾਨਕ ਆਰਥਿਕਤਾ ਉੱਤੇ ਵੱਡੇ ਪ੍ਰਭਾਵ ਦਾ ਗਵਾਹ ਹੈ। ਇੱਥੋਂ ਦੀਆਂ ਕਈ ਔਰਤਾਂ ਕਈ ਪੀੜ੍ਹੀਆਂ ਤੋਂ ਪਰਿਵਾਰ ਦੀਆਂ ਮੁਖੀ ਰਹੀਆਂ ਹਨ। ਇਸ ਸਭ ਨੇ 20ਵੀਂ ਸਦੀ ਵਿੱਚ ਵਿਦੇਸ਼ੀ ਖੋਜਾਰਥੀਆਂ ਨੂੰ ਇਹ ਯਕੀਨ ਦਵਾਇਆ ਕਿ ਇਹ ਇਲਾਕਾ ਕਦੇ ਔਰਤ ਪ੍ਰਧਾਨ ਸੀ। ਮਾਰਟਿਨਜ਼ ਕਹਿੰਦੇ ਹਨ, "ਇਹ ਸੱਚ ਨਹੀਂ ਹੈ, ਔਰਤਾਂ ਅਤੇ ਮਰਦ ਘਰੇਲੂ ਆਰਥਿਕਤਾ ਵਿੱਚ ਬਰਾਬਰ ਯੋਗਦਾਨ ਪਾਉਂਦੇ ਹਨ।" ਘਰੇਲੂ ਆਰਥਿਕਤਾ ਵਿੱਚ ਬਰਾਬਰ ਯੋਗਦਾਨ ਮੈਕਸੀਕੋ ਵਿੱਚ ਹੋਰ ਥਾਵਾਂ ਉੱਤੇ ਇੰਨਾ ਆਮ ਨਹੀਂ ਰਿਹਾ ਹੈ, ਹਾਲਾਂਕਿ ਇਸ ਵਿੱਚ ਬਦਲਾਅ ਆ ਰਿਹਾ ਹੈ।

### ਆਜ਼ਾਦੀ ਦਾ ਇਤਿਹਾਸ

ਬਜ਼ਾਰ ਵਿੱਚ ਆਪਣੇ ਫੂਡ ਸਟਾਲ ਉੱਤੇ ਮਾਰਟਿਨਜ਼ ਇਸ ਖਿੱਤੇ ਦੇ ਇਤਿਹਾਸ ਬਾਰੇ ਦੱਸਦੇ ਹਨ। ਉਹ ਦੱਸਦੇ ਹਨ, "19 ਵੀ ਸਦੀ ਵਿੱਚ ਸਥਾਨਕ ਔਰਤਾਂ ਫਰੈਂਚ ਧਾੜਵੀਆਂ ਖਿਲਾਫ਼ ਮਰਦਾਂ ਦੇ ਬਰਾਬਰ ਲੜੀਆਂ ਸਨ, ਅਸੀਂ ਉਨ੍ਹਾਂ ਨੂੰ ਬਾਹਰ ਕੱਢਣ ਲਈ ਲੱਕੜ ਦੇ ਡੰਡੇ, ਪੱਥਰਾਂ ਅਤੇ ਚਾਕੂਆਂ ਦੀ ਵਰਤੋਂ ਕੀਤੀ।" ਇਸ ਖਿੱਤੇ 19ਵੀਂ ਸਦੀ ਵਿੱਚ ਕਈ ਘਰੇਲੂ ਜੰਗਾਂ ਹੋਈਆਂ, ਜਿਸ ਕਾਰਨ ਕਈ ਔਰਤਾਂ ਵਿਧਵਾ ਹੋ ਗਈਆਂ। ਉਨ੍ਹਾਂ ਨੂੰ ਆਰਥਿਕ ਸਹਿਯੋਗ ਦੀ ਵੀ ਲੋੜ ਸੀ। ਕਈ ਔਰਤਾਂ ਨੇ ਆਰਥਿਕ ਤੌਰ ਉੱਤੇ ਸੁਤੰਤਰ ਹੋਣ ਲਈ ਵਪਾਰੀ ਬਣਨ ਦਾ ਰਾਹ ਚੁਣਿਆ। ਮੈਕਸੀਕੋ ਦੀ ਯੂਨੀਵਰਸਿਟੀ ਵਿੱਚ ਜ਼ਾਪੋਟੈਕ ਭਾਈਚਾਰੇ ਉੱਤੇ ਅਧਿਐਨ ਕਰਨ ਵਾਲੀ ਪੈਟ੍ਰੀਸ਼ੀਆ ਮਾਟੂਸ ਕਹਿੰਦੇ ਹਨ, "ਇੱਥੇ ਇਤਿਹਾਸ ਵਿੱਚ ਬਗਾਵਤਾਂ ਹੁੰਦੀਆਂ ਰਹੀਆਂ ਹਨ, ਅਤੇ ਔਰਤਾਂ ਕਾਫੀ ਐਕਟਿਵ ਰਹੀਆਂ ਹਨ।" ਯੂਨੀਵਰਸਿਟੀ ਆਫ ਟੈਕਸਸ ਐਲ ਪਾਸੋ ਵਿੱਚ ਮਾਨਵਵਿਗਿਆਨੀ ਹੋਵਾਰਡ ਕੈਂਪਬੈਲ ਦੱਸਦੇ ਹਨ, "ਸਪੈਨਿਸ਼ ਰਾਜ ਵੇਲੇ ਜ਼ਾਪੋਟੈਕ ਭਾਈਚਾਰੇ ਨੇ ਆਪਣੀ ਨਸਲੀ ਪਛਾਣ ਬਰਕਰਾਰ ਰੱਖੀ ਅਤੇ ਸਪੇਨ ਦੇ ਸੱਭਿਆਚਾਰ ਅਤੇ ਸਿਆਸੀ ਦਬਦਬੇ ਨੂੰ ਚੁਣੌਤੀ ਦਿੱਤੀ।" ਜ਼ਾਪੋਟੈਕ ਪੱਤਰਕਾਰ ਡਿਆਨਾ ਮਾਨਜ਼ੋ ਨੇ ਦੱਸਿਆ, "ਬਹਾਦਰ ਹੋਣ ਦੀ ਗੁੜ੍ਹਤੀ ਸਾਨੂੰ ਸਾਡੇ ਪੁਰਖਿਆਂ ਤੋਂ ਮਿਲੀ ਹੈ।"

ਜ਼ਾਪੋਟੈਕ ਔਰਤਾਂ ਨੂੰ ਆਪਣੀਆਂ ਕਦਰਾਂ ਕੀਮਤਾਂ ਆਪਣੇ ਘਰੋਂ ਹੀ ਮਿਲਦੀਆਂ ਹਨ ਅਤੇ ਉਹ ਪੀੜ੍ਹੀ ਦਰ ਪੀੜ੍ਹੀ ਇਸ ਨੂੰ ਗ੍ਰਹਿਣ ਕਰਦੀਆਂ ਹਨ। ਇੱਥੇ ਦੀਆਂ ਔਰਤਾਂ ਲਈ ਫੈਮਿਨਿਜ਼ਮ ਕੋਈ ਨਵੀਂ ਚੀਜ਼ ਨਹੀਂ ਹੈ, ਇਹ ਉਨ੍ਹਾਂ ਦੇ ਅੰਦਰ ਹੀ। ਅਸੀਂ ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ, ਉਨ੍ਹਾਂ ਵਿੱਚੋਂ ਕਈ ਇਹ ਯਾਦ ਕਰਦੇ ਹਨ ਕਿ ਉਨ੍ਹਾਂ ਦੀਆਂ ਦਾਦੀਆਂ ਉਨ੍ਹਾਂ ਨੂੰ ਆਜ਼ਾਦ ਬਣਾਉਣ 'ਤੇ ਜ਼ੋਰ ਦਿੰਦੀਆਂ ਹਨ, ਉਹ ਕਹਿੰਦੀ ਸਨ ਕਿ 'ਕਦੇ ਵੀ ਮਰਦ ਦਾ ਇੰਤਜ਼ਾਰ ਨਾ ਕਰੋ।' ਬਿਜ਼ਨਸ ਐਡਮਿਨਿਸਟ੍ਰੇਸ਼ਨ ਦੀ ਪੜ੍ਹਾਈ ਕਰਨ ਵਾਲੀ ਮਿਚੇਲ ਲੋਪੇਜ਼ ਕਹਿੰਦੇ ਹਨ, "ਮੈਨੂੰ ਆਪਣਾ ਮਾਣ ਅਤੇ ਆਤਮਵਿਸ਼ਵਾਸ ਆਪਣੇ ਘਰ ਹੀ ਮਿਲਿਆ, ਦਹਾਕਿਆਂ ਤੱਕ ਸਾਨੂੰ ਮਰਦਾਂ ਦਾ ਸਹਿਯੋਗ ਨਹੀਂ ਸੀ, ਔਰਤਾਂ ਹੀ ਘਰ ਵਿੱਚ ਹਰੇਕ ਚੀਜ਼ ਦਾ ਪ੍ਰਬੰਧ ਕਰਦੀਆਂ ਅਤੇ ਖਿਆਲ ਰੱਖਦੀਆਂ ਸਨ। ਮੈਕਸੀਕੋ ਵਿੱਚ ਸੰਭਾਵਿਤ ਸਿਆਸੀ ਬਦਲਾਅ ਦਾ ਜ਼ਿਕਰ ਕਰਦਿਆਂ ਉਹ ਕਹਿੰਦੇ ਹਨ, 'ਸਿਆਸੀ ਤਾਕਤ ਤੱਕ ਹੀ ਨਵੀਂ ਆਜ਼ਾਦੀ ਲਿਆਉਣ ਦਾ ਜ਼ਰੀਆ ਨਹੀਂ ਹੈ।' ਉਹ ਕਹਿੰਦੇ ਹਨ, "ਹਾਲਾਂਕਿ ਇੱਕ ਔਰਤ ਦਾ ਰਾਸ਼ਟਰਪਤੀ ਬਣਨਾ ਚੰਗਾ ਹੋਵੇਗਾ ਪਰ ਇੱਕ ਔਰਤ ਨੂੰ ਪ੍ਰਭਾਵਸ਼ਾਲੀ ਹੋਣ ਲਈ ਕਿਸੇ ਸਿਆਸੀ ਅਹੁਦੇ ਦੀ ਲੋੜ ਨਹੀਂ ਹੈ। ਅਸੀਂ ਦਿਖਾਇਆ ਹੈ ਕਿ ਅਸੀਂ ਸਮਾਜ ਨੂੰ ਲਾਮਬੰਦ ਕਰ ਸਕਦੇ ਹਾਂ ਅਤੇ ਅਗਵਾਈ ਕਰ ਸਕਦੇ ਹਾਂ, ਬਿਨਾ ਕਿਸੇ ਅਹੁਦੇ ਦੇ।"

### ਸਿਆਸੀ ਐਕਟੀਵਿਜ਼ਮ

ਹੋਰਨਾ ਦੇਸ਼ਾਂ ਦੇ ਵਾਂਗ ਹੀ ਮੈਕਸੀਕੋ ਦੀਆਂ ਔਰਤਾਂ ਨੂੰ ਸਿਆਸੀ ਤਾਕਤ ਤੱਕ ਪਹੁੰਚ ਬਣਾਉਣ ਲਈ ਸੰਘਰਸ਼ ਕਰਨਾ ਪਿਆ ਹੈ। ਕੈਂਪਬੈਲ ਕਹਿੰਦੇ ਹਨ, "ਇਸ ਦੇ ਬਾਵਜੂਦ ਕਈਆਂ ਵੱਲੋਂ ਇਸਤਮੋ ਨੂੰ ਇੱਕ ਅਪਵਾਦ ਵਜੋਂ ਵੇਖਿਆ ਜਾਂਦਾ ਰਿਹਾ ਹੈ।" 1970ਵਿਆਂ ਵਿੱਚ ਇਸ ਖਿੱਤੇ ਨੇ ਕਾਮਿਆਂ ਦੇ ਸੰਗਠਨ ਸੀਓਸੀਈਆਈ ਵਿੱਚ ਭੂਮਿਕਾ ਨਿਭਾਈ ਸੀ। ਇਸ ਨੇ ਇੰਸਟੀਟਿਊਸ਼ਨ ਰੈਵੋਲੁਸ਼ਨਰੀ ਪਾਰਟੀ ਦੇ ਸਿਆਸੀ ਦਬਦਬੇ ਨੂੰ ਚੁਣੌਤੀ ਦਿੱਤੀ ਸੀ। ਮਾਨਵ ਵਿਗਿਆਨੀ ਮਾਟੂਸ ਮੁਤਾਬਕ ਜ਼ਾਪੋਟੇਕ ਨਸਲ ਨੂੰ ਬਗਾਵਤ ਦੇ ਇੱਕ ਚਿੰਨ੍ਹ ਵਜੋਂ ਵਰਤਿਆ ਗਿਆ ਸੀ। ਉਹ ਕਹਿੰਦੇ ਹਨ, "ਅਤੇ ਜ਼ਾਪੋਟੈਕ ਔਰਤਾਂ ਦੀ ਤਾਕਤ ਇਸ ਦਾ ਵੱਡਾ ਹਿੱਸਾ ਸੀ।" ਸੀਓਸੀਈਆਈ ਦੇ ਕਾਰਨ ਹੀ 1981 ਵਿੱਚ ਜੁਚਿਤਾਨ ਮੈਕਸੀਕੋ ਦੇ ਉਨ੍ਹਾਂ ਪਹਿਲੇ ਸ਼ਹਿਰਾਂ ਵਿੱਚੋਂ ਸੀ, ਜਿੱਥੇ ਸਮਾਜਵਾਦੀ ਸਰਕਾਰ ਬਣੀ। ਕੈਂਪਬੈਲ ਕਹਿੰਦੇ ਹਨ, "ਔਰਤਾਂ ਨੇ ਪ੍ਰਦਰਸ਼ਨਾਂ ਅਤੇ ਮੀਟਿੰਗਾਂ ਵਿੱਚ ਮਰਦਾਂ ਨੂੰ ਵੀ ਪਿੱਛੇ ਛੱਡ ਦਿੱਤਾ ਸੀ, ਉਨ੍ਹਾਂ ਨੇ ਭੁੱਖ ਹੜਤਾਲਾਂ ਕੀਤੀਆਂ ਅਤੇ ਖੁਦ ਨੂੰ ਖ਼ਤਰੇ ਵਿੱਚ ਪਾਇਆ। ਉਨ੍ਹਾਂ ਦੱਸਿਆ 1980ਵਿਆਂ ਵਿੱਚ ਕਿ ਮੈਕਸੀਕੋ ਦੀਆਂ ਔਰਤਾਂ ਦੇ ਲਈ ਅਜਿਹੀ ਹਿੱਸੇਦਾਰੀ ਇੰਨੀ ਜ਼ਿਆਦਾ ਆਮ ਨਹੀ ਸੀ। ਉਦੋਂ ਤੋਂ ਇਸ ਖਿੱਤੇ ਵਿੱਚ ਔਰਤਾਂ ਨੂੰ ਮੇਅਰ ਚੁਣਿਆ ਜਾਂਦਾ ਰਿਹਾ ਹੈ, ਹਾਲਾਂਕਿ ਉਨ੍ਹਾਂ ਦੀ ਗਿਣਤੀ ਘੱਟ ਸੀ।

ਔਰਤਾਂ ਦੇ ਖ਼ਿਲਾਫ਼ ਹਿੰਸਾ ਮੈਕਸੀਕੋ ਵਿੱਚ ਇੱਕ ਵੱਡਾ ਮੁੱਦਾ ਹੈ। ਜਨਵਰੀ ਤੋਂ ਮਾਰਚ 2024 ਦੇ ਵਿਚਾਲੇ ਮੈਕਸੀਕੋ ਕਥਿਤ ਤੌਰ ਉੱਤੇ 184 ਔਰਤਾਂ ਦੇ ਕਤਲ ਦੇ ਮਾਮਲੇ ਸਾਹਮਣੇ ਆਏ। ਪਿਛਲੇ ਕੁਝ ਸਾਲਾਂ ਵਿੱਚ ਇਸ ਖਿੱਤੇ ਵਿੱਚ ਵੀ ਲਿੰਗ ਅਧਾਰਤ ਜੁਰਮ ਦੇਖਿਆ ਗਿਆ ਹੈ। ਇਸ ਦੇ ਨਤੀਜੇ ਵਜੋਂ ਕਈ ਸਥਾਨਕ ਔਰਤਾਂ ਇਸ ਵਿਚਾਰ ਨੂੰ ਰੱਦ ਕਰਦੇ ਹਨ ਇੱਥੇ ਕਦੇ ਔਰਤ ਪ੍ਰਧਾਨ ਸਮਾਜ ਰਿਹਾ ਸੀ। ਉਹ ਦਲੀਲ ਦਿੰਦੇ ਹਨ ਕਿ ਜੇਕਰ ਇਹ ਸੱਚ ਹੁੰਦਾ ਤਾਂ ਉਹ ਲਿੰਗ ਅਧਾਰਤ ਹਿੰਸਾ ਅਤੇ ਗ਼ੈਰ-ਬਰਾਬਰੀ ਨਾ ਸਹਿੰਦੇ। ਕੈਂਪਬੈਲ ਵੀ ਇਹ ਕਹਿੰਦੇ ਹਨ ਕਿ ਹਾਲਾਂਕਿ ਇਸ ਖਿੱਤੇ ਵਿੱਚ ਔਰਤਾਂ ਦੀ ਸਿਆਸੀ ਮੁੱਦਿਆਂ ਪ੍ਰਤੀ ਹਿੱਸੇਦਾਰੀ ਕਾਫੀ ਵੱਧ ਹੈ, ਪਰ ਇੱਥੋਂ ਦੀ ਸਥਾਨਕ ਸਿਆਸਤ ਵਿੱਚ ਅਸਲ ਬਰਾਬਰੀ ਲਈ ਹੋਰ ਕੰਮ ਦੀ ਲੋੜ ਹੈ, ਜਿਸ ਵਿੱਚ ਮੁੱਖ ਤੌਰ ਉੱਤੇ ਮਰਦਾਂ ਦਾ ਦਬਦਬਾ ਹੈ।

### ਹਿੰਸਾ

ਇਸ ਚੋਣ ਮੁਹਿੰਮ ਨੂੰ ਮੈਕਸੀਕੋ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹਿੰਸਕ ਦੱਸਿਆ ਜਾ ਰਿਹਾ ਹੈ। ਮੈਕਸੀਕੋ ਦੀ ਕੰਸਲਟੈਂਸੀ ਫਰਮ ਇੰਟੈਗਰਾਲੀਆਂ ਦਾ ਕਹਿਣਾ ਹੈ ਕਿ ਕਰੀਬ 200 ਸਰਕਾਰੀ ਮੁਲਾਜ਼ਮ, ਸਿਆਸਤਦਾਨ ਅਤੇ ਉਮੀਦਵਾਰ ਜਾਂ ਤਾਂ ਮਾਰੇ ਜਾਂ ਚੁੱਕੇ ਹਨ ਜਾਂ ਉਨ੍ਹਾਂ ਨੂੰ ਚੋਣ ਮੁਹਿੰਦ ਦੌਰਾਨ ਧਮਕਾਇਆ ਗਿਆ ਹੈ। 20000 ਦੇ ਕਰੀਬ ਸਥਾਨਕ ਅਤੇ ਮੁਲਕ ਪੱਧਰ ਦੇ ਅਹੁਦੇ ਇਨ੍ਹਾਂ ਚੋਣਾਂ ਵਿੱਚ ਭਰੇ ਜਾਣਗੇ। ਸ਼ਾਲ 2019 ਵਿੱਚ ਮੈਕਸੀਕੋ ਦੀ ਸਰਕਾਰ ਨੇ 50 ਫ਼ੀਸਦ ਸਰਕਾਰੀ ਨੌਕਰੀਆਂ ਅਤੇ ਜਨਤਕ ਅਹੁਦੇ ਔਰਤਾਂ ਲਈ ਰਾਖਵੇਂ ਕਰ ਦਿੱਤੇ ਸਨ। ਪਰ ਸਾਰਿਆਂ ਦੀਆਂ ਨਜ਼ਰਾਂ ਰਾਸ਼ਟਰਪਤੀ ਦੇ ਅਹੁਦੇ ਉੱਤੇ ਹਨ। ਇਸ ਖਿੱਤੇ ਦੇ ਬਾਜ਼ਾਰਾਂ ਵਿੱਚ ਵੀ ਇਸ ਦੀ ਚਰਚਾ ਹੋ ਰਹੀ ਹੈ। ਮਾਰਟਿਨਜ਼ ਕਹਿੰਦੇ ਹਨ, "ਇਹ ਮਾਅਨੇ ਨਹੀਂ ਰੱਖਦਾ ਕਿ ਸਾਰੇ ਕੋਲ ਔਰਤ ਰਾਸ਼ਟਰਪਤੀ ਹੈ ਜਾਂ ਜਾਂ ਨਹੀਂ ਇਹ ਮਾਅਨੇ ਰੱਖਦਾ ਹੈ ਕਿ ਉਹ ਚੰਗਾ ਕੰਮ ਕਰੇ।" ਮਾਰਟਿਨੇਜ਼ ਕਹਿੰਦੇ ਹਨ, "ਸਾਰੇ ਕੋਲ ਅਜਿਹੀਆਂ ਕਈ ਸੂਝਵਾਨ ਔਰਤਾਂ ਹਨ ਜਿਨ੍ਹਾਂ ਨੂੰ ਮੌਕਾ ਮਿਲੇ ਤਾਂ ਉਹ ਮੈਕਸੀਕੋ ਲਈ ਬਹੁਤ ਕੁਝ ਕਰ ਸਕਦੀਆਂ ਹਨ।"

# ਆਵਾਜ਼ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਬੇਹੱਦ ਹਾਨੀਕਾਰਕ



ਜਲ ਅਤੇ ਹਵਾ ਪ੍ਰਦੂਸ਼ਣ ਵਾਂਗ ਆਵਾਜ਼ ਪ੍ਰਦੂਸ਼ਣ ਵੀ ਮਨੁੱਖੀ ਸਿਹਤ ਲਈ ਬੇਹੱਦ ਹਾਨੀਕਾਰਕ ਸਿੱਧ ਹੋ ਰਿਹਾ ਹੈ, ਪ੍ਰੰਤੂ ਬਦਕਿਸਮਤੀ ਨਾਲ ਸਾਡੀਆਂ ਸਰਕਾਰਾਂ ਇਸ ਖ਼ਤਰੇ ਪ੍ਰਤੀ ਅਵੇਸਲੀਆਂ ਹਨ। ਇਸ ਦੇ ਨਤੀਜੇ ਵਜੋਂ ਆਵਾਜ਼ ਪ੍ਰਦੂਸ਼ਣ ਦਿਨ-ਬਦਿਨ ਪੈਰ ਪਸਾਰਦਾ ਜਾ ਰਿਹਾ ਹੈ।

ਵਿਸ਼ਵ ਸਿਹਤ ਸੰਸਥਾ ਆਵਾਜ਼ ਪ੍ਰਦੂਸ਼ਣ ਨੂੰ 'ਸਿਹਤ ਸੰਕਟ' ਐਲਾਨ ਚੁੱਕੀ ਹੈ। ਆਮ ਤੌਰ 'ਤੇ ਮਨੁੱਖੀ ਕੰਨ 85 ਡੈਸੀਬਲ ਤੱਕ ਦੇ ਸ਼ੋਰ ਪੱਧਰ ਨੂੰ ਝੱਲ ਸਕਦਾ ਹੈ ਹਾਲਾਂਕਿ 80 ਡੈਸੀਬਲ ਤੋਂ ਉੱਪਰ ਦੀ ਆਵਾਜ਼ ਨੂੰ 'ਉੱਚਾ' ਮੰਨਿਆ ਜਾਂਦਾ ਹੈ, ਜਦੋਂਕਿ 100-125 ਵਿਚਕਾਰ ਦਾ ਡੈਸੀਬਲ ਪੱਧਰ ਮਨੁੱਖੀ ਸਿਹਤ ਲਈ 'ਤਕਲੀਫ਼ਦੇਹ' ਹੈ। ਵਧਦੀ ਆਬਾਦੀ ਅਤੇ ਆਧੁਨਿਕ ਵਿਕਾਸ ਕਾਰਨ ਵਾਹਨਾਂ ਦੀ ਗਿਣਤੀ 'ਚ ਬੇਤਹਾਸ਼ਾ ਵਾਧਾ, ਉਦਯੋਗਿਕ ਮਸ਼ੀਨਾਂ, ਘਰੇਲੂ ਮਸ਼ੀਨੀ ਉਪਕਰਨ, ਲਾਊਡ ਸਪੀਕਰ, ਉਸਾਰੀ ਕਾਰਜਾਂ 'ਚ ਭਾਰੀ ਮਸ਼ੀਨਾਂ ਦੀ ਵਰਤੋਂ, ਤਿਉਹਾਰ ਤੇ ਖ਼ੁਸ਼ੀ ਸਮਾਗਮਾਂ 'ਚ ਹੁੰਦੀ ਆਤਿਸ਼ਬਾਜ਼ੀ ਆਦਿ ਆਵਾਜ਼ ਪ੍ਰਦੂਸ਼ਣ ਦੇ ਮੁੱਖ ਕਾਰਨ ਹਨ।

ਵਿਗਿਆਨੀਆਂ ਅਨੁਸਾਰ ਆਵਾਜ਼ ਪ੍ਰਦੂਸ਼ਣ ਹਵਾ ਵਿਚ ਫੈਲੇ ਜ਼ਹਿਰੀਲੇ ਰਸਾਇਣਾਂ ਨਾਲੋਂ ਘੱਟ ਨਹੀਂ। ਇਸ ਅਦਿੱਖ ਖ਼ਤਰੇ ਦੀ ਜ਼ਦ ਵਿਚ ਆ ਕੇ ਮਨੁੱਖ ਉੱਚ ਖ਼ੂਨ-ਦਬਾਅ, ਦਿਲ ਦੀਆਂ ਬਿਮਾਰੀਆਂ, ਤਣਾਅ, ਸੁਣਨ ਸ਼ਕਤੀ ਵਿਚ ਕਮੀ, ਇਕਾਗਰਤਾ ਦੀ ਘਾਟ, ਉਨੀਂਦਰਾਪਨ ਅਤੇ ਥਕਾਵਟ ਦਾ ਸ਼ਿਕਾਰ ਹੋ ਸਕਦਾ ਹੈ। ਖ਼ਾਸਕਰ ਬਜ਼ੁਰਗ ਵਿਅਕਤੀਆਂ ਅਤੇ ਬੱਚਿਆਂ ਲਈ ਰੌਲਾ-ਰੱਪਾ ਜ਼ਿਆਦਾ ਹਾਨੀਕਾਰਕ ਹੈ। ਜ਼ਿਆਦਾਤਰ ਪੀੜਤ ਲੋਕ ਇਸ ਹਕੀਕਤ ਤੋਂ ਅਨਜਾਣ ਰਹਿੰਦੇ ਹਨ ਕਿ ਉਨ੍ਹਾਂ ਨੂੰ ਦਰਪੇਸ਼ ਉਕਤ ਸਿਹਤ ਸਮੱਸਿਆਵਾਂ ਦੀ ਤਾਰ ਆਵਾਜ਼ ਪ੍ਰਦੂਸ਼ਣ ਨਾਲ ਜੁੜੀ ਹੋਈ ਹੈ।

ਇਕ ਰਿਪੋਰਟ ਅਨੁਸਾਰ ਆਵਾਜ਼ ਪ੍ਰਦੂਸ਼ਣ ਕਾਰਨ ਹਰੇਕ ਸਾਲ ਹਜ਼ਾਰਾਂ ਲੋਕ ਸੁਣਨ ਸ਼ਕਤੀ ਗੁਆ ਬੈਠਦੇ ਹਨ। ਭਾਵੇਂ ਆਵਾਜ਼ ਪ੍ਰਦੂਸ਼ਣ ਦੇ ਕੁਦਰਤੀ ਕਾਰਨਾਂ ਵਿਚ ਬੱਦਲਾਂ ਦੀ ਗਰਜਣਾ, ਤੂਫ਼ਾਨ ਅਤੇ ਤੇਜ਼ ਹਵਾਵਾਂ ਵੀ ਸ਼ਾਮਲ ਹਨ, ਪਰ 90 ਫ਼ੀਸਦੀ ਤੋਂ ਵੱਧ ਮਨੁੱਖੀ ਸਰਗਰਮੀਆਂ ਇਸ ਲਈ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਹਨ। ਆਵਾਜ਼ ਪ੍ਰਦੂਸ਼ਣ ਰੈਗੂਲੇਸ਼ਨ ਤੇ ਕੰਟਰੋਲ ਐਕਟ ਨਿਯਮ 2000 ਤਹਿਤ ਰਾਤ ਦੇ 10 ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰ ਦੀ ਕਿਸੇ ਵੀ ਰੂਪ 'ਚ ਵਰਤੋਂ 'ਤੇ ਪਾਬੰਦੀ ਲਾਈ ਗਈ ਹੈ। ਜੇਕਰ ਕਿਸੇ ਧਾਰਮਿਕ ਜਾਂ ਸਮਾਜਿਕ ਪ੍ਰੋਗਰਾਮ ਵਿਚ ਲਾਊਡ ਸਪੀਕਰ ਦੀ ਵਰਤੋਂ ਕਰਨੀ ਹੋਵੇ ਤਾਂ ਉਸ ਲਈ ਸੰਬੰਧਿਤ ਪ੍ਰਸ਼ਾਸਨ ਪਾਸੋਂ ਮਨਜ਼ੂਰੀ ਲੈਣੀ ਪੈਂਦੀ ਹੈ, ਫੀਸ ਭਰਨੀ ਪੈਂਦੀ ਹੈ ਅਤੇ ਲਾਊਡ ਸਪੀਕਰ ਵਜਾਉਣ ਦਾ ਸਮਾਂ ਤੇ ਆਵਾਜ਼ ਦੀ ਤੀਬਰਤਾ ਤੈਅ ਕੀਤੀ ਜਾਂਦੀ ਹੈ, ਜਦੋਂਕਿ ਉਲੰਘਣਾ ਹੋਣ 'ਤੇ ਸਜ਼ਾ ਤੇ ਜੁਰਮਾਨੇ ਦਾ ਜ਼ਿਕਰ ਵੀ ਹੁੰਦਾ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਵੀ ਆਵਾਜ਼ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਦੇ ਮੱਦੇਨਜ਼ਰ ਉਦਯੋਗਿਕ, ਵਪਾਰਕ, ਰਿਹਾਇਸ਼ੀ ਅਤੇ ਸ਼ਾਂਤ ਖੇਤਰਾਂ ਲਈ ਆਵਾਜ਼ ਦੀ ਤੀਬਰਤਾ ਮਿੱਥੀ ਗਈ ਹੈ। ਪ੍ਰੰਤੂ ਉਪਰੋਕਤ ਨਿਯਮਾਂ ਨੂੰ ਅਮਲੀ ਜਾਮਾ ਪਹਿਨਾਉਣ 'ਚ ਸਿਵਲ ਤੇ ਪੁਲਿਸ ਪ੍ਰਸ਼ਾਸਨ ਨਾਕਾਮ ਸਾਬਿਤ ਹੋਇਆ ਹੈ। ਅਕਸਰ ਹੀ ਪਾਬੰਦੀਸ਼ੁਦਾ ਇਲਾਕਿਆਂ ਵਿਚ ਲੋਕਾਂ ਵਲੋਂ ਲਾਊਡ ਸਪੀਕਰ ਲਾ ਕੇ ਧਾਰਮਿਕ, ਸਮਾਜਿਕ ਸਮਾਗਮ ਕਰਵਾ ਕੇ ਸ਼ਰ੍ਹੇਆਮ ਆਵਾਜ਼ ਪ੍ਰਦੂਸ਼ਣ ਦੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਸ਼ਾਇਦ ਹੀ ਕਿਸੇ ਵਲੋਂ ਪ੍ਰਸ਼ਾਸਨ ਪਾਸੋਂ ਮਨਜ਼ੂਰੀ ਲਈ ਜਾਂਦੀ ਹੋਵੇ। ਉੱਚੀ ਆਵਾਜ਼ ਦੀ ਤਕਲੀਫ਼ ਦੇ ਬਾਵਜੂਦ ਪੀੜਤ ਲੋਕ ਵਾਦ-ਵਿਵਾਦ ਦੇ ਡਰੋਂ ਕੌੜਾ ਘੁੱਟ ਭਰ ਲੈਂਦੇ ਹਨ।


ਸੜਕਾਂ ਉੱਪਰ ਆਵਾਜਾਈ ਜਾਮ ਹੋਣ 'ਤੇ ਜ਼ਿਆਦਾਤਰ ਵਾਹਨ ਚਾਲਕ ਹਾਰਨ ਤੋਂ ਹੱਥ ਨਹੀਂ ਚੁੱਕਦੇ। ਆਵਾਜ਼ ਪ੍ਰਦੂਸ਼ਣ ਦੇ ਨਿਯਮਾਂ ਨੂੰ ਲਾਗੂ ਕਰਵਾਉਣ ਵਿਚ ਸਿਵਲ ਤੇ ਪੁਲਿਸ ਪ੍ਰਸ਼ਾਸਨ ਬੇਵੱਸ ਪ੍ਰਤੀਤ ਹੋ ਰਿਹਾ ਹੈ ਅਤੇ ਇਹ ਸਮੱਸਿਆ ਵਿਕਰਾਲ ਰੂਪ ਧਾਰਦੀ ਜਾ ਰਹੀ ਹੈ। ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਥਾਂ ਆਵਾਜਾਈ ਅਤੇ ਜਨਤਕ ਸਥਾਨਾਂ 'ਤੇ ਹਾਰਨ ਵਜਾਉਣ 'ਤੇ ਪਾਬੰਦੀ ਦਾ ਕਾਨੂੰਨ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ।

ਬੱਸ ਅੱਡੇ, ਰੇਲਵੇ ਸਟੇਸ਼ਨ, ਹਵਾਈ ਅੱਡੇ, ਫੈਕਟਰੀਆਂ ਤੇ ਉਦਯੋਗਾਂ ਨੂੰ ਰਿਹਾਇਸ਼ੀ ਖੇਤਰਾਂ ਤੋਂ ਦੂਰ ਸਥਾਪਿਤ ਕਰਨ ਦੇ ਨਿਯਮ ਬਣਾਏ ਜਾਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਆਵਾਜ਼ ਪ੍ਰਦੂਸ਼ਣ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਜਾਣੂੰ ਕਰਵਾਉਣ ਲਈ ਰਾਸ਼ਟਰ ਵਿਆਪੀ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ।

ਸਾਨੂੰ ਖ਼ੁਦ ਨੂੰ ਵੀ ਸਵੈ-ਜ਼ਾਬਤਾ ਅਪਣਾਉਣਾ ਪਵੇਗਾ। ਗ਼ੈਰ-ਜ਼ਰੂਰੀ ਹਾਰਨ ਦੀ ਵਰਤੋਂ ਤੋਂ ਪ੍ਰਹੇਜ਼ ਕਰਨਾ ਪਵੇਗਾ। ਧਾਰਮਿਕ ਜਾਂ ਸਮਾਜਿਕ ਸਮਾਗਮਾਂ ਦੌਰਾਨ ਲਾਊਡ ਸਪੀਕਰ ਦੀ ਆਵਾਜ਼ ਨੂੰ ਇਕ ਦਾਇਰੇ ਤੱਕ ਸੀਮਤ ਰੱਖਣ ਦਾ ਸੰਕਲਪ ਲੈਣਾ ਪਵੇਗਾ। ਟੀਵੀ, ਸੰਗੀਤਕ ਯੰਤਰਾਂ ਦੀ ਆਵਾਜ਼ ਘਰ ਦੀ ਹੱਦ ਤੱਕ ਸੀਮਤ ਰੱਖਣੀ ਪਵੇਗੀ। ਆਵਾਜ਼ ਪ੍ਰਦੂਸ਼ਣ ਸੰਬੰਧੀ ਤੈਅ ਨਿਯਮ ਤੋੜਨ ਵਾਲੇ ਲੋਕਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਪਵੇਗੀ। ਸਭਨਾਂ ਦੇ ਸੁਚੇਤ ਯਤਨਾਂ ਨਾਲ ਹੀ 'ਆਵਾਜ਼ ਪ੍ਰਦੂਸ਼ਣ' ਦੇ ਸੰਕਟ ਨਾਲ ਨਜਿੱਠਿਆ ਜਾ ਸਕਦਾ ਹੈ।

– ਧਰਮਜੀਤ ਸਿੰਘ ਸੂਰ ਸਿੰਘ

# ਅਮਰੀਕਾ 'ਚ ਵਸੇ ਭਾਰਤੀਆਂ 'ਚ ਕਿਉਂ ਵਧ ਰਹੀ ਹੈ ਮਾਨਸਿਕ ਸਮੱਸਿਆ



ਆਪਣੇ ਆਪ ਨੂੰ ਪਹਿਲਾਂ ਨਾਲੋਂ ਬਿਹਤਰ ਬਣਾਉਣ ਅਤੇ ਨਵੇਂ ਮੌਕੇ ਲੱਭ ਕੇ ਜ਼ਿੰਦਗੀ 'ਚ ਅੱਗੇ ਵਧਣ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਹੈ ਤੇ ਇਹ ਹਰੇਕ ਵਿਅਕਤੀ ਦੇ ਅੰਦਰ ਹੁੰਦੀ ਹੈ। ਇਸ ਦੇ ਲਈ ਕਈ ਵਾਰ ਅਸੀਂ ਆਪਣਾ ਦੇਸ਼ ਛੱਡ ਕੇ ਵਿਦੇਸ਼ ਚਲੇ ਜਾਂਦੇ ਹਾਂ। ਇਸ ਦੇ ਪਿੱਛੇ ਦੀ ਭਾਵਨਾ ਇਹ ਹੁੰਦੀ ਹੈ ਕਿ ਅਸੀਂ ਜ਼ਿੰਦਗੀ 'ਚ ਕੁਝ ਹੋਰ ਬਿਹਤਰ ਕਰ ਸਕੀਏ। ਹਾਲਾਂਕਿ, ਆਪਣਾ ਘਰ ਛੱਡਣਾ ਤੇ ਵਿਦੇਸ਼ ਜਾਣਾ ਆਸਾਨ ਨਹੀਂ। ਅਸੀਂ ਇੱਥੇ ਕਾਗਜ਼ੀ ਕਾਰਵਾਈ ਤੇ ਨਿਯਮਾਂ-ਕਾਨੂੰਨਾਂ ਦੀ ਗੱਲ ਨਹੀਂ ਕਰ ਰਹੇ, ਸਗੋਂ ਅਸੀਂ ਭਾਵਨਾਤਮਕ ਚੁਣੌਤੀਆਂ ਬਾਰੇ ਗੱਲ ਕਰ ਰਹੇ ਹਾਂ।

ਕਿਸੇ ਵੀ ਨਵੇਂ ਦੇਸ਼ 'ਚ ਵਸਣ ਸਮੇਂ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਰਹਿਣ-ਸਹਿਣ, ਸੱਭਿਆਚਾਰ, ਬੋਲਣ ਦਾ ਢੰਗ, ਪਹਿਰਾਵਾ, ਇਹ ਸਭ ਕੁਝ ਸਾਡੇ ਦੇਸ਼ ਨਾਲੋਂ ਬਿਲਕੁਲ ਵੱਖਰਾ ਹੈ। ਅਜਿਹੇ 'ਚ ਇਨ੍ਹਾਂ ਸਾਰੀਆਂ ਗੱਲਾਂ ਨੂੰ ਜਲਦੀ ਤੋਂ ਜਲਦੀ ਸਮਝਣਾ ਤੇ ਆਪਣੇ ਆਪ ਨੂੰ ਉਸ ਮੁਤਾਬਕ ਢਾਲਣਾ ਤੇ ਇਕੱਲੇ ਰਹਿੰਦਿਆਂ ਘਰ ਦੀ ਯਾਦ ਆਉਣਾ ਬਹੁਤ ਵੱਡੀਆਂ ਚੁਣੌਤੀਆਂ ਹਨ। ਅਜਿਹੀ ਸਥਿਤੀ 'ਚ ਜੇਕਰ ਉੱਥੇ ਦੇ ਲੋਕਾਂ ਵਿੱਚ ਆਪਸੀ ਸਾਂਝ ਦੀ ਭਾਵਨਾ ਨਾ ਹੋਵੇ ਤਾਂ ਇਹ ਹੋਰ ਵੀ ਚੁਣੌਤੀਪੂਰਨ ਹੋ ਜਾਂਦਾ ਹੈ।

**ਕੀ ਕਹਿੰਦਾ ਹੈ ਸਰਵੇਖਣ?**

ਏਸ਼ੀਅਨ ਅਮੇਰਿਕਨ ਫਾਊਂਡੇਸ਼ਨ ਦੇ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਅਮਰੀਕੀਆਂ 'ਚ ਭਾਰਤੀਆਂ ਖਿਲਾਫ ਨਫਰਤ ਦੀ ਭਾਵਨਾ ਵਧ ਰਹੀ ਹੈ। ਇਸ ਸਰਵੇ 'ਚ ਹਿੱਸਾ ਲੈਣ ਵਾਲੇ 61 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਪਿਛਲੇ ਇਕ ਸਾਲ 'ਚ ਬਦਸਲੂਕੀ ਤੇ ਅਪਮਾਨ ਦਾ ਸਾਹਮਣਾ ਕਰਨਾ ਪਿਆ ਹੈ। ਇਸ ਤੋਂ ਇਲਾਵਾ ਸਰਵੇਖਣ ਦੇ 32% ਦੱਖਣੀ ਏਸ਼ੀਆਈ ਲੋਕਾਂ ਪ੍ਰਤੀ ਅਮਰੀਕੀ ਲੋਕਾਂ 'ਚ ਅਪਨਾਪਨ ਘੱਟ ਰਿਹਾ ਹੈ।

ਇਹ ਸਾਰੇ ਕਾਰਨ ਕਿਸੇ ਵੀ ਵਿਅਕਤੀ ਦੀ ਮਾਨਸਿਕ ਸਿਹਤ ਲਈ ਨੁਕਸਾਨਦੇਹ ਹੋ ਸਕਦੇ ਹਨ ਤੇ ਅਣਚਾਹਿਆ ਦਬਾਅ ਵੀ ਵਧਣ ਲੱਗਦਾ ਹੈ। ਇਸ ਲੇਖ 'ਚ ਅਸੀਂ ਕੁਝ ਅਜਿਹੇ ਕਾਰਨਾਂ ਬਾਰੇ ਜਾਣਨ ਦੀ ਕੋਸ਼ਿਸ਼ ਕਰਾਂਗੇ, ਜਿਨ੍ਹਾਂ ਕਾਰਨ ਵਿਦੇਸ਼ਾਂ ਖਾਸ ਕਰਕੇ ਅਮਰੀਕਾ 'ਚ ਵੱਸਣ ਵਾਲੇ ਭਾਰਤੀਆਂ ਨੂੰ ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਪਛਾਣ ਗੁਆਉਣ ਦਾ ਡਰ**

ਅਮਰੀਕਾ 'ਚ ਵਸੇ ਭਾਰਤੀਆਂ ਦੇ ਮਨਾਂ 'ਚ ਇਕ ਡਰ ਇਹ ਹੁੰਦਾ ਹੈ ਕਿ ਉਹ ਆਪਣੀ ਪਛਾਣ ਗੁਆ ਬੈਠਣਗੇ। ਅਜਿਹਾ ਹੋਣ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਵਿਦੇਸ਼ਾਂ 'ਚ ਲੋਕ ਹਮੇਸ਼ਾ ਬਿਹਤਰ ਬਣਨ ਦੀ ਦੌੜ 'ਚ ਲੱਗੇ ਰਹਿੰਦੇ ਹਨ। ਹਾਲਾਂਕਿ, ਇਸ ਕਾਰਨ ਉਹ ਨਵੀਆਂ ਚੀਜ਼ਾਂ ਨੂੰ ਅਜ਼ਮਾਉਣ ਤੇ ਖੁੱਲ੍ਹ ਕੇ ਗੱਲ ਕਰਨ ਦੇ ਯੋਗ ਨਹੀਂ ਹਨ। ਇਸ ਕਾਰਨ ਉਹ ਖੁੱਲ੍ਹ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਨਹੀਂ ਕਰ ਪਾਉਂਦੇ। ਇਸ ਕਾਰਨ ਉਨ੍ਹਾਂ ਨੂੰ ਆਪਣੀ ਪਛਾਣ 'ਤੇ ਖ਼ਤਰਾ ਮਹਿਸੂਸ ਹੋਣ ਲਗਦਾ ਹੈ।

**'ਸੰਪੂਰਨ' ਹੋਣ ਦਾ ਦਬਾਅ**

ਦੂਜਾ ਕਾਰਨ ਇਹ ਹੈ ਕਿ ਅਮਰੀਕਾ ਵਿਚ ਲੋਕਾਂ 'ਤੇ ਸਖ਼ਤ ਮਿਹਨਤ ਕਰਨ ਤੇ ਉੱਥੋਂ ਦੇ ਸੱਭਿਆਚਾਰ ਨੂੰ ਸਮਝਣ ਦਾ ਦਬਾਅ ਬਣਿਆ ਰਹਿੰਦਾ ਹੈ। ਇਸ ਕਾਰਨ ਅਣਚਾਹਿਆ ਮਾਨਸਿਕ ਦਬਾਅ ਬਣਨਾ ਸ਼ੁਰੂ ਹੋ ਜਾਂਦਾ ਹੈ। ਇੰਨਾ ਹੀ ਨਹੀਂ ਉੱਥੇ ਪਰਵਾਸੀਆਂ ਨੂੰ ਦਰਪੇਸ਼ ਚੁਣੌਤੀਆਂ ਨੂੰ ਵੀ ਘੱਟ ਕਰ ਕੇ ਜਾਣਿਆ ਜਾਂਦਾ ਹੈ। ਇਸ ਨਾਲ ਮਾਨਸਿਕ ਸਿਹਤ ਨੂੰ ਵੀ ਨੁਕਸਾਨ ਪਹੁੰਚਦਾ ਹੈ।

**ਇਕੱਲੇਪਣ ਦਾ ਡਰ**

ਤੀਜਾ ਕਾਰਨ ਉੱਥੇ ਰਹਿੰਦਿਆਂ ਇਕੱਲਾਪਣ ਮਹਿਸੂਸ ਕਰਨਾ ਹੈ। ਦਰਅਸਲ, ਅਮਰੀਕਾ 'ਚ ਜੀਵਨ ਭਰ ਲਈ ਆਪਣੇ ਦਾਦਾ-ਦਾਦੀ ਤੇ ਮਾਤਾ-ਪਿਤਾ ਨਾਲ ਰਹਿਣ ਦਾ ਕੋਈ ਰੁਝਾਨ ਨਹੀਂ ਹੈ। ਉਥੇ ਲੋਕ ਇਕੱਲੇ ਰਹਿੰਦੇ ਹਨ।

ਅਜਿਹੀ ਸਥਿਤੀ 'ਚ ਪਰਵਾਸੀਆਂ ਲਈ ਘਰ ਤੋਂ ਦੂਰ ਹੋਣਾ ਹੋਰ ਵੀ ਦੁਖਦਾਈ ਹੋ ਸਕਦਾ ਹੈ, ਕਿਉਂਕਿ ਉਹ ਆਪਣੇ ਦੇਸ਼ ਵਿੱਚ ਆਪਣੇ ਪਰਿਵਾਰਾਂ ਨਾਲ ਰਹਿਣ ਦੇ ਆਦੀ ਹਨ। ਇਸ ਕਾਰਨ ਮਾਨਸਿਕ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ।

# ਕਰੂਪ ਬੱਚੇ ਕਿਸੇ ਰੱਬੀ ਕਰੋਪੀ ਦਾ ਨਹੀਂ ਸਗੋਂ ਜਿਨਸੀ ਖਰਾਬੀਆਂ ਦੇ ਹਨ ਨਤੀਜੇ

ਯੂਨਾਨੀ, ਤੁਰਕੀ, ਅਫ਼ਰੀਕੀ, ਚੀਨੀ, ਅਮਰੀਕੀ, ਜਾਪਾਨੀ, ਯੂਰਪੀ, ਰੋਮਨ ਤੇ ਹਿੰਦ-ਮਹਾਂਦੀਪ ਦੀਆਂ ਸਾਰੀਆਂ ਪੁਰਾਤਨ ਤੇ ਨਵੀਆਂ ਤਹਿਜ਼ੀਬਾਂ ਦੇ ਮਿਥਿਹਾਸ ਤੇ ਦੰਦ-ਕਥਾਵਾਂ ਵਿਚ ਅਲੱਗ-ਅਲੱਗ ਕਿਸਮਾਂ ਦੇ ਭੂਤ-ਪ੍ਰੇਤ, ਦਾਨਵ, ਅਸੁਰ, ਡੈਣਾਂ, ਭੂਤਨੀਆਂ, ਰਾਖ਼ਸ਼, ਰਾਖ਼ਸ਼ਣਾਂ ਆਦਿ ਮਿਲਦੇ ਹਨ। ਨਾਲ ਹੀ ਦੇਵੀਆਂ-ਦੇਵਤੇ, ਦੇਵਰੂਪ, ਦੇਵਨਰ, ਅਰਧ-ਦੇਵਤਿਆਂ ਤੇ ਪਰੀਆਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਦੇ ਜ਼ਿਕਰ ਬਾਰੇ ਇਨ੍ਹਾਂ ਸੱਭਿਆਤਾਵਾਂ ਵਿਚ ਇਕ ਰੋਚਕ ਸਮਾਨਤਾ ਵੀ ਹੈ। ਕੋਈ ਵਿਰਲਾ ਹੀ ਦਾਨਵ, ਪ੍ਰੇਤ ਜਾਂ ਡੈਣ ਅਜਿਹੀ ਹੋਵੇਗੀ ਜਿਸ ਦਾ ਜਨਮ ਰਾਜ-ਘਰਾਣਿਆਂ ਅੰਦਰ ਹੋਇਆ ਹੋਵੇ। ਪਰ ਦੂਸਰੇ ਪਾਸੇ ਤਕਰੀਬਨ ਸਾਰੇ ਦੇ ਸਾਰੇ ਦੇਵੀ-ਦੇਵਤੇ ਰਾਜ-ਘਰਾਣਿਆਂ ਦੀ ਦੇਣ ਹਨ ਭਾਵੇਂ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਜਨਮ ਗ਼ੈਰ-ਕੁਦਰਤੀ ਕਰਾਮਾਤਾਂ ਰਾਹੀਂ ਹੋਏ ਮੰਨੇ ਜਾਂਦੇ ਹਨ।

**ਕਰੂਪ ਬੱਚੇ ਜਿਨਸੀ ਬਿਮਾਰੀਆਂ ਦੀ ਦੇਣ**

ਧਰਤੀ ਉੱਪਰ ਮਨੁੱਖੀ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਾਈਂ ਹਰ ਸਭਿਅਤਾ ਵਿਚ ਤੇ ਦੁਨੀਆ ਦੇ ਹਰ ਕੋਨੇ ਵਿਚ ਕਦੇ-ਕਦੇ ਵਿਲੱਖਣਤਾ ਵਾਲੇ, ਜਾਂ ਅਸਧਾਰਨ ਦਿਖਣ ਵਾਲੇ ਜਾਂ ਵਚਿੱਤਰ ਦਿੱਖ ਵਾਲੇ ਜਾਂ ਕਰੂਪ/ਕਰੂਪ ਘਾੜਤਾਂ ਵਾਲੇ ਬੱਚੇ ਪੈਦਾ ਹੁੰਦੇ ਰਹੇ ਹਨ। ਅਜਿਹੇ ਫ਼ਰਕ ਦਿਸਣ ਵਾਲੇ ਬੱਚਿਆਂ ਦੀ ਆਮਦ ਨੂੰ ਅਨੇਕਾਂ ਤਰ੍ਹਾਂ ਦੇ ਜਾਦੂਈ ਕਰਾਮਾਤਾਂ, ਰੱਬ ਦੇ ਪ੍ਰਕੋਪਾਂ, ਅਣਦਿਖ ਦੈਵੀ-ਸ਼ਕਤੀਆਂ ਦੀ ਆਮਦ, ਦਾਨਵੀ ਜਾਂ ਸ਼ੈਤਾਨੀ ਰੂਪ ਜਾਂ ਫੇਰ ਦੇਵਨਰਾਂ ਦੀ ਸੌਗਾਤ ਆਦਿ ਮੰਨ ਕੇ ਕਈ ਤਰ੍ਹਾਂ ਦੇ ਕਾਲਪਨਿਕ ਸਪਸ਼ਟੀਕਰਨ ਦਿੱਤੇ ਜਾਂਦੇ ਹਨ। ਅਸਲੀਅਤ ਵਿਚ ਇਨ੍ਹਾਂ ਵਿੱਚੋਂ ਬਹੁਤੇ ਜਿਨਸੀ/ਅਨੁਵੰਸ਼ਕ ਖਰਾਬੀਆਂ ਦੇ ਨਤੀਜੇ ਸਨ ਜਿਨ੍ਹਾਂ ਬਾਰੇ ਮਨੁੱਖ ਨੂੰ ਪਹਿਲਾਂ ਪਤਾ ਹੀ ਨਹੀਂ ਸੀ। 8000 ਤੋਂ ਵੱਧ ਅਜਿਹੀਆਂ ਜਿਨਸੀ ਬਿਮਾਰੀਆਂ ਤੇ ਰੋਗਾਂ ਬਾਰੇ ਹੁਣ ਜਾਣਕਾਰੀ ਇਕੱਠੀ ਹੋ ਚੁੱਕੀ ਹੈ, ਜੋ ਸਰੀਰ ਦੇ ਕਿਸੇ ਇਕ ਅੰਗ ਨੂੰ ਜਾਂ ਜ਼ਿਆਦਾ ਅੰਗਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਾਂ ਉਨ੍ਹਾਂ ਦੀ ਬਣਤਰ ਨੂੰ ਵਿਗਾੜ ਸਕਦੇ ਹਨ।

**ਵਿਗਾੜ ਵਾਲਾ ਬੱਚਾ ਬਣਦਾ ਰਿਹਾ ਮਿਥਿਹਾਸਕ**

ਜਿਹੜੀਆਂ ਜਮਾਂਦਰੂ ਵਿਗਾੜਾਂ ਬਹੁਤ ਹੀ ਘੱਟ ਅਨੁਪਾਤ ਵਿਚ ਜਾਂ ਬਹੁਤ ਟਾਵਾਂ-ਟਾਵਾਂ ਹੀ ਹੁੰਦੀਆਂ ਹੋਣ, ਜਿਵੇਂ ਕਿ ਕਿਸੇ ਵਿਗਾੜ ਵਾਲੇ ਇਕ ਬੱਚੇ ਦਾ ਜਨਮ ਇਕ ਲੱਖ ਠੀਕ ਜੰਮੇ ਬੱਚਿਆਂ ਦੀ ਅਨੁਪਾਤ ਵਿਚ ਹੋਵੇ ਤਾਂ ਉਹੋ ਜਿਹੇ ਵਿਗਾੜ ਵਾਲੇ ਦੂਸਰੇ ਬੱਚੇ ਦੇ ਪੈਦਾ ਹੋਣ ਤਾਈਂ ਕਈ ਜਨਮ ਜਾਂ ਪੁਸ਼ਤਾਂ ਗੁਜ਼ਰ ਜਾਂਦੀਆਂ ਸਨ। ਏਨੀ ਦੇਰ ਵਿਚ ਪਹਿਲਾ ਅਨੋਖੇ ਵਿਗਾੜ ਵਾਲਾ ਬੱਚਾ ਮਿਥਿਹਾਸ ਦਾ ਹਿੱਸਾ ਬਣ ਜਾਂਦਾ ਸੀ। ਖ਼ਾਸ ਕਰਕੇ ਪੁਰਾਤਨ ਸਮਿਆਂ ਵਿਚ ਜਦੋਂ ਜ਼ਿਆਦਾ ਲੋਕ ਛੋਟੇ-ਛੋਟੇ ਪਿੰਡਾਂ ਵਿਚ ਰਹਿੰਦੇ ਸੀ ਅਤੇ ਪੁਰਾਣੇ ਸ਼ਹਿਰਾਂ ਵਿਚ ਵੀ 1000 ਤੋਂ ਘੱਟ ਹੀ ਨਿਵਾਸੀ ਹੁੰਦੇ ਸੀ। ਇਹ ਇਕ ਸਰਲ ਹਿਸਾਬ ਹੀ ਹੈ। ਉਦਾਹਰਨ ਵਜੋਂ ਜੇ ਇਕ ਲੱਖ ਬੱਚਿਆਂ ਦੇ ਜਨਮਾਂ ਵਿਚ ਸਿਰਫ਼ ਇਕ ਬੇਰੂਪਾ ਬੱਚੇ ਦਾ ਹੋਣਾ ਹੀ ਅਨੁਪਾਤ ਹੋਵੇ; ਅਤੇ ਇਕ ਸ਼ਹਿਰ ਵਿਚ ਇਕ ਲੱਖ ਲੋਕ ਰਹਿੰਦੇ ਹੋਣ ਜਿਨ੍ਹਾਂ ਵਿਚ ਇਕ ਹਜ਼ਾਰ ਪਿੱਛੇ 50 ਬੱਚੇ ਸਾਲਾਨਾ ਪੈਦਾ ਹੁੰਦੇ ਹੋਣ ਤਾਂ ਇਕ ਲੱਖ ਨਵੇਂ ਬੱਚੇ ਪੈਦਾ ਹੋਣ ਲਈ ਕੋਈ 25 ਸਾਲ ਲੱਗ ਜਾਣਗੇ। ਸੋ ਪਹਿਲੇ ਵਰਗੇ ਬੇਰੂਪ ਬੱਚੇ ਦੀ ਦਿੱਖ ਵਾਲਾ ਦੂਸਰਾ ਬੱਚਾ ਪੈਦਾ ਹੋਣ ਵਿਚ ਇਕ ਪੁਸ਼ਤ ਹੀ ਲੰਘ ਜਾਵੇਗੀ। ਇਸ ਕਰਕੇ ਪੁਰਾਣੇ ਸਮਿਆਂ ਵਿਚ ਜਦੋਂ ਤਾਈਂ ਅਸਧਾਰਨ ਦਿੱਖ ਵਾਲਾ ਦੂਸਰਾ ਬੱਚਾ ਪੈਦਾ ਹੁੰਦਾ ਸੀ ਤਾਂ ਉਸ ਵੇਲੇ ਤਾਈਂ ਪਹਿਲੇ ਬੱਚੇ ਬਾਰੇ ਕੋਈ ਲਿਖਤੀ ਦਸਤਾਵੇਜ਼ ਜਾਂ ਪ੍ਰਮਾਣ ਨਾ ਹੋਣ ਕਰਕੇ ਉਹ ਬੱਚਾ ਮਿਥਿਹਾਸ ਦਾ ਹਿੱਸਾ ਬਣ ਚੁੱਕਿਆ ਹੁੰਦਾ ਸੀ। ਪੱਥਰ ਯੁੱਗ ਦੌਰਾਨ ਗੁਫ਼ਾਵਾਂ ਦੀਆਂ ਕੰਧਾਂ ਉੱਪਰ ਬਣੀਆਂ ਤਸਵੀਰਾਂ ਜਾਂ



ਪੱਥਰਾਂ ਨੂੰ ਘੜ ਕੇ ਬਣਾਈਆਂ ਮੂਰਤੀਆਂ ਰਾਹੀਂ ਉਸ ਯੁੱਗ/ਸਭਿਅਤਾ ਵਾਲੇ ਲੋਕ ਅਜਿਹੇ ਅਸਧਾਰਨ ਦਿੱਖ ਵਾਲੇ ਬੱਚਿਆਂ ਦੀ ਹੋਂਦ ਬਾਰੇ ਕਈ ਤਰ੍ਹਾਂ ਦੇ ਪ੍ਰਮਾਣਾਂ ਨੂੰ ਇਤਿਹਾਸ ਦਾ ਹਿੱਸਾ ਬਣਾ ਗਏ ਹਨ। ਅਜਿਹੀਆਂ ਪੁਰਾਤਨ ਮੂਰਤੀਆਂ ਤੋਂ ਸਾਨੂੰ ਜਿਨਸੀ/ਅਨੁਵੰਸ਼ਕ ਕਾਰਨਾਂ ਕਰਕੇ ਹੋਏ ਵਿਗਾੜਾਂ ਦੀ ਹੋਂਦ ਬਾਰੇ ਬਹੁਤ ਜ਼ਿਆਦਾ ਜਾਣਕਾਰੀ ਮਿਲਦੀ ਹੈ।

**ਬੌਣੇਪਨ ਦੇ ਸ਼ਿਕਾਰ ਪਰਿਵਾਰ ਦਾ ਬੁੱਤ**

ਮਿਸਰ ਦੀ ਰਾਜਧਾਨੀ ਕਾਹਿਰਾ ਵਿਚ ਸਥਿੱਤ ਅਜਾਇਬਘਰਾਂ ਅੰਦਰ ਕਈ ਪੱਥਰ ਦੇ ਬੁੱਤਾਂ ਦੀਆਂ ਪ੍ਰਦਰਸ਼ਨੀਆਂ ਲੱਗੀਆਂ ਹੋਈਆਂ ਹਨ। ਸਾਇੰਸਦਾਨਾਂ ਨੇ ਇਨ੍ਹਾਂ ਬੁੱਤਾਂ ਵਿੱਚੋਂ ਕਈਆਂ ਦੀ ਅਨੁਵੰਸ਼ਕ ਰੋਗਾਂ ਤੋਂ ਪੀੜਤ ਹੋਣ ਬਾਰੇ ਪਛਾਣ ਕਰ ਲਈ ਹੈ। ਮਿਸਾਲ ਵਜੋਂ, ਇਕ 4400 ਸਾਲ ਪੁਰਾਣੀ ਮੂਰਤੀ ਜੋ ਇਕ ਟੱਬਰ ਨੂੰ ਦਰਸਾ ਰਹੀ ਹੈ ਉਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਸ ਮੂਰਤੀ ਵਾਲੇ ਪਰਿਵਾਰ ਨੂੰ ਇਕ ਕਿਸਮ ਦੇ ਜਿਨਸੀ ਬੌਣੇਪਨ ਦੀ ਬਿਮਾਰੀ ਸੀ ਜਿਸ ਨੂੰ ਅੱਜ ਕੱਲ੍ਹ ਅਸੀਂ 'ਏਕੌਂਡਰੋਪਲੇਜ਼ੀਆ' (Achon-droplaisa) ਕਹਿੰਦੇ ਹਾਂ। ਇਕ ਹੋਰ ਬੁੱਤ ਜੋ 3400 ਸਾਲ ਪੁਰਾਣਾ ਹੈ, ਉਹ 'ਕਾਲਾਈਨਫੈਲਟਰ ਸਿੰਡਰੋਮ' ਦੇ ਨਾਂ ਵਾਲੇ ਅਨੁਵੰਸ਼ਕ ਰੋਗ ਨਾਲ ਗ੍ਰਸਤ ਵਿਅਕਤੀ ਦਾ ਹੈ। ਇਸੇ ਤਰ੍ਹਾਂ ਯੂਨਾਨ ਦੇ ਅਜਾਇਬਘਰ ਵਿਚ 3000 ਸਾਲ ਪੁਰਾਣਾ 'ਡਾਊਨ ਸਿੰਡਰੋਮ' ਦੇ ਨਾਂ ਵਾਲੇ ਜਿਨਸੀ ਰੋਗ ਤੋਂ ਪੀੜਤ ਇਕ ਬੱਚੇ ਦੇ ਮੂੰਹ ਦਾ ਬੁੱਤ ਹੈ।

ਇਸੇ ਸਾਲ, 20 ਜਨਵਰੀ 2024 ਨੂੰ ਸਾਇੰਸ ਦੇ ਇਕ ਉੱਘੇ ਰਸਾਲੇ 'ਨੇਚਰ' ਵਿਚ ਛਪੀ ਇਕ ਖੋਜ ਮੁਤਾਬਕ ਸਾਇੰਸਦਾਨਾਂ ਨੇ 4500 ਸਾਲ ਪੁਰਾਣੇ ਪਿੰਜਰ ਦਾ ਡੀ.ਐਨ.ਏ. (DNA) ਵਿਸ਼ਲੇਸ਼ਣ ਕਰ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਹੱਡੀਆਂ ਉਸ ਵਿਅਕਤੀ ਦੀਆਂ ਹਨ ਜੋ 'ਐਡਵਰਡ ਸਿੰਡਰੋਮ' ਨਾਂ ਨਾਲ ਜਾਣੇ ਜਾਂਦੇ ਅਨੁਵੰਸ਼ਿਕ ਰੋਗ ਤੋਂ ਪੀੜਤ ਸੀ।

ਪੁਰਾਤਨ ਸਮਿਆਂ ਵਿਚ ਘੜੇ ਅਜਿਹੇ ਅਨੇਕਾਂ ਬੁੱਤ, ਜਿਨ੍ਹਾਂ ਦੇ ਜਿਨਸੀ ਰੋਗਾਂ ਵਾਲੇ ਵਿਗਾੜਾਂ ਦੀ ਪਛਾਣ ਹੋ ਚੁੱਕੀ ਹੈ, ਉਹ ਦੁਨੀਆ ਦੇ ਵੱਖ-ਵੱਖ ਅਜਾਇਬਘਰਾਂ ਵਿਚ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਸਾਰਿਆਂ ਤੋਂ ਇਹ ਪੱਕਾ ਸਿੱਧ ਹੋ ਜਾਂਦਾ ਹੈ ਕਿ ਜਿਨਸੀ ਬਿਮਾਰੀਆਂ, ਰੋਗ ਤੇ ਵਿਗਾੜ ਸਭਿਆਤਾਵਾਂ ਦੇ ਸ਼ੁਰੂ ਹੋਣ ਤੋਂ ਹੀ ਨਾਲ-ਨਾਲ ਤੁਰੇ ਹਨ ਤੇ ਹਰ ਸਭਿਅਤਾ ਵਿਚ ਅਜਿਹੇ ਰੋਗਾਂ ਤੋਂ ਪੀੜਤ ਲੋਕ ਪੈਦਾ ਹੁੰਦੇ ਰਹੇ ਹਨ।

**ਫੋਟੋਆਂ ਤੋਂ ਰਹੱਸਮਈ ਗੁੰਝਲਾਂ ਸੁਲਝਾਉਣ 'ਚ ਮਿਲੇਗੀ ਮਦਦ**

ਅਨੋਖੇ ਜਾਂ ਅਨੂਠੀ ਦਿੱਖ ਵਾਲੇ ਜੰਮੇ ਬੱਚਿਆਂ ਜਾਂ ਵੱਡਿਆਂ ਦੀਆਂ ਹੋਂਦਾਂ ਹੁਣ ਤਸਵੀਰਾਂ, ਫੋਟੋਆਂ, ਵੀਡੀਓ ਆਦਿ ਰਾਹੀਂ ਪ੍ਰਮਾਣਿਤ ਹੋ ਜਾਂਦੀਆਂ ਹਨ ਤੇ ਸਾਇੰਸਦਾਨ ਉਨ੍ਹਾਂ ਦੀ ਘੋਖ ਕਰ ਸਕਦੇ ਹਨ ਅਤੇ ਅਸਲ ਕਾਰਨ ਨੂੰ ਵੀ ਲੱਭ ਸਕਦੇ ਹਨ। ਉਮੀਦ ਹੈ ਕਿ ਸਾਇੰਸ ਦੀਆਂ ਖੋਜਾਂ ਦਾ ਤੇ ਮਿਥਿਹਾਸ ਦੇ ਕਾਲਪਨਿਕ ਅਦਾਕਾਰਾਂ ਦਾ ਸੁਮੇਲ, ਰੱਬ ਤੇ ਕੁਦਰਤ ਦੀਆਂ ਬੇਅੰਤ ਰਹੱਸਮਈ ਗੁੰਝਲਾਂ ਵਿੱਚੋਂ ਕੁਝ ਨੂੰ ਸੁਲਝਾਉਣ ਦੀ ਕੋਸ਼ਿਸ਼ ਵਿਚ ਕਿਸੇ ਹੱਦ ਤਕ ਜ਼ਰੂਰ ਕਾਮਯਾਬ ਹੋਵੇਗਾ।

**ਜਿਸਮਾਂ ਦੀ ਸਮਾਨਤਾ ਤੇ ਸ਼ਕਲਾਂ ਦੀ ਇਕਰੂਪਤਾ**

ਇਕ ਹੋਰ ਅਜਬ ਸਮਰੂਪਤਾ, ਸੰਸਾਰ ਦੇ ਵੱਖ-ਵੱਖ ਕੋਨਿਆਂ ਵਿਚ ਪ੍ਰਗਟ ਹੋਈਆਂ, ਇਨ੍ਹਾਂ ਮਿਥਿਹਾਸਕ ਸ਼ਖ਼ਸੀਅਤਾਂ ਵਿਚ ਇਹ ਹੈ ਕਿ ਇਨ੍ਹਾਂ ਦੀ ਆਪਣੀ-ਆਪਣੀ ਵੰਨਗੀ ਵਾਲਿਆਂ ਨਾਲ ਕਾਫ਼ੀ ਹੱਦ ਤਕ ਜਿਸਮਾਂ ਦੀ ਬਣਤਰ ਦੀ ਸਮਾਨਤਾ ਤੇ ਸ਼ਕਲਾਂ ਦੀ ਇਕਰੂਪਤਾ ਰਹੀ ਹੈ। ਇਨ੍ਹਾਂ ਤਹਿਜ਼ੀਬਾਂ ਵਿਚ ਜੋ ਇਕ ਦੂਸਰੇ ਤੋਂ ਹਜ਼ਾਰਾਂ ਕੋਹਾਂ ਦੀ ਦੂਰੀ ਉੱਤੇ, ਸਦੀਆਂ ਦੇ ਵਕਫਿਆਂ ਨਾਲ ਪ੍ਰਫੁਲਤ ਹੋਈਆਂ ਸਨ, ਉਨ੍ਹਾਂ ਵਿਚ ਅਜਿਹੀ ਸਮਾਨਤਾ ਹੋਣੀ ਆਪਣੇ ਆਪ ਵਿਚ ਸੋਚਣ ਦਾ ਵਿਸ਼ਾ ਬਣਦੀਆਂ ਹਨ। ਇਨ੍ਹਾਂ ਸਾਰੀਆਂ ਸਭਿਆਤਾਵਾਂ ਵੇਲੇ ਉਨ੍ਹਾਂ ਦੇ ਬਾਸ਼ਿੰਦਿਆਂ ਅੰਦਰ ਅਜਿਹੀ ਕੀ ਇਕਸਾਰਤਾ ਜਾਂ ਸਮਾਨਤਾ ਸੀ? ਇਨ੍ਹਾਂ ਸਾਰੀਆਂ ਤਹਿਜ਼ੀਬਾਂ ਵਿਚ ਤਕਰੀਬਨ ਇਕੋ ਜਿਹੀ ਦਿੱਖ ਵਾਲੇ ਦਾਨਵ ਤੇ ਦੇਵਤਾ ਪ੍ਰਗਟ ਹੁੰਦੇ ਰਹੇ? ਇਹ ਸਮਾਨਤਾ ਮਨੁੱਖੀ ਸਰੀਰ ਅੰਦਰ ਮਨੁੱਖੀ ਜੀਵਨ ਕਾਲ ਦੀ ਮੂਲ ਉਤਪਤੀ ਤੋਂ ਹੀ ਹਰ ਇਨਸਾਨ ਅੰਦਰ ਉਸ ਦੀ ਜਿਨਸੀ ਜਾਂ ਅਨੁਵੰਸ਼ਕ ਬਣਤਰ ਵਿਚ ਸਮਾਈ ਹੋਈ ਹੈ ਅਤੇ ਇਹ ਉਸ ਦੇ ਜੀਵਨ-ਕਾਲ ਦੀਆਂ ਹਰ ਕਿਰਿਆਵਾਂ, ਉਸ ਦੇ ਸਰੀਰ ਦੀ ਘਾੜਤ, ਨੈਣ-ਨਕਸ਼, ਰੂਪ-ਕਰੂਪ, ਨੁਕਸ ਆਦਿ ਹਰ ਖਿੱਤਾ ਇਨ੍ਹਾਂ ਦੇ ਵੱਸ ਵਿਚ ਹੈ। ਭਾਵੇਂ ਇਸ ਧਰਤੀ ਉੱਪਰ ਅੱਠ ਅਰਬ ਤੋਂ ਵੱਧ ਲੋਕ ਵਸਦੇ ਹਨ ਜੋ ਹਰ ਇਕ ਦੂਸਰੇ ਤੋਂ ਭਿੰਨ ਹਨ ਫੇਰ ਵੀ ਸਾਇੰਸਦਾਨਾਂ ਮੁਤਾਬਕ ਹਰ ਇਕ ਵਿਅਕਤੀ 99।9 ਫ਼ੀਸਦੀ ਅਨੁਵੰਸ਼ਕ/ਜਿਨਸੀ ਪੱਧਰ ਉੱਪਰ ਇੱਕੋ ਜਿਹਾ ਹੀ ਹੈ।

**ਮਿਥਿਹਾਸਕ ਦਾਨਵ ਵੀ ਸਨ ਰੋਗਾਂ ਤੋਂ ਪੀੜਤ**

ਸਾਰੀਆਂ ਸਭਿਆਤਾਵਾਂ ਦੀ ਜਿਨਸੀ ਇਕਸਾਰਤਾ ਤੇ ਸਮਾਨਤਾ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਸ਼ਾਇਦ ਮਿਥਿਹਾਸਕ ਦਾਨਵ/ਅਨੁਵੰਸ਼ਕ ਬਿਮਾਰੀਆਂ ਜਾਂ ਰੋਗਾਂ ਤੋਂ ਪੀੜਤ ਵਿਅਕਤੀ ਹੀ ਸਨ ਜਿਨ੍ਹਾਂ ਨੂੰ ਉਸ ਸਮਿਆਂ ਦੀ ਸੋਚ ਮੁਤਾਬਕ ਇਹ ਦਾਨਵੀ ਜਾਂ ਡਰਾਉਣੇ ਰੁਤਬੇ ਦਿੱਤੇ ਗਏ। ਇਨਸਾਨੀ ਸਭਿਅਤਾ ਵਿਚ ਗੁਫ਼ਾਵਾਂ ਦੀਆਂ ਕੰਧਾਂ ਉੱਪਰ ਤਸਵੀਰਾਂ ਬਣਾਉਣਾ ਤਕਰੀਬਨ 40,000 ਸਾਲ ਪਹਿਲਾਂ ਪੱਥਰ-ਯੁੱਗ ਵਿਚ ਸ਼ੁਰੂ ਹੋਇਆ ਸੀ। ਉਸ ਦੇ ਬਾਅਦ ਪੱਥਰਾਂ ਦੀਆਂ ਮੂਰਤੀਆਂ ਘੜਨ ਦਾ ਦੌਰ ਆਇਆ। ਇਨ੍ਹਾਂ ਵਕਤਾਂ ਤੋਂ ਪਹਿਲਾਂ ਜੇ ਕਿਸੇ ਨੇ ਕੋਈ ਅਨੋਖੀ ਚੀਜ਼ ਜਾਂ ਅਨੋਖਾ ਮਨੁੱਖ ਵੇਖਿਆ ਹੁੰਦਾ ਸੀ ਉਸ ਬਾਰੇ ਵਿਆਖਿਆ ਸਿਰਫ਼ ਗੱਲਾਂ ਰਾਹੀਂ, ਜ਼ੁਬਾਨੀ ਅਗਾਂਹ ਪਹੁੰਚਦੀ ਸੀ ਤੇ ਇੰਝ ਅਗਾਂਹ ਤੋਂ ਅਗਾਂਹ ਜਾਂਦੀ ਹੋਈ ਅਸਲ ਵਿਆਖਿਆ ਤੋਂ ਬੜੀ ਵਾਰੀ ਬਦਲ ਹੀ ਜਾਂਦੀ ਸੀ।

**ਕਈ ਨਵੇਂ ਤੱਥ ਹੋ ਰਹੇ ਨੇ ਉਜਾਗਰ**

ਜੇ ਇਨ੍ਹਾਂ ਵਿਗਾੜਾਂ ਬਾਰੇ ਹੋਰ ਬਰੀਕੀ ਨਾਲ ਵੇਖਿਆ ਜਾਵੇ ਅਤੇ ਮਿਥਿਹਾਸ ਦੇ ਪਾਤਰਾਂ ਦਾ ਤੇ ਸਾਇੰਸ ਦੀਆਂ ਖੋਜਾਂ ਦਾ ਆਪਸੀ ਮਿਲਾਪ ਕੀਤਾ ਜਾਵੇ ਤਾਂ ਕਈ ਹੋਰ ਨਵੇਂ ਤੱਥ ਉਜਾਗਰ ਹੁੰਦੇ ਹਨ। ਪੁਰਾਤਨ ਸਭਿਆਤਾਵਾਂ ਦੇ ਮਿਥਿਹਾਸ ਤੇ ਦੰਦ ਕਥਾਵਾਂ ਨਾਲ ਜੁੜੇ ਕਈ ਕਰੂਪ ਦਾਨਵ ਤੇ ਦੇਵਤਾ ਜੋ ਪਹਿਲਾਂ ਸਿਰਫ਼ ਕਲਪਨਾ ਵਾਲੇ ਜਾਂ ਮਨਘੜਤ ਹੀ ਲੱਗਦੇ ਸਨ ਹੁਣ ਉਨ੍ਹਾਂ ਦੀ ਹੋਂਦ ਬਾਰੇ ਕੁਝ ਅਸਲੀਅਤਾਂ ਸਾਹਮਣੇ ਆ ਰਹੀਆਂ ਹਨ। ਨਵੀਆਂ ਖੋਜਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਸ਼ਾਇਦ ਕਿਸੇ ਵੇਲੇ ਕਿਸੇ ਅਲੱਗ-ਅਲੱਗ ਥਾਵਾਂ ਉੱਪਰ ਤੇ ਸਦੀਆਂ ਦੇ ਵਕਫ਼ਿਆਂ ਨਾਲ ਕੋਈ ਜਿਨਸੀ ਜਾਂ ਜਮਾਂਦਰੂ ਵਿਗਾੜ ਨਾਲ ਗ੍ਰਸਤ ਅਨੋਖੇ ਬੱਚੇ ਪੈਦਾ ਹੋਏ ਹੋਣਗੇ ਪਰ ਲਿਖਤੀ ਜਾਂ ਹੋਰ ਕਿਸੇ ਤਰ੍ਹਾਂ ਦੇ ਪ੍ਰਮਾਣ ਨਾਂਹ ਹੋਣ ਕਰਕੇ ਉਹ ਮਿਥਿਹਾਸ ਦਾ ਹਿੱਸਾ ਬਣ ਗਏ। ਕਈ ਅਜਬ ਗੁਣਾਂ ਵਾਲੇ ਜਾਂ ਅਨੋਖੀ ਦਿੱਖ ਵਾਲੇ ਦਾਨਵ/ ਦੇਵਤਾ ਤੇ ਦੰਦ-ਕਥਾਵਾਂ ਦੇ ਪਾਤਰਾਂ ਬਾਰੇ ਸਾਨੂੰ ਹੁਣ ਗਿਆਨ ਹੋ ਰਿਹਾ ਹੈ ਕਿ ਉਹ ਅਸਲ ਵਿਚ ਹੀ ਕਿਸੇ ਜਿਨਸੀ/ਅਨੁਵੰਸ਼ਿਕਾ ਰੋਗ ਜਾਂ ਜਮਾਂਦਰੂ ਵਿਗਾੜ ਤੋਂ ਪੀੜਤ ਸਨ ਅਤੇ ਅਜਿਹੇ ਵਿਗਾੜਾਂ ਦੇ ਅਸਲ ਕਾਰਨ ਵੀ ਲੱਭੇ ਜਾ ਚੁੱਕੇ ਹਨ। ਅਜਿਹਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਹਨ : ਜਲ ਪਰੀਆਂ; ਇਕ ਅੱਖ ਵਾਲੇ ਦਿਓ; ਦੋ-ਸਿਰਾਂ ਵਾਲੇ ਦਾਨਵ ਤੇ ਦੇਵਤਾ; ਸੁੱਤੀ ਰਹਿਣ ਵਾਲੀ ਸ਼ਹਿਜ਼ਾਦੀ ਜਾਂ ਕੁੰਭਕਰਣ ਵਾਂਗ ਸੌਣਾ; ਦਰੱਖ਼ਤਾਂ ਵਿਚ ਰਹਿਣ ਵਾਲੀ ਯੂਨਾਨੀ ਮਿਥਿਹਾਸ ਵਾਲੀ ਅਪਸਰਾ; ਬੰਦੇ ਦਾ ਬਘਿਆੜ ਵਿਚ ਪਰਿਵਰਤਨ; ਸਿਰ ਉੱਪਰ ਇਕ ਜਾਂ ਦੋ ਸਿੰਗ ਹੋਣੇ; ਸਰੀਰ ਪੱਥਰ ਦਾ ਬਣ ਜਾਣਾ; ਧੜ ਮਨੁੱਖ ਦਾ ਤੇ ਬਾਕੀ ਸਰੀਰ ਕਿਸੇ ਹੋਰ ਜਾਨਵਰ ਵਰਗਾ ਆਦਿ।

**– ਡਾ. ਜੈ ਰੂਪ ਸਿੰਘ**




# ਸਰੀਰ ਲਈ ਪੰਜ ਜ਼ਰੂਰੀ ਪੌਸ਼ਟਿਕ ਤੱਤ

ਖਰਾਬ ਜੀਵਨ ਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਦਾ ਸਿਹਤ 'ਤੇ ਸਿੱਧਾ ਅਸਰ ਪੈਂਦਾ ਹੈ। ਫਿੱਟ ਰਹਿਣ, ਬਿਮਾਰੀਆਂ ਤੋਂ ਬਚਣ ਅਤੇ ਊਰਜਾਵਾਨ ਰਹਿਣ ਲਈ ਨਾ ਸਿਰਫ਼ ਖੁਰਾਕ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ, ਸਗੋਂ ਸੰਤੁਲਿਤ ਹੋਣਾ ਵੀ ਜ਼ਰੂਰੀ ਹੈ। ਕੁਝ ਵਿਟਾਮਿਨ ਤੇ ਖਣਿਜ ਹੁੰਦੇ ਹਨ ਜਿਨ੍ਹਾਂ ਦੀ ਸਾਡੇ ਸਰੀਰ ਨੂੰ ਰੋਜ਼ਾਨਾ ਲੋੜ ਹੁੰਦੀ ਹੈ ਕਿਉਂਕਿ ਇਹ ਸਰੀਰ ਦੇ ਕਈ ਕਾਰਜਾਂ ਨੂੰ ਚਲਾਉਣ ਵਿੱਚ ਮਦਦ ਕਰਦੇ ਹਨ। ਇਨ੍ਹਾਂ ਦੀ ਕਮੀ ਤੁਹਾਨੂੰ ਕਈ ਬਿਮਾਰੀਆਂ ਦਾ ਸ਼ਿਕਾਰ ਬਣਾ ਸਕਦੀ ਹੈ। ਬੱਚਿਆਂ ਲਈ ਪੌਸ਼ਟਿਕ ਤੱਤਾਂ ਤੋਂ ਬਿਨਾਂ ਭੋਜਨ ਉਨ੍ਹਾਂ ਦੇ ਵਿਕਾਸ ਵਿੱਚ ਰੁਕਾਵਟ ਬਣ ਸਕਦਾ ਹੈ।ਪੌਸ਼ਟਿਕ ਭੋਜਨ ਦਾ ਮਤਲਬ ਮਹਿੰਗਾ ਭੋਜਨ ਨਹੀਂ ਹੈ। ਸਾਡੇ ਘਰ 'ਚ ਖਾਣ-ਪੀਣ ਦੀਆਂ ਕਈ ਚੀਜ਼ਾਂ ਹੁੰਦੀਆਂ ਹਨ ਜੋ ਸਰੀਰ ਨੂੰ ਸਿਹਤਮੰਦ ਰੱਖਣ 'ਚ ਮਦਦਗਾਰ ਸਾਬਤ ਹੁੰਦੀਆਂ ਹਨ। ਆਓ ਜਾਣਦੇ ਹਾਂ ਉਨ੍ਹਾਂ ਪੋਸ਼ਕ ਤੱਤਾਂ ਬਾਰੇ ਜੋ ਸਰੀਰ ਲਈ ਬਹੁਤ ਜ਼ਰੂਰੀ ਹੁੰਦੇ ਹਨ।



**ਪ੍ਰੋਟੀਨ-** ਇਹ ਇੱਕ ਮੈਕਰੋਨਿਊਟਰੀਐਂਟ ਹੈ। **ਕੰਮ-** ਇਮਿਊਨਿਟੀ ਵਧਾਉਂਦਾ ਹੈ ਅਤੇ ਮਾਸਪੇਸ਼ੀਆਂ, ਹੱਡੀਆਂ, ਚਮੜੀ ਅਤੇ ਵਾਲਾਂ ਦੇ ਵਿਕਾਸ ਵਿੱਚ ਮਦਦ ਕਰਦਾ ਹੈ।

ਸਰੋਤ- ਦੁੱਧ, ਦਹੀਂ, ਦਾਲਾਂ, ਫਲੀਆਂ, ਮੇਵੇ, ਅੰਡੇ, ਮੱਛੀ, ਮੀਟ, ਚਿਕਨ, ਸੀਫੂਡ। ਸ਼ਾਕਾਹਾਰੀ ਲੋਕਾਂ ਲਈ ਵੀ ਪਨੀਰ ਬਹੁਤ ਵਧੀਆ ਵਿਕਲਪ ਹੈ।

**ਕਾਰਬੋਹਾਈਡਰੇਟ-** ਇਹ ਰੋਜ਼ਾਨਾ ਦੇ ਕੰਮਾਂ ਨੂੰ ਪੂਰਾ ਕਰਨ ਲਈ ਊਰਜਾ ਦਾ ਮੁੱਖ ਸਰੋਤ ਹੈ।

ਕੰਮ- ਇਹ ਇਮਿਊਨ ਸਿਸਟਮ, ਦਿਮਾਗ ਦੇ ਕੰਮਕਾਜ, ਨਰਵਸ ਸਿਸਟਮ ਅਤੇ ਪਾਚਨ ਪ੍ਰਣਾਲੀ ਨੂੰ ਸੁਧਾਰਨ ਵਿਚ ਮਦਦਗਾਰ ਹੈ।

ਸਰੋਤ- ਫਲ, ਸਬਜ਼ੀਆਂ, ਬਰਾਊਨ ਰਾਈਸ, ਓਟਸ, ਪਾਸਤਾ, ਬਰੈੱਡ ਆਦਿ।

**ਵਿਟਾਮਿਨ-** ਕੰਮ- ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ, ਚਮੜੀ ਨੂੰ ਸਿਹਤਮੰਦ ਰੱਖਦਾ ਹੈ ਅਤੇ ਕੈਲਸ਼ੀਅਮ ਸੋਖਣ ਵਿੱਚ ਲਾਭਦਾਇਕ ਹੈ।

ਸਰੋਤ- ਪਨੀਰ, ਸਾਬਤ ਅਨਾਜ, ਦਾਲਾਂ, ਸੁੱਕੇ ਮੇਵੇ ਅਤੇ ਪੀਲੇ ਅਤੇ ਹਰੇ ਤਾਜ਼ੇ ਫਲ ਅਤੇ ਸਬਜ਼ੀਆਂ।

**ਹੈਲਦੀ ਫੈਟ-** ਪ੍ਰੋਟੀਨ ਤੇ ਕਾਰਬੋਹਾਈਡਰੇਟ ਵਰਗੀ ਊਰਜਾ ਪ੍ਰਦਾਨ ਕਰਨਾ

ਕੰਮ – ਦਿਮਾਗ ਅਤੇ ਦਿਲ ਦੀ ਸਿਹਤ ਲਈ ਮਹੱਤਵਪੂਰਨ

ਸਰੋਤ- ਸੋਇਆਬੀਨ, ਸੋਇਆ ਦੁੱਧ, ਮੱਕੀ, ਪਨੀਰ ਵਿੱਚ ਚੰਗੀ ਚਰਬੀ ਮੌਜੂਦ ਹੁੰਦੀ ਹੈ। ਅੰਡੇ, ਮੱਛੀ, ਬਦਾਮ, ਕਾਜੂ, ਅਖਰੋਟ, ਸਬਜ਼ੀਆਂ ਦਾ ਤੇਲ, ਸਿਹਤਮੰਦ ਬੀਜ, ਐਵੋਕਾਡੋ, ਨਾਰੀਅਲ।

**ਖਣਿਜ-** ਇਨ੍ਹਾਂ ਵਿੱਚ ਆਇਰਨ, ਮੈਗਨੀਸ਼ੀਅਮ, ਕੈਲਸ਼ੀਅਮ, ਫਾਸਫੋਰਸ, ਸੋਡੀਅਮ, ਪੋਟਾਸ਼ੀਅਮ ਅਤੇ ਫਲੋਰਾਈਡ ਸ਼ਾਮਲ ਹਨ।

ਕੰਮ- ਇਮਿਊਨਿਟੀ ਵਧਾਉਂਦਾ ਹੈ ਅਤੇ ਦਿਮਾਗ ਨੂੰ ਸਿਹਤਮੰਦ ਰੱਖਦਾ ਹੈ।

ਸਰੋਤ- ਸਾਬਤ ਅਨਾਜ, ਸੋਇਆਬੀਨ, ਪੱਤੇਦਾਰ ਸਬਜ਼ੀਆਂ, ਪਾਲਕ, ਫ਼ਲੀਦਾਰ, ਡੇਅਰੀ ਉਤਪਾਦ, ਆਇਓਡੀਨ ਭਰਪੂਰ ਨਮਕ, ਸੁੱਕੇ ਮੇਵੇ ਅਤੇ ਬੀਜ।

# ਸਰੀਰ ’ਚ ਪਾਣੀ ਦੀ ਕਮੀ ਹੋ ਸਕਦੀ ਹੈ ਜਾਨਲੇਵਾ

ਤਾਪਮਾਨ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਤਾਪਮਾਨ ਵਧਣ ਕਰਕੇ ਪੈਦਾ ਹੋਈ ਗਰਮੀ ਨਾਲ ਸਰੀਰ ’ਚ ਪਾਣੀ ਦੀ ਕਮੀ ਹੋ ਸਕਦੀ ਹੈ, ਇਸ ਲਈ ਡੀਹਾਈਡ੍ਰੇਸ਼ਨ ਦੇ ਕਾਰਨਾਂ, ਲੱਛਣਾਂ, ਬਚਾਅ ਤੇ ਇਲਾਜ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਸਰੀਰ ਦੇ ਵਜ਼ਨ ਦਾ 70 ਫ਼ੀਸਦੀ ਹਿੱਸਾ ਪਾਣੀ ਹੈ। ਜ਼ਿਆਦਾਤਰ ਪਾਣੀ ਕੌਸ਼ਿਕਾਵਾਂ ਵਿਚ ਪਾਇਆ ਜਾਂਦਾ ਹੈ, ਬਾਕੀ ਲਹੂ ਵਹਿਣੀਆਂ ਜਾਂ ਕੌਸ਼ਿਕਾਵਾਂ ਦੇ ਵਿਚਕਾਰਲੇ ਸਥਾਨ ’ਚ ਭਰਿਆ ਹੁੰਦਾ ਹੈ, ਜਿਸ ਤੋਂ ਅੰਦਾਜ਼ਾ ਲਾ ਸਕਦੇ ਹਾਂ ਕਿ ਤੰਦਰੁਸਤ ਰਹਿਣ ਲਈ ਪਾਣੀ ਕਿੰਨਾ ਜ਼ਰੂਰੀ ਹੈ। ਜੇ ਸਰੀਰ ’ਚ ਪਾਣੀ ਦੀ ਕਮੀ ਹੋ ਜਾਵੇ ਤਾਂ ਉਸ ਨੂੰ ਡੀਹਾਈਡ੍ਰੇਸ਼ਨ ਜਾਂ ਨਿਰਜਲੀਕਰਨ ਕਿਹਾ ਜਾਂਦਾ ਹੈ। ਗਰਮੀ ਕਾਰਨ ਹੋਣ ਵਾਲੀ ਇਹ ਆਮ ਸਮੱਸਿਆ ਹੈ ਪਰ ਆਮ ਦਿਖਣ ਵਾਲੀ ਇਹ ਸਮੱਸਿਆ ਵੱਡੀਆਂ ਬਿਮਾਰੀਆਂ ਦਾ ਕਾਰਨ ਬਣ ਜਾਂਦੀ ਹੈ ਤੇ ਜਾਨਲੇਵਾ ਵੀ ਸਿੱਧ ਹੋ ਸਕਦੀ ਹੈ। ਡੀਹਾਈਡ੍ਰੇਸ਼ਨ ’ਚ ਸਰੀਰ ਵਿੱਚੋਂ ਨਿਕਲਣ ਵਾਲੇ ਪਾਣੀ ਦੀ ਮਾਤਰਾ ਸਰੀਰ ’ਚ ਮੌਜੂਦ ਪਾਣੀ ਦੀ ਮਾਤਰਾ ਤੋਂ ਵਧੇਰੇ ਹੋ ਜਾਂਦੀ ਹੈ। ਵਿਗਿਆਨਕ ਭਾਸ਼ਾ ’ਚ ਇਸ ਨੂੰ ਹਾਈਪੋਹਾਈਡ੍ਰੇਸ਼ਨ ਕਿਹਾ ਜਾਂਦਾ ਹੈ। ਪਾਣੀ ਦੀ ਕਮੀ ਨਾਲ ਸਰੀਰ ਵਿਚ ਖਣਿਜ ਪਦਾਰਥ, ਜਿਵੇਂ ਨਮਕ ਅਤੇ ਸ਼ੱਕਰ (ਗਲੂਕੋਜ਼) ਘੱਟ ਹੋ ਜਾਂਦੇ ਹਨ। ਇਸ ਨਾਲ ਮਾਸਪੇਸ਼ੀਆਂ ਤੇ ਨਸਾਂ ਦੀ ਕਾਰਜ ਸਮਰੱਥਾ ਘੱਟ ਹੋ ਜਾਂਦੀ ਹੈ। ਪਾਣੀ ਦੀ ਕਮੀ ਨਾਲ ਸਰੀਰ ’ਚੋਂ ਵਿਸ਼ੈਲੇ ਤੱਤ ਬਾਹਰ ਨਹੀਂ ਨਿਕਲ ਸਕਦੇ, ਜਿਨ੍ਹਾਂ ਨਾਲ ਪਾਚਨ ਪ੍ਰਣਾਲੀ ਕਮਜ਼ੋਰ ਹੋਣ ਦੇ ਨਾਲ-ਨਾਲ ਅੰਤੜੀਆਂ ਦੀ ਇਨਫੈਕਸ਼ਨ, ਜੋੜਾਂ ਤੇ ਮਾਸਪੇਸ਼ੀਆਂ ਵਿਚ ਦਰਦ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।



**ਕਾਰਨ-** ਇਸ ਦਾ ਸਭ ਤੋਂ ਵੱਡਾ ਕਾਰਨ ਪਾਣੀ ਦੀ ਕਮੀ ਹੈ। ਗਰਮੀ ’ਚ ਜਦੋਂ ਅਸੀਂ ਘੱਟ ਪਾਣੀ ਪੀਂਦੇ ਹਾਂ ਤਾਂ ਇਹ ਸਮੱਸਿਆ ਪੈਦਾ ਹੁੰਦੀ ਹੈ। ਹੋਰ ਕਾਰਨਾਂ ’ਚ ਉਲਟੀਆਂ ਆਉਣਾ, ਦਸਤ, ਧੁੱਪ ਦਾ ਦੁਰਪ੍ਰਭਾਵ, ਲੋੜ ਤੋਂ ਵਧੇਰੇ ਕਸਰਤ, ਖਾਣ-ਪੀਣ ਦਾ ਸਹੀ ਸਮਾਂ ਨਾ ਹੋਣਾ ਸ਼ਾਮਿਲ ਹਨ। ਇਸ ਤੋਂ ਇਲਾਵਾ ਬੁਖ਼ਾਰ, ਹਾਈਪਰਟੈਂਸ਼ਨ, ਬਹੁਤ ਜ਼ਿਆਦਾ ਅਲਕੋਹਲ ਦਾ ਸੇਵਨ, ਹੈਜ਼ਾ, ਕੁਪੋਸ਼ਣ ਵਰਗੀਆਂ ਬਿਮਾਰੀਆਂ ਵੀ ਡੀਹਾਈਡ੍ਰੇਸ਼ਨ ਦਾ ਕਾਰਨ ਬਣਦੀਆਂ ਹਨ।

**ਲੱਛਣ-** ਜਦੋਂ ਕੋਈ ਵਿਅਕਤੀ ਡੀਹਾਈਡ੍ਰੇਸ਼ਨ ਦੀ ਸਮੱਸਿਆ ਵਿੱਚੋਂ ਲੰਘਦਾ ਹੈ ਤਾਂ ਉਸ ਨੂੰ ਬਿਨਾਂ ਕਿਸੇ ਕਾਰਨ ਤੋਂ ਘਬਰਾਹਟ, ਕਬਜ਼ ਦੀ ਸਮੱਸਿਆ, ਚੱਕਰ ਆਉਣੇ, ਮੂੰਹ ਵਾਰ-ਵਾਰ ਸੁੱਕਣਾ, ਚਮੜੀ ਦਾ ਖ਼ੁਸ਼ਕ ਹੋਣਾ, ਸਿਰ ਦਰਦ, ਸਰੀਰ ਦਾ ਕਮਜ਼ੋਰ ਹੋ ਜਾਣਾ, ਪਿਸ਼ਾਬ ਦਾ ਪੀਲਾ ਹੋਣਾ, ਵਧੇਰੇ ਥਕਾਵਟ ਮਹਿਸੂਸ ਕਰਨਾ, ਮਾਸਪੇਸ਼ੀਆਂ ਦਾ ਤਣਾਅ ਆਦਿ ਲੱਛਣ ਸਾਹਮਣੇ ਆਉਂਦੇ ਹਨ।

**ਸਿਹਤ ਸਮੱਸਿਆਵਾਂ-** ਗਰਮੀ ਦੇ ਮੌਸਮ ’ਚ ਲੂ, ਡੀਹਾਈਡ੍ਰੇਸ਼ਨ ਤੇ ਸਨਸਟ੍ਰੋਕ ਦੀਆਂ ਸਮੱਸਿਆਵਾਂ ਤੋਂ ਲੋਕ ਵਧੇਰੇ ਪ੍ਰੇਸ਼ਾਨ ਰਹਿੰਦੇ ਹਨ। ਆਮ ਤੌਰ ’ਤੇ ਲੋਕ ਇਸ ਨੂੰ ਮਾਮੂਲੀ ਸਮੱਸਿਆ ਸਮਝਦੇ ਹਨ ਪਰ ਸਰੀਰ ’ਚ ਪਾਣੀ ਦੀ ਕਮੀ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਸਮੇਂ ਸਿਰ ਬਚਾਅ ਨਾ ਕਰਨ ’ਤੇ ਇਹ ਜਾਨਲੇਵਾ ਵੀ ਹੋ ਸਕਦਾ ਹੈ। ਇਸ ਤੋਂ ਬਚਾਅ ਲਈ ਉਪਾਅ ਸੌਖੇ ਹਨ ਪਰ ਅਸੀਂ ਇਸ ਨੂੰ ਅਣਗੌਲਿਆ ਕਰ ਦਿੰਦੇ ਹਾਂ ਤੇ ਫਿਰ ਗੰਭੀਰ ਸਮੱਸਿਆ ਹੋਣ ’ਤੇ ਡਾਕਟਰ ਕੋਲ ਜਾਣਾ ਪੈਂਦਾ ਹੈ।

**ਅਸਥਮਾ-** ਜਦੋਂ ਸਰੀਰ ਵਿਚ ਪਾਣੀ ਦੀ ਕਮੀ ਹੁੰਦੀ ਹੈ ਤਾਂ ਸਾਹ ਪ੍ਰਣਾਲੀ ਵਿਚ ਸਮੱਸਿਆ ਪੈਦਾ ਹੁੰਦੀ ਹੈ, ਜਿਸ ਕਰਕੇ ਸਾਹ ਲੈਣ ਵਿਚ ਪ੍ਰੇਸ਼ਾਨੀ ਹੁੰਦੀ ਹੈ। ਜੇ ਕਿਸੇ ਵਿਅਕਤੀ ਨੂੰ ਅਸਥਮਾ ਦਾ ਅਟੈਕ ਆਇਆ ਹੋਵੇ ਜਾਂ ਆਮ ਤੌਰ ’ਤੇ ਅਟੈਕ ਆਉਂਦਾ ਹੋਵੇ ਤਾਂ ਉਸ ਵਿਅਕਤੀ ਨੂੰ ਪਾਣੀ ਵਧੇਰੇ ਪੀਣਾ ਚਾਹੀਦਾ ਹੈ।

**ਬਲੱਡ ਪ੍ਰੈਸ਼ਰ-** ਉੱਚ ਖ਼ੂਨ ਦੇ ਦਬਾਓ ਵਾਲੇ ਵਿਅਕਤੀ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਥੋੜ੍ਹਾ-ਥੋੜ੍ਹਾ ਪਾਣੀ ਜ਼ਰੂਰ ਪੀਣਾ ਚਾਹੀਂਦਾ ਹੈ।

**ਉੱਚ ਕੋਲੈਸਟ੍ਰੋਲ –** ਜਦੋਂ ਲੋੜ ਅਨੁਸਾਰ ਸਰੀਰ ਨੂੰ ਪਾਣੀ ਨਹੀਂ ਮਿਲਦਾ ਤਾਂ ਸਰੀਰ ਜ਼ਿਆਦਾ ਮਾਤਰਾ ’ਚ ਕੋਲੈਸਟ੍ਰੋਲ ਬਣਾਉਣ ਲੱਗਦਾ ਹੈ ਅਤੇ ਹਾਈ ਐੱਲਡੀਐੱਲ ਦਿਲ ਦੇ ਰੋਗ ਸਮੇਤ ਹੋਰ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਜੇ ਸਰੀਰ ਨੂੰ ਲੋੜੀਂਦਾ ਪਾਣੀ ਮਿਲਦਾ ਰਹੇ ਤਾਂ ਕੋਲੈਸਟ੍ਰੋਲ ਦੀ ਸਮੱਸਿਆ ਪੈਦਾ ਨਹੀਂ ਹੋਵੇਗੀ।

**ਪਾਚਨ ਸਬੰਧੀ ਸਮੱਸਿਆ-** ਲੋੜੀਂਦੀ ਮਾਤਰਾ ਵਿਚ ਪਾਣੀ ਨਾ ਮਿਲਣ ’ਤੇ ਸਰੀਰ ਵਿਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੀ ਕਮੀ ਹੁੰਦੀ ਹੈ, ਜਿਸ ਨਾਲ ਸਰੀਰ ਵਿਚ ਪਾਚਨ ਨਾਲ ਸਬੰਧਿਤ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ, ਜਿਵੇਂ ਅਲਸਰ, ਗੈਸ ਅਤੇ ਐਸਿਡ ਰਿਫਲੈਕਸ ਆਦਿ। ਖਾਣੇ ਨੂੰ ਪਚਾਉਣ ਲਈ ਪਾਣੀ ਦੀ ਲੋੜ ਹੁੰਦੀ ਹੈ।

**ਗੁਰਦਿਆਂ ਦੀ ਸਮੱਸਿਆ-** ਸਰੀਰ ਵਿਚ ਨਿਰੰਤਰ ਚੱਲਣ ਵਾਲੀਆਂ ਅਨੇਕਾਂ ਰਸਾਇਣਕ ਕਿਰਿਆਵਾਂ ਕਾਰਨ ਕੁਝ ਵਿਸ਼ੈਲੇ ਤੱਤਾਂ ਦਾ ਨਿਰਮਾਣ ਹੁੰਦਾ ਹੈ। ਉਨ੍ਹਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਲਈ ਪਾਣੀ ਦੀ ਲੋੜ ਹੁੰਦੀ ਹੈ। ਪਾਣੀ ਦੀ ਘਾਟ ਕਾਰਨ ਇਹ ਵਿਸ਼ੈਲੇ ਤੱਤ ਸਰੀਰ ਵਿਚ ਹੀ ਰਹਿੰਦੇ ਹਨ ਅਤੇ ਛੋਟੇ-ਛੋਟੇ ਕ੍ਰਿਸਟਲਾਂ ਦਾ ਨਿਰਮਾਣ ਕਰਦੇ ਹਨ, ਜੋ ਪੱਥਰੀ ਸਮੇਤ ਹੋਰ ਕਈ ਸਮੱਸਿਆਵਾਂ ਦਾ ਕਾਰਨ ਬਣਦੇ ਹਨ।

**ਬਚਾਅ ਤੇ ਇਲਾਜ-** ਸਭ ਤੋਂ ਪਹਿਲਾਂ ਸਰੀਰ ’ਚ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਪਾਣੀ ਤੇ ਖਣਿਜ ਦੀ ਪੂਰਤੀ ਕਰਨਾ ਜ਼ਰੂਰੀ ਹੈ, ਜਿਸ ਲਈ ਘਰੇਲੂ ਪੀਣ ਵਾਲੇ ਪਦਾਰਥ ਲਏ ਜਾ ਸਕਦੇ ਹਨ। ਕੱਚੇ ਦੁੱਧ ਦੀ ਪਤਲੀ ਲੱਸੀ, ਸ਼ਿਕੰਜਵੀ, ਨਾਰੀਅਲ ਪਾਣੀ, ਬੇਲ ਦਾ ਸ਼ਰਬਤ, ਲੱਸੀ, ਓਆਰਐੱਸ ਦਾ ਘੋਲ ਥੋੜ੍ਹੀ-ਥੋੜ੍ਹੀ ਦੇਰ ਬਾਅਦ ਲੈਂਦੇ ਰਹਿਣਾ ਚਾਹੀਦਾ ਹੈ। ਜ਼ਿਆਦਾ ਧੁੱਪ ਵਿਚ ਨਿਕਲਣ ਤੋਂ ਪਰਹੇਜ਼ ਕੀਤਾ ਜਾਵੇ। ਜੇ ਬਹੁਤ ਜ਼ਰੂਰੀ ਕੰਮ ਲਈ ਜਾਣਾ ਵੀ ਹੋਵੇ ਤਾਂ ਸਿੱਧੇ ਰੂਪ ਵਿਚ ਧੁੱਪ ਦੇ ਸੰਪਰਕ ’ਚ ਆਉਣ ਤੋਂ ਬਚਿਆ ਜਾਵੇ ਅਤੇ ਛੱਤਰੀ ਆਦਿ ਦੀ ਵਰਤੋਂ ਕੀਤੀ ਜਾਵੇ। ਘਰੋਂ ਬਾਹਰ ਨਿਕਲ ਕੇ ਕਰਨ ਵਾਲੇ ਕੰਮਾਂ ਨੂੰ ਸਵੇਰੇ ਜਾਂ ਸ਼ਾਮ ਵੇਲੇ ਕਰਨ ਨੂੰ ਤਰਜੀਹ ਦਿੱਤੀ ਜਾਵੇ। ਬੱਚਿਆਂ ਤੇ ਬਜ਼ੁਰਗਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ। ਪਾਣੀ ਨਾਲ ਭਰਪੂਰ ਮੌਸਮੀ ਫਲਾਂ, ਜਿਵੇਂ ਤਰਬੂਜ਼, ਖਰਬੂਜ਼ਾ ਤੋਂ ਇਲਾਵਾ ਸਲਾਦ ਨੂੰ ਆਪਣੀ ਰੋਜ਼ਾਨਾ ਖ਼ੁਰਾਕ ’ਚ ਸ਼ਾਮਿਲ ਕੀਤਾ ਜਾਵੇ। ਗੰਭੀਰ ਹਾਲਤ ’ਚ ਵਿਚ ਡਾਕਟਰੀ ਸਲਾਹ ਲਈ ਜਾਵੇ।

– ਨਰਿੰਦਰ ਪਾਲ ਸਿੰਘ

# ਵੱਧਦੀ ਬਲੱਡ ਸ਼ੂਗਰ ਨੂੰ ਕੰਟਰੋਲ ਕਰਨਗੀਆਂ ਇਹ ਪੱਤੀਆਂ

ਤੇਜ਼ੀ ਨਾਲ ਬਦਲਦੀ ਜੀਵਨਸ਼ੈਲੀ ਕਾਰਨ ਅੱਜ-ਕੱਲ੍ਹ ਲੋਕ ਕਈ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਡਾਇਬਟੀਜ਼ ਇਨ੍ਹਾਂ ਸਮੱਸਿਆਵਾਂ ਵਿੱਚੋਂ ਇੱਕ ਹੈ, ਜਿਸ ਤੋਂ ਬਹੁਤ ਸਾਰੇ ਲੋਕ ਪੀੜਤ ਹਨ। ਇਹ ਬਿਮਾਰੀ ਵਿਸ਼ਵ ਭਰ ਵਿਚ ਚਿੰਤਾ ਦਾ ਵਿਸ਼ਾ ਬਣ ਗਈ ਹੈ। ਖ਼ਾਸ ਤੌਰ 'ਤੇ ਭਾਰਤ ਵਿਚ ਹਾਲ ਹੀ 'ਚ ਇਸ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸ਼ੂਗਰ ਲਾਇਲਾਜ ਬਿਮਾਰੀ ਹੈ, ਜਿਸ ਨੂੰ ਅਕਸਰ ਦਵਾਈਆਂ ਅਤੇ ਜੀਵਨਸ਼ੈਲੀ ਵਿੱਚ ਕੁਝ ਤਬਦੀਲੀਆਂ ਦੀ ਮਦਦ ਨਾਲ ਕੰਟਰੋਲ ਕੀਤਾ ਜਾਂਦਾ ਹੈ।



ਇਸ ਬਿਮਾਰੀ ਵਿਚ ਤੁਹਾਨੂੰ ਆਪਣੇ ਬਲੱਡ ਸ਼ੂਗਰ ਦੇ ਪੱਧਰ 'ਤੇ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਬਲੱਡ ਸ਼ੂਗਰ ਦੇ ਪੱਧਰ ਵਿਚ ਗੜਬੜੀ ਇਸ ਬਿਮਾਰੀ ਨੂੰ ਹੋਰ ਵਿਗਾੜ ਸਕਦੀ ਹੈ। ਤੁਸੀਂ ਕੁਝ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਮਦਦ ਨਾਲ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰ ਸਕਦੇ ਹੋ ਪਰ ਇਸ ਤੋਂ ਇਲਾਵਾ ਤੁਸੀਂ ਕੁਝ ਪੱਤੀਆਂ ਦੀ ਮਦਦ ਨਾਲ ਆਪਣੇ ਬਲੱਡ ਸ਼ੂਗਰ ਦੇ ਪੱਧਰ ਨੂੰ ਵੀ ਕੰਟਰੋਲ ਕਰ ਸਕਦੇ ਹੋ।

**ਕੜੀ ਪੱਤਾ-** ਕੜ੍ਹੀ ਪੱਤੇ ਦੀ ਵਰਤੋਂ ਆਮ ਤੌਰ 'ਤੇ ਭੋਜਨ ਦਾ ਸੁਆਦ ਵਧਾਉਣ ਲਈ ਕੀਤੀ ਜਾਂਦੀ ਹੈ। ਹਾਲਾਂਕਿ ਇਹ ਸਿਹਤ ਲਈ ਕਈ ਫਾਇਦੇ ਵੀ ਪ੍ਰਦਾਨ ਕਰਦਾ ਹੈ। ਇਸ ਨੂੰ ਆਪਣੀ ਡਾਈਟ 'ਚ ਸ਼ਾਮਿਲ ਕਰਨ ਨਾਲ ਬਲੱਡ ਸ਼ੂਗਰ ਤੇ ਕੋਲੈਸਟ੍ਰੋਲ ਦੇ ਪੱਧਰ ਨੂੰ ਕੰਟਰੋਲ ਕਰਨ 'ਚ ਮਦਦ ਮਿਲਦੀ ਹੈ।


**ਕਰੇਲੇ ਦੀਆਂ ਪੱਤੀਆਂ-** ਕਰੇਲਾ ਕਈ ਗੁਣਾਂ ਦਾ ਭੰਡਾਰ ਹੈ, ਸਵਾਦ 'ਚ ਕੌੜਾ ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਦੇ ਪੱਤੇ ਸਿਹਤ ਨੂੰ ਕਈ ਤਰੀਕਿਆਂ ਨਾਲ ਫਾਇਦੇਮੰਦ ਵੀ ਹੁੰਦੇ ਹਨ। ਇਨ੍ਹਾਂ 'ਚ ਬਲੱਡ ਸ਼ੂਗਰ ਲੈਵਲ ਨੂੰ ਘੱਟ ਕਰਨ ਦੀ ਸਮਰੱਥਾ ਹੁੰਦੀ ਹੈ।

**ਪੁਦੀਨਾ-** ਮੈਂਗਨੀਜ਼, ਆਇਰਨ, ਫੋਲੇਟ ਅਤੇ ਵਿਟਾਮਿਨ-ਏ ਨਾਲ ਭਰਪੂਰ ਪੁਦੀਨੇ ਦੇ ਪੱਤੇ ਵੀ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਸਰੀਰ ਨੂੰ ਠੰਢਕ ਪ੍ਰਦਾਨ ਕਰਨ ਦੇ ਨਾਲ-ਨਾਲ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿਚ ਵੀ ਮਦਦ ਕਰ ਸਕਦਾ ਹੈ।

**ਪਾਲਕ-** ਆਇਰਨ ਤੇ ਫਾਈਬਰ ਨਾਲ ਭਰਪੂਰ ਪਾਲਕ ਸਿਹਤ ਨੂੰ ਕਈ ਫਾਇਦੇ ਦਿੰਦੀ ਹੈ। ਇਸ ਨੂੰ ਆਪਣੀ ਖ਼ੁਰਾਕ 'ਚ ਸ਼ਾਮਿਲ ਕਰਨ ਨਾਲ ਨਾ ਸਿਰਫ ਆਇਰਨ ਦੀ ਕਮੀ ਦੂਰ ਹੁੰਦੀ ਹੈ ਸਗੋਂ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ ਲਈ ਵੀ ਵਧੀਆ ਬਦਲ ਹੈ।

**ਨਿੰਮ ਦੀਆਂ ਪੱਤੀਆਂ-** ਜੇ ਤੁਸੀਂ ਵੀ ਸ਼ੂਗਰ ਦੇ ਮਰੀਜ਼ ਹੋ ਤਾਂ ਨਿੰਮ ਦੀਆਂ ਪੱਤੀਆਂ ਤੁਹਾਡੀ ਸਿਹਤ ਲਈ ਬਹੁਤ ਫਾਇਦੇਮੰਦ ਸਾਬਿਤ ਹੋਣਗੀਆਂ। ਇਹ ਆਮ ਬਲੱਡ ਸ਼ੂਗਰ ਦੇ ਪੱਧਰਾਂ ਨੂੰ ਬਣਾਈ ਰੱਖਣ ਵਿਚ ਮਦਦ ਕਰਦੀਆਂ ਹਨ।

**ਅਸ਼ਵਗੰਧਾ-** ਅਸ਼ਵਗੰਧਾ ਨੂੰ ਸਦੀਆਂ ਤੋਂ ਆਯੁਰਵੇਦ ਵਿਚ ਕਈ ਸਮੱਸਿਆਵਾਂ ਦੇ ਹੱਲ ਵਜੋਂ ਮੰਨਿਆ ਜਾਂਦਾ ਰਿਹਾ ਹੈ। ਇਹ ਇਕ ਜੜ੍ਹੀ ਬੂਟੀ ਹੈ, ਜਿਸ ਨੂੰ ਇੰਡੀਅਨ ਜਿਨਸੇਂਗ ਵੀ ਕਿਹਾ ਜਾਂਦਾ ਹੈ ਅਤੇ ਇਹ ਟਾਈਪ 2 ਸ਼ੂਗਰ ਵਾਲੇ ਲੋਕਾਂ ਲਈ ਬਹੁਤ ਲਾਭਦਾਇਕ ਹੈ।






Tanjit Manmit

ਵੱਲੋਂ ▶ Quik Signs

E-mail: tanjit5020@yahoo.com
manmit5020@yahoo.com
visit us at : www.quiksigns.us

ਸਿਹਤ ਨਰੋਈ ਸਭ ਨੂੰ ਦੇ ਕੇ, ਲੰਬੀ ਉਮਰ ਕਰੀਂ ।
ਕਿਰਤੀ ਕਾਮੇ, ਹਾਲੀ, ਪਾਲੀ ਖੁਸ਼ ਵਸਣ ਸਭ ਘਰੋਂ ਘਰੀਂ ।
ਸੁਖੀ ਵਸਣ ਸਭ ਦੁਨੀਆਂ ਵਾਲੇ, ਬੋਝੇ ਖੁਸ਼ੀਂ ਭਰੀਂ ।
ਅਗਿਆਨਤਾ ਨੂੰ ਦੂਰ ਭਜਾ ਕੇ, ਫਿਜ਼ਾ ਵਿੱਚ ਗਿਆਨ ਕਰੀਂ ।
ਬੰਦਾ ਬੰਦੇ ਨੂੰ ਪਹਿਚਾਣੇ , ਐਸੀ ਮਿਹਰ ਕਰੀਂ ।
ਹਰ ਘਰ ਵਿੱਚ ਖੁਸ਼ਹਾਲੀ ਵਰਤਾ ਕੇ, ਸਭ ਦੇ ਬੋਝੇ ਭਰੀਂ ।
ਹਰ ਘਰ ਵਿੱਚ ਤੂੰ ਸੁਖ ਵਰਤਾ ਕੇ, ਰਹਿਮੋ ਰਹਿਮ ਕਰੀਂ ।
ਭੁੱਖਾ ਨਾ ਕੋਈ ਰਾਤ ਨੂੰ ਸੌਂਵੇਂ, ਐਸਾ ਕਰਮ ਕਰੀਂ ।
ਤੰਗੀ ਤੁਰਸ਼ੀ ਦੂਰ ਭਜਾਵੀਂ, ਸਭਦੀ ਬਾਂਹ ਫੜੀਂ ।
ਵਿਦਿਆ ਤੋਂ ਨਾ ਕੋਈ ਵਾਂਝਾ ਰਹੇ, ਐਸੀ ਮਿਹਰ ਕਰੀਂ ।

ਨਵੇਂ ਵਰ੍ਹੇ ਵਿੱਚ ਮੇਰਿਆ ਰੱਬਾ, ਸਭ ਤੇ ਮਿਹਰ ਕਰੀਂ

ਹਰ ਤਰ੍ਹਾਂ ਦੇ ਸਟੋਰਾਂ ਦੇ ਸਾਈਨ, ਟਰੱਕਾਂ ਦੇ ਸਾਈਨ, ਬੈਨਰ, ਫੁੱਲ ਕਲਰ ਪੋਸਟਰ, ਵਿਆਹ ਦੇ ਕਾਰਡ, ਬਿਜ਼ਨਸ ਕਾਰਡ, ਮੈਗਨੈਟਿਕ ਸਾਈਨ, ਫਲਾਇਰਜ਼, ਰੈਸਟੋਰੈਂਟਾਂ ਦੇ ਮੈਨਿਊ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਕਾਲ ਕਰੋ

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

ਸੰਪਰਕ ਕਰੋ: 661.703.8795, 661.900.7357

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

UNIVERSAL TIRE HUB
BAKERSFIELD, CA

TRUCK & TRAILER TIRES

ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ ।

ਫੋਨ : 661.735.0001
ਫੋਨ : 661.735.0002




BEST PRICE IN CALIFORNIA

2309 S UNION AVE,
BAKERSFIELD, CA 93307
info@universaltirehub.com

WE ACCEPT BULK ORDERS AND CONTAINER SHIPMENTS

HUBTRAC TYRES · AvanTech · ROADX TYRE · Firestone · AEOLUS · PIRELLI · BRIDGESTONE